INTERNATIONAL MAGAZINE


20/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

ਜਨਵਰੀ (January) 2011

*Monthly Issue "Atam Marg"*



ਸਰਬੰਸਦਾਨੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਸਾਲ ਸੋਲਵਾਂ, ਮਹੀਨਾ ਜਨਵਰੀ 2011

ਫਾਉਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

Postal Address for 'ATAM MARG' Enquiry, Money Order, Cheque and drafts in India :

**ATAM MARG MAG. VISHAV G. R. M. CHARITABLE TRUST,** Ratwara sahib, P.o. Mullanpur Garibdas, Distt. Mohali - 140901

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque and drafts from foreign to :

**VISHAV GURMAT ROOHANI MISSION CHARITABLE TRUST**

Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.

**Exemption U/S 80-G upto 31.03.2012 vide L. No. CIT-II/CHD/80G/TECH/245/2008-09/823**

**Registration Under Foreign Contribution (Regulation) Act 1976 R.No. 115320023**

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

**Head Office INDIA - (M) 94172-14391, 9417214379**
**0160-2255002, Fax - 0160-2255009**

**U.S.A. - Baba Satnam Singh ji Atwal**
Phone and Fax : 408-263-1844

**Bhai Kuldeep Singh Sher Gill**
Phone : 408-230-8319

**Canada - Bhai Sarmukh Singh Pannu**
Phone - 604-433-0408

**Bhai Parmjit Singh Sandhu** Cell - 07788389135

**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**For more information please visit us on internet at:-**

**Email : atammarg1@yahoo.co.in**
http:# www.ratwarasahib.org, http # www.ratwarasahibmedia.org

## ਤਤਕਰਾ

| | | |
|---|---|---|
| 1. | ਸੰਪਾਦਕੀ | 2 |
| 2. | ਮਾਘਿ | 3 |
| 3. | ਸ਼ਹੀਦੀ ਸਾਕਾ | 12 |
| 4. | ਭਾਈ ਲਾਲੂ, ਭਾਈ ਦੁਰਗਾ ਤੇ ਭਾਈ ਜਵੰਦਾ | 19 |
| 5. | ਬਾਂਧੇ ਭਗਤੁ ਨ ਛੂਟੈ ਮੋਹਿ | 25 |
| 6. | ਸੁਰਤਿ ਸਬਦਿ ਮਾਰਗ | 46 |
| 7. | ਅਰਦਾਸ ਸ਼ਕਤੀ | 53 |
| 8. | ਸਤਵੰਤ ਕੌਰ | 57 |
| 9. | ਮਾਰਗ ਚੋਣ | 61 |
| 10. | ਸਿਹਤ ਰੱਖਿਆ ਗਿਆਨ | 63 |

### ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਆਤਮ ਮਾਰਗ ਮੈਗਜ਼ੀਨ - | 9417214391, 79 |
| ਰਤਵਾੜਾ ਸਾਹਿਬ - | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - | 9417214386 |
| ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ - | 0172-2266315, 9417214381 |
| ਬੀ. ਐਡ ਕਾਲਜ | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |
| ਜਰਨਲ | 9417214384 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

# ਸੰਪਾਦਕੀ

ਆਤਮ ਮਾਰਗ ਦੇ ਸੰਚਾਲਕ ਧੰਨ ਧੰਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਸਾਡੇ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਭਲੇ ਵਾਸਤੇ ਰੂਹਾਨੀਅਤ ਦੇ ਅਸਲੀ ਰਾਹ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਝੇ ਸਿਧਾਂਤ ਸਰਲ ਬੋਲੀ ਵਿੱਚ ਸਮਝਣ ਲਈ ਆਤਮ ਮਾਰਗ ਮੈਗਜੀਨ ਰਿਲੀਜ ਕੀਤਾ ਹੈ। ਆਪ ਜੀ ਨੇ ਬਚਨ ਕੀਤਾ ਕਿ ਜਿਸ ਘਰ ਵਿੱਚ ਵੀ 'ਆਤਮ ਮਾਰਗ ਮੈਗਜੀਨ ਜਾਵੇਗਾ ਉਸ ਘਰ ਅੰਦਰ ਕਲ੍ਹ ਕਲੇਸ਼ ਦਾ ਨਬੇੜਾ ਹੋ ਕੇ ਸੁਖਸ਼ਾਂਤੀ ਦਾ ਵਰਤਾਰਾ ਹੋ ਜਾਵੇਗਾ। ਅੱਜ ਆਤਮ ਮਾਰਗ ਮੈਗਜੀਨ ਨੇ ਧਾਰਮਿਕ ਜਗਤ ਅੰਦਰ ਆਪਣਾ ਨਵੇਕਲਾ ਅਸਥਾਨ ਕਾਇਮ ਕਰ ਲਿਆ ਹੈ। ਵਿਸਾਖੀ ਦੇ ਸ਼ੁਭ ਦਿਹਾੜੇ ਅਪ੍ਰੈਲ 1995 ਵਿੱਚ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਇਸ ਪਤ੍ਰਿਕਾ ਦੀ ਸ਼ੁਰੂਆਤ ਆਪਣੇ ਜੀਵਨ ਸਾਥੀ ਮੌਜੂਦਾ ਟਰਸਟ ਦੇ ਚੇਅਰਪਸਨ ਸੰਤ ਮਾਤਾ ਰਣਜੀਤ ਕੌਰ ਜੀ ਤੋਂ ਕਰਵਾਈ ਸੀ। ਅਪ੍ਰੈਲ 2011 ਵਿੱਚ 16 ਸਾਲ ਦਾ ਸਮਾਂ ਪੂਰਾ ਕਰਦਾ ਹੋਇਆ ਇਹ ਮੈਗਜੀਨ 17ਵੇਂ ਸਾਲ ਵਿੱਚ ਪ੍ਰਵੇਸ਼ ਕਰ ਜਾਵੇਗਾ। ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲਾ ਹਰ ਪ੍ਰੇਮੀ ਜੋ ਆਤਮ ਮਾਰਗ ਮੈਗਜੀਨ ਪੜ੍ਹਦਾ ਹੈ ਉਸ ਨੂੰ ਅੱਜ ਰੂਹਾਨੀਅਤ ਦੀ ਪੂਰੀ ਸੋਝੀ ਆ ਗਈ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਮੁਤਾਬਿਕ ਆਪਣਾ ਜੀਵਨ ਢਾਲ ਰਹੇ ਹਨ। ਦੇਸ਼ਾਂ ਵਿਦੇਸ਼ਾਂ ਅੰਦਰ ਮਹਾਂਪੁਰਖਾਂ ਦੇ ਪਿਆਰ ਵਾਲੀਆਂ ਸੰਗਤਾਂ ਆਤਮ ਮਾਰਗ ਦੀ ਅਗੇ ਸਾਂਝ ਪਾ ਰਹੀਆਂ ਹਨ। ਤਨੋ ਮਨੋ ਇਸ ਲੰਗਰ ਵਿੱਚ ਹਿੱਸਾ ਪਾ ਕੇ ਆਪਣੀ ਕਮਾਈ ਸਫਲ ਕਰ ਰਹੀਆਂ ਹਨ।

ਟਰਸਟ ਵੱਲੋਂ ਅਨੇਕਾਂ ਕਾਰਜ ਜਨ ਸਮੂੰਹ ਦੇ ਭਲੇ ਵਾਸਤੇ ਚਲਾਏ ਜਾ ਰਹੇ। ਸਾਡੀ ਅਉਣ ਵਾਲੀ ਪਨੀਰੀ ਬੱਚਿਆਂ ਵਾਸਤੇ ਬਹੁਤ ਪਿਆਰਾ ਰਤਵਾੜਾ ਸਾਹਿਬ ਦੇ ਪਵਿੱਤਰ ਵਾਤਾਵਰਣ ਅੰਦਰ ਸਕੂਲ ਚਲਾਏ ਜਾ ਰਹੇ ਹਨ ਜਿਥੇ ਕਿੰਨੇ ਹੀ ਮੌਲਸਰੀ, ਆਮਲਾ, ਬਹੇੜਾ, ਨਿੰਮ, ਬਰੋਟਾ, ਪਿੱਪਲ ਵਰਗੇ ਦਰਖਤ ਲਗੇ ਹੋਏ ਆਕਸੀਜਨ ਨੂੰ ਸ਼ੁਧ ਕਰਦੇ ਹਨ। ਗੁਰਬਾਣੀ ਦੀਆਂ ਧੁੰਨਾਂ ਗੁੰਜਦੀਆਂ ਹਨ ਟਰਸਟ ਦੇ ਬਾਨੀ ਮਹਾਂਪੁਰਖਾਂ ਦੀ ਚਰਨਸ਼ੋਹ ਪ੍ਰਾਪਤ ਧਰਤੀ ਰਤਵਾੜਾ ਸਾਹਿਬ ਉਤੇ 'ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ' ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਅਪ੍ਰੈਲ 2001 ਵਿੱਚ ਸ਼ੁਰੂ ਕੀਤਾ ਸੀ ਜਿਹੜਾ ਕਿ ਅੱਜ ਪੂਰੀ ਚੜ੍ਹਦੀ ਕਲਾ ਵਿੱਚ ਜਾ ਰਿਹਾ ਹੈ। ਰਤਵਾੜਾ ਸਾਹਿਬ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚੇ ਔਖੇ ਤੋਂ ਔਖੇ ਵਿਸ਼ਿਆਂ ਵਿੱਚ 95% ਤੋਂ 100% ਤੱਕ ਨੰਬਰ ਲੈ ਰਹੇ ਹਨ। ਪਰਮ ਸਤਿਕਾਰਯੋਗ ਬੀਜੀ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦਾ ਅਸ਼ੀਰਵਾਦ ਪ੍ਰਾਪਤ ਕਰ ਰਹੇ ਹਨ।

ਟਰਸਟ ਦੇ ਬਾਨੀ ਮਹਾਂਪੁਰਖਾਂ ਨੇ ਆਪਣੇ ਸਮੇਂ ਤੋਂ ਕੁਦਰਤੀ ਆਫਤਾਂ ਆਉਣ ਸਮੇਂ ਸੇਵਾ ਕਰਨ ਦੀ ਪ੍ਰਾਪਟੀ ਅਰੰਭ ਕਰ ਦਿਤੀ ਸੀ । 1993-94 ਅੰਦਰ ਪਟਿਆਲੇ ਇਲਾਕੇ ਅੰਦਰ ਹੜ੍ਹਾਂ ਨੇ ਤਬਾਹੀ ਕੀਤੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਆਪ ਜਾ ਕੇ ਉਨ੍ਹਾਂ ਦੀ ਸਾਰ ਲਈ, 2001 ਵਿੱਚ ਗੁਜਰਾਤ ਦੇ ਭੁਜ ਇਲਾਕੇ ਅੰਦਰ ਕਰੋੜਾਂ ਰੁਪਏ ਦੀ ਸਮੱਗਰੀ ਟਰਸਟ ਵੱਲੋਂ ਪ੍ਰਦਾਨ ਕੀਤੀ ਗਈ। ਇਸ ਪ੍ਰਾਪਟੀ ਨੂੰ ਅੱਗੇ ਤੋਰ ਰਹੇ ਹਨ ਪਰਮ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਸੰਤ ਬਾਬਾ ਹਰਪਾਲ ਸਿੰਘ ਜੀ ਜਿੰਨ੍ਹਾਂ ਦੀ ਅਗਵਾਈ ਹੇਠ ਤਾਮਿਲਨੁਡੂ ਵਿਖੇ ਸੁਨਾਮੀ ਲਹਿਰਾਂ ਤੋਂ ਪੀੜਤ ਲੋਕਾਂ ਕੋਲ ਦਿਸੰਬਰ 2004 ਵਿੱਚ ਸੈਂਕੜੇ ਵਲੰਟੀਅਰ ਪਹੁੰਚੇ ਅਤੇ ਨਗਾਪਟਨਮ ਦੇ ਪੁੰਪਹਾਰ ਪਿੰਡ ਵਿੱਚ ਸਮੁੰਦਰ ਦੇ ਕੰਢੇ ਲਗਾਤਾਰ 2 ਮਹੀਨੇ ਗੁਰੂ ਕੇ ਲੰਗਰ ਵਰਤਦੇ ਰਹੇ ਲੋੜ ਵੰਦਾਂ ਦੀ ਹਰ ਪੱਖ ਤੋਂ ਸਹਾਇਤਾ ਕੀਤੀ ਗਈ। ਇਸੇ ਤਰਾਂ ਜੰਮੂ ਕਸ਼ਮੀਰ ਵਿੱਚ ਭੁਚਾਲ ਪੀੜਤਾਂ ਦੀ ਸੇਵਾ ਕੀਤੀ ਗਈ। ਹੁਣੇ ਹੀ ਯੂ.ਪੀ. ਦੇ ਅਫਜਲੜ੍ਹ ਇਲਾਕੇ ਅੰਦਰ ਹੜ੍ਹਾਂ ਸਮੇਂ ਆਪ ਪਹੁੰਚੇ ਅਤੇ ਪੀੜਤ ਲੋਕਾਂ ਦੀ ਸਾਰ ਲਈ ਗੁਰੂ ਕੇ ਲੰਗਰ ਚਲਾਏ ਗਏ ਰਤਵਾੜਾ ਸਾਹਿਬ ਵੱਲੋਂ ਹਰ ਤਰ੍ਹਾਂ ਦੀ ਸੇਵਾ ਕੀਤੀ ਗਈ । ਜਿੱਥੇ ਵੀ ਕੋਈ ਕੁਦਰਤੀ ਆਫਤ ਆਉਂਦੀ ਹੈ ਤਾਂ ਇਸ ਸੰਸਥਾ ਦੇ ਸੇਵਾਦਾਰਾਂ ਵੱਲੋਂ ਪੂਰਾ ਪੂਰਾ ਯੋਗਦਾਨ ਪਾ ਕੇ ਸੰਗਤਾਂ ਦੀ ਸੇਵਾ ਕੀਤੀ ਜਾਂਦੀ ਹੈ।

ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਪਾਲ ਸਿੰਘ ਜੀ 'ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਨੌਵੀ ਬਰਸੀ ਰਤਵਾੜਾ ਸਾਹਿਬ ਮਨਾਉਣ ਤੋਂ ਬਾਅਦ ਲਗਾਤਾਰ ਵਿਦੇਸ਼ਾਂ ਅੰਦਰ ਜਥੇ ਸਮੇਤ ਆਤਮ ਮਾਰਗ ਮੈਗਜੀਨ ਦੀ ਸਾਂਝ ਪਾ ਰਹੇ ਹਨ ਪਿਆਰ ਵਾਲੀਆਂ ਸੰਗਤਾਂ ਮਹਾਂਪੁਰਖਾਂ ਦੀ ਸੰਗਤ ਤੋਂ ਸ਼ੋਭਤ ਤੋਂ ਸ਼ੋਹਰਤ ਪੂਰਾ ਪੂਰਾ ਲਾਹਾ ਪ੍ਰਾਪਤ ਕਰਕੇ ਆਪਣਾ ਜੀਵਨ ਸਫਲ ਕਰ ਰਹੀਆਂ ਹਨ।

ਆਤਮ ਮਾਰਗ ਦੇ ਸਮੂੰਹ ਪਾਠਕਾਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ ਆਪ ਜੀ ਦਾ ਇਹ ਨਵਾਂ ਸਾਲ ਖੁਸ਼ੀਆਂ ਭਰਿਆ ਆਵੇ। ਪਰਮ ਸਤਿਕਾਰਯੋਗ ਬੀਜੀ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਅਸੀਸਾਂ ਦੇ ਰਹੇ ਹਨ। ਆਪ ਜੀ ਦੇ ਕਾਰੋਬਾਰ ਵਧਣ ਬਿਘਨਾਂ ਦੇ ਨਾਸ਼ ਹੋ ਕੇ ਧਰਮ ਦਾ ਪ੍ਰਕਾਸ਼ ਹੋਵੇ।

ਆਪਣਾ ਨੈਤਿਕ ਫਰਜ ਬਣ ਜਾਂਦਾ ਹੈ ਮਹਾਂਪੁਰਖਾਂ ਦੇ ਬਚਨਾਂ ਤੇ ਪੂਰਾ-ਪੂਰਾ ਪਹਿਰਾ ਦਿੰਦੇ ਹੋਏ 'ਆਤਮ ਮਾਰਗ' ਮੈਗਜੀਨ ਦੇ ਮੈਂਬਰ ਬਣਾ ਕੇ ਗੁਰ-ਸ਼ਬਦ ਲੰਗਰ ਅੰਦਰ ਵਧ ਚੜ੍ਹ ਕੇ ਯੋਗਦਾਨ ਪਾਈਏ ਅਤੇ ਗੁਰੂ ਘਰ ਦੀਆਂ ਮਹਾਂਪੁਰਖਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹੀਏ।

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਿਹ**

# ਮਾਘਿ ਦੀ ਸੰਗਰਾਂਦ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਰਾਖੋ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ਜੀ।*
*ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ੧ ॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥ ੧ ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ ੨ ॥*
*ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥*
*ਅੰਗ - ੬੭੪*

*ਧਾਰਨਾ - ਮਾਘਿ ਮਜਨ ਸੰਗ ਸਾਧੂਆਂ,*
*ਧੂੜੀ ਕਰ ਇਸ਼ਨਾਨ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਮੌਸਮ ਦੇ ਹਿਸਾਬ ਨਾਲ ਅੱਜ ਦਾ ਜੋ ਦਿਨ ਹੈ ਇਹ ਬਨਸਪਤੀ ਵਿਚ, ਜੀਵਨ ਵਿੱਚ, ਵਾਤਾਵਰਣ ਵਿੱਚ, ਇੱਕ ਬਹੁਤ ਹੀ ਮਹੱਤਵਪੂਰਨ ਆਪਣਾ ਅਸਥਾਨ ਰਖਦਾ ਹੈ। ਪੋਹ ਦੇ ਜੋ ਤੁਖਾਰ ਸੀ, ਠੰਢ ਸੀ, ਕੱਕਰ ਸੀ, ਧਰਤੀ ਦਾ ਜੋ ਸੂਰਜ ਦੇ ਨਾਲ ਸਬੰਧ ਸੀ ਇਹ ਥੋੜ੍ਹਾ ਰੁੱਖ ਬਦਲਿਆ ਹੈ। ਦਿਨ ਵੱਡੇ ਹੋਏ ਨੇ, ਸੂਰਜ ਦੀ ਨਿੱਘ ਵਧਣ ਲੱਗੀ ਹੈ। ਜਿੰਨੇ ਬੂਟੇ ਨੇ ਇਨ੍ਹਾਂ ਦੇ ਵਿੱਚ ਨਵੀਂ ਜ਼ਿੰਦਗੀ ਆ ਰਹੀ ਹੈ, ਫਸਲਾਂ ਵਿੱਚ ਨਵੀਂ ਜ਼ਿੰਦਗੀ ਪੈਦਾ ਕਰਨ ਵਾਲਾ ਇਹ ਮਹੀਨਾ ਹੈ। ਮਾਘ ਦੇ ਮਹੀਨੇ ਦੇ ਅੰਦਰ ਜੇ ਅਸੀਂ ਦਰਖਤ ਲਾਉਂਦੇ ਹਾਂ ਉਹਦੀਆਂ ਜੜ੍ਹਾਂ ਛੇਤੀ ਲੱਗ ਜਾਂਦੀਆਂ ਨੇ। ਸੋ ਇਹ ਮਹੀਨਾ ਬਾਰ੍ਹਾਂ ਮਹੀਨਿਆਂ 'ਚ ਐਸਾ ਮਹੀਨਾ ਗਿਣਿਆ ਗਿਆ ਹੈ, ਤਾਰੇ-ਸਿਤਾਰੇ, ਨਖੱਤ੍ਰਾਂ ਦੇ ਹਿਸਾਬ ਦੇ ਵਿਚ ਕਿ ਇਹਦੇ ਵਿਚ ਕੀਤਾ ਹੋਇਆ ਕੰਮ ਬਹੁਤ ਜ਼ਿਆਦਾ ਫਲ ਦਿੰਦਾ ਹੈ। ਇਸ ਕਰਕੇ ਸਾਡੀ ਜੋ ਪੁਰਾਣੀ ਸੰਸਕ੍ਰਿਤੀ ਹੈ। ਉਹਦੇ ਵਿੱਚ ਨਿਸ਼ਚੇਪੂਰਵਕ ਇਹ ਕਿਹਾ ਜਾਂਦਾ ਸੀ ਕਿ ਮਾਘ ਦਾ ਮਹੀਨਾ ਆ ਗਿਆ, ਬੇਰ ਲੱਗਣੇ ਸ਼ੁਰੂ ਹੋ ਗਏ, ਆਦਮੀਆਂ ਦੇ ਮਨਾਂ ਵਿੱਚ ਪਿਆਰ ਦੀ ਰੌ ਰੁਮਕੀ, ਪਸ਼ੂ-ਪੰਛੀਆਂ ਨੂੰ ਨਵਾਂ ਜੀਵਨ ਪ੍ਰਾਪਤ ਹੋਇਆ। ਜਿਨ੍ਹਾਂ ਨੇ ਹੁਣ ਤੱਕ ਭਜਨ ਨਹੀਂ ਕਰਿਆ ਜੇ ਉਹ ਹੁਣ ਕਰਨ ਲਗ ਜਾਣ ਤਾਂ ਬਹੁਤ ਜ਼ਿਆਦਾ ਫਲ ਹੈ। ਐਸਾ ਕੋਈ ਹਿਸਾਬ ਹੈ ਜਿਹੜਾ ਸਾਡੇ ਪਿਛਲੇ ਸਾਡੇ ਬਜ਼ੁਰਗਾਂ ਦਾ ਕੱਢਿਆ ਹੋਇਆ ਸੀ। ਦਾਨ-ਪੁੰਨ ਕੀਤਾ ਹੋਇਆ ਹਜ਼ਾਰਾਂ ਗੁਣਾਂ ਫਲ ਦਿੰਦਾ ਹੈ। ਭਜਨ ਕੀਤਾ ਹੋਇਆ ਹਜ਼ਾਰਾਂ ਗੁਣਾਂ ਫਲ ਦਿੰਦਾ ਹੈ। ਅਣਜਾਣ ਤੋਂ ਅਣਜਾਣ ਆਦਮੀ ਦੇ ਮਨ ਵਿਚ ਹੁੰਦਾ ਹੈ ਕਿ ਚਲੋ ਗਿਆਰ੍ਹਾਂ ਮਹੀਨੇ ਤਾਂ ਭਜਨ ਨਹੀਂ ਹੋਇਆ ਇਸ ਮਹੀਨੇ ਵਿਚ ਦ੍ਰਿੜ੍ਹਤਾ ਦੇ ਨਾਲ ਭਜਨ ਕਰ ਲਈਏ।

ਮੇਰੇ ਕੋਲ ਵੀ ਭਾਈ ਆਉਂਦੇ ਨੇ, ਸ਼ੌਂਕ ਵਾਲੇ, ਬੀਬੀਆਂ ਆਉਂਦੀਆਂ ਨੇ ਕਿ ਬਾਬਾ ਜੀ! ਸਾਨੂੰ ਦੱਸੋ। ਸਾਨੂੰ ਹੁਕਮ ਕਰ ਦਿਓ ਕਿ ਅਸੀਂ ਇਹ ਇੱਕ ਮਹੀਨਾ ਪੂਰੀ ਤਰ੍ਹਾਂ ਦੇ ਨਾਲ ਪ੍ਰਮੇਸ਼ਰ ਦੇ ਵਲ ਲਾਉਣਾ ਚਾਹੁੰਦੇ ਹਾਂ। ਮੈਂ ਕਿਹਾ, ਠੀਕ ਹੈ ਜੇ ਤੁਹਾਡੇ ਮਨ ਵਿੱਚ ਇਹ ਲਗਨ ਹੈ, ਭਜਨ ਕਰੋ, ਅੰਮ੍ਰਿਤ ਵੇਲੇ ਉਠੋ ਇਸ਼ਨਾਨ ਕਰੋ। ਓਨੀਂ ਤਾਕਤ ਹੁਣ ਸਾਡੇ ਵਿੱਚ ਨਹੀਂ ਹੈ ਜਿੰਨੀ ਸਾਡੇ ਬਜ਼ੁਰਗਾਂ ਵਿੱਚ ਸੀ, ਜੋ ਸਾਡੀਆਂ ਮਾਤਾਵਾਂ ਭੈਣਾਂ ਵਿੱਚ ਸੀ। ਜਦੋਂ ਮੈਂ ਛੋਟਾ ਹੁੰਦਾ, ਤੜਕੇ ਘਰਾਂ ਦੇ ਵਿੱਚ ਗਹਿਮਾ-ਗਹਿਮ ਸ਼ੁਰੂ ਹੋ ਜਾਂਦੀ ਸੀ। ਪਿੰਡ ਦੇ ਨੇੜੇ ਦੀ ਕੋਈ ਨਦੀ ਲੰਘਦੀ ਹੈ, ਕੋਈ ਨਾਲਾ ਲੰਘਦਾ ਹੈ, ਕੋਈ ਨਹਿਰ ਲੰਘਦੀ ਹੈ, ਕੋਈ ਖੂਹ ਹੈ ਰੋਹੀ ਦਾ, ਉਥੇ ਜਾ ਕੇ ਇਸ਼ਨਾਨ ਕਰਨ ਵਾਸਤੇ ਭਾਈ ਵੀ ਜਾਂਦੇ ਸਨ, ਨਹਿਰ 'ਚ ਇਸ਼ਨਾਨ ਕਰਦੇ ਨੇ, ਕਿੰਨਾ ਪਾਣੀ ਠੰਢਾ ਹੈ, ਹੈਰਾਨੀ ਦੀ ਗੱਲ ਸੀ ਕਿਵੇਂ ਉਹ ਐਨੀ ਠੰਢ ਸਹਿ ਜਾਂਦੇ ਸੀ। ਕੇਸੀ ਇਸ਼ਨਾਨ ਕਰਦੇ ਸੀ ਕਿ ਅੱਜ ਮਾਘ ਦਾ ਮਹੀਨਾ ਹੈ। ਫੇਰ ਉਹ ਜਿੰਨਾਂ ਕੁਛ ਜਾਣਦੇ ਸੀ ਓਨਾਂ ਹੀ ਕਰਦੇ ਸੀ। ਪੁੰਨ-ਦਾਨ ਵੀ ਕਰਦੇ ਸੀ। ਕਾਰਨ ਇਹ ਸੀ ਕਿ ਇਹਦੇ ਅੰਦਰ ਆਦਮੀ ਦੇ ਨਵੇਂ ਇਰਾਦੇ, ਨਵਾਂ ਖ਼ੂਨ, ਨਵੀਆਂ ਚੀਜ਼ਾਂ ਜ਼ਿੰਦਗੀ ਵਿੱਚ, ਸਰੀਰ ਵਿੱਚ ਪ੍ਰਵੇਸ਼ ਕਰਦੀਆਂ ਸੀ। ਮਹੀਨਾ ਹੀ ਐਸਾ ਹੈ ਇਹ। ਜਿਵੇਂ ਹੁੱਸੜ ਦਾ ਮਹੀਨਾ ਹੈ ਭਾਦੋਂ ਦਾ। ਇਸੇ ਤਰ੍ਹਾਂ ਇਹ ਮਹੀਨਾ ਹੈ ਜਿਹਦੇ ਵਿੱਚ ਪਿਆਰ ਕੀਤਾ ਜਾਂਦਾ ਹੈ, ਪ੍ਰਮੇਸ਼ਰ ਦਾ ਨਾਮ ਜਪਿਆ ਜਾਂਦਾ ਹੈ। ਅਰ ਇਹ ਦਸਦੇ ਨੇ ਕਿ ਇਹਦੇ ਵਿੱਚ ਫਲ ਵੀ ਬਹੁਤ ਹੈ। ਜੋ ਪੁੰਨ-ਦਾਨ ਕਰਦੇ ਨੇ ਉਹਦਾ ਵੀ ਫਲ ਬਹੁਤ ਹੋ ਜਾਂਦਾ ਹੈ। ਹੁਣ ਮਹਾਰਾਜ ਜੀ ਨੇ ਸਾਨੂੰ ਇਹ ਦੱਸਿਆ ਕਿ ਪਿਆਰਿਓ! ਇਹ ਜਿਹੜੀਆਂ ਗੱਲਾਂ ਤੁਸੀਂ ਕਰਦੇ ਓਂ ਇਹ ਛੋਟੀਆਂ-ਛੋਟੀਆਂ ਨੇ, ਨਿੱਕੀਆਂ-ਨਿੱਕੀਆਂ, ਤੁਹਾਨੂੰ ਅਸੀਂ ਬਹੁਤ ਵੱਡੀ ਗੱਲ ਦਸਦੇ ਹਾਂ ਜਿਹਦਾ ਫਲ ਲੱਖਾਂ ਗੁਣਾਂ ਜ਼ਿਆਦਾ ਹੋਏਗਾ। ਜਿਹੜਾ ਤੁਸੀਂ ਚਿਤਵੀਂ ਬੈਠੇ ਓਂ, ਇਸ ਤੋਂ ਕਿਤੇ ਜ਼ਿਆਦਾ ਹੋਏਗਾ। ਉਹ ਇਹ ਹੈ ਕਿ ਇੱਕ ਤਾਂ ਸਰੀਰ ਦਾ ਇਸ਼ਨਾਨ ਕਰਾਉਂਦੇ ਹਾਂ, ਅਸੀਂ ਜਾਂਦੇ ਹਾਂ, ਮਹਾਰਾਜ ਨੇ ਰੋਕਿਆ ਨਹੀਂ ਹੈ ਕਿ ਇਸ਼ਨਾਨ ਨਾ ਕਰੋ, ਕਰੋ ਜਿਹਦੀ ਹਿੰਮਤ ਹੈ। ਅੰਮ੍ਰਿਤ ਵੇਲੇ ਉਠੋ। ਇੱਕ ਵਜੇ, ਦੋ ਵਜੇ, ਤਿੰਨ ਵਜੇ ਉਠੋ, ਨੇਮ ਬਣਾ ਲਓ। ਪਰ ਮਹਾਰਾਜ ਨੇ ਕਿਹਾ ਹੈ ਕਿ ਜੇ ਤੁਸੀਂ ਇਸ ਮਹੀਨੇ ਵਿੱਚ ਕਰੋੜਾਂ ਗੁਣਾਂ ਫਲ ਲੈਣਾ ਚਾਹੁੰਦੇ ਹੋ ਤਾਂ ਸਾਧੂਆਂ ਦੀ ਸੰਗਤ ਦੇ ਵਿਚ ਜਾਓ ਤੇ

ਉਨ੍ਹਾਂ ਦੀ ਜੋ ਚਰਨ ਧੂੜ ਹੈ, ਮੁੱਖ ਦੇ ਵਾਕ ਨੇ ਉਹਦੇ 'ਚ ਮਨ ਦਾ ਇਸ਼ਨਾਨ ਕਰਾਓ। ਫੇਰ ਉਨ੍ਹਾਂ ਦੇ ਬਚਨਾਂ ਦੇ ਮੁਤਾਬਿਕ ਹਰੀ ਦਾ ਨਾਮ ਜਪੋ। ਹਰੀ ਦਾ ਨਾਮ ਜਪ ਕੇ ਦੂਸਰਿਆਂ ਨੂੰ ਵੀ ਇਸ ਪਾਸੇ ਪ੍ਰੇਰਿਤ ਕਰੋ। ਦਾਨ ਕਰੋ, ਨਾਮ ਦਾ ਦਾਨ ਕਰੋ। ਦੂਸਰਾ ਦਾਨ ਹੁੰਦਾ ਹੈ, ਜਿੰਨੀ ਆਪਣੀ ਸਮਰੱਥਾ ਹੈ, ਉਸ ਦੇ ਮੁਤਾਬਿਕ ਦਾਨ ਕਰੋ।

***ਮਾਘਿ ਮਜਨੁ ਸੰਗਿ ਸਾਧੂਆ***
***ਧੂੜੀ ਕਰਿ ਇਸਨਾਨੁ ॥***
***ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥***
***ਅੰਗ - ੧੩੫***

ਸਤਿਸੰਗ 'ਚ ਜਾਓ, ਉਥੋਂ ਬਚਨ ਲਿਆਓ ਬੰਨ੍ਹ ਕੇ ਪੱਲੇ, ਫੇਰ ਜਿਹੜੇ ਨਹੀਂ ਜਾ ਸਕਦੇ, ਉਨ੍ਹਾਂ ਨੂੰ ਇਹ ਬਚਨ ਦਾਨ ਕਰੋ। ਜਿਵੇਂ ਦੌਲਤ ਆਪਾਂ ਲੈ ਜਾਂਦੇ ਹਾਂ, ਥੋੜ੍ਹੀ ਬਹੁਤ ਦਾਨ ਕਰਦੇ ਹਾਂ। ਇਹ ਬਚਨ ਸਾਰੇ ਤਾਂ ਦਾਨ ਨਹੀਂ ਹੁੰਦੇ, ਥੋੜ੍ਹੇ ਜਿਹੇ ਯਾਦ ਰਹਿੰਦੇ ਨੇ, ਮਹਾਰਾਜ ਕਹਿੰਦੇ ਉਹਨੂੰ ਸਾਂਝੀਵਾਲ ਕਰੋ ਦੂਸਰਿਆਂ ਦੇ ਨਾਲ। ਉਹਦੇ ਨਾਲ ਹੋਏਗਾ ਕੀ, ਜਿਹੜੇ ਕਰਮ ਕਰਕੇ ਸਾਡੇ ਅੰਦਰ ਮੈਲ ਜਮ੍ਹਾਂ ਹੋ ਗਈ, ਉਹ ਉਤਰ ਜਾਏਗੀ ਤੇ ਮਨ ਦੇ ਅੰਦਰ ਜਿਹੜਾ ਗੁਮਾਨ ਪਿਆ ਹੋਇਆ ਹੈ I & my ਦਾ ਉਹ ਦੂਰ ਹੋ ਜਾਏਗਾ, ਕਿਉਂਕਿ ਓਹੀ ਚੀਜ਼ ਅਸਲੀ ਹੈ ਜਿਹੜੀ ਸਾਨੂੰ ਰੁਕਾਵਟ ਪਾ ਰਹੀ ਹੈ। ਸੋ ਉਹਦੇ ਬਾਰੇ ਜ਼ਰੂਰੀ ਹੈ ਕਿ ਸਾਨੂੰ ਨਾਮ ਦੇ ਉਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਨਾਮ ਦੀ ਮਹਿਮਾ ਦੇ ਉਤੇ ਸਾਡਾ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, ਨਾਮ ਦੀ ਮਹਿਮਾ ਇਹ ਸੰਸਾਰ ਸਮਝ ਨਹੀਂ ਸਕਦਾ। ਕਿੰਨਾਂ ਹੀ ਮਹਾਂਪੁਰਸ਼ ਬਚਨ ਕਰੀ ਜਾਣ, ਕਿੰਨਾਂ ਹੀ ਦੱਸੀ ਜਾਣ। ਲੇਕਿਨ ਇਹਦੀ ਸਮਝ ਵਿੱਚ ਪੈਂਦੀ ਨਹੀਂ, ਇਹਦੇ ਨਿਸ਼ਚੇ 'ਚ ਉਸ ਥਾਂ ਗੱਲ ਨਹੀਂ ਜਾਂਦੀ ਜਿੱਥੇ ਜਾ ਕੇ ਇਹ ਬਹੁਤ ਫਾਇਦਾ ਪਹੁੰਚਾਵੇ ਤੇ ਇਹ ਜਿਹੜੀ ਨਾਮ ਦੀ ਮਹਿਮਾ ਹੈ ਜੇ ਸੰਸਾਰ ਵਿੱਚ ਕੋਈ ਜਾਣਦਾ ਹੈ ਇਸਨੂੰ ਮਹਾਰਾਜ ਕਹਿੰਦੇ, ਕੇਵਲ ਓਹੀ ਜਾਣਦੇ ਨੇ ਜਿਹੜੇ ਬੰਦਗੀ ਕਰਦੇ ਨੇ, ਉਨ੍ਹਾਂ ਨੂੰ ਪਤਾ ਹੈ ਇਹ ਕਿੱਡੀ ਵੱਡੀ ਚੀਜ਼ ਸਾਡੇ ਹੱਥ ਚੜ੍ਹ ਗਈ। ਕਿੱਡੀ ਵੱਡੀ ਚੀਜ਼ ਸਾਨੂੰ ਪ੍ਰਾਪਤ ਹੋ ਗਈ।

***ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥***
***ਅੰਗ - ੨੬੫***

ਇਹਦੇ ਵਿੱਚ ਬਹੁਤ ਹੀ ਵਿਚਾਰ ਨਾਲ ਵਿਚਾਰਨ ਵਾਲੀ ਗੱਲ ਹੁੰਦੀ ਹੈ, ਮਹਾਰਾਜ ਨੇ ਇੱਕ-ਇੱਕ ਅੱਖਰ ਦੇ ਵਿੱਚ ਫੁਰਮਾਨ ਕੀਤਾ ਹੈ, ਉਹਦੇ ਵਿਚ ਹੈ ਕਿ ਨਾਮ ਦੀ ਗੱਲ ਜਿਹੜੀ ਹੈ ਕੋਈ ਵਿਰਲਾ ਪੁਰਸ਼ ਹੈ ਜਿਹੜਾ ਨਾਮ ਦੀ ਪ੍ਰਾਪਤੀ ਕਰਦਾ ਹੈ। ਅਸੀਂ ਉਨ੍ਹਾਂ ਵਿਰਲਿਆਂ 'ਚ ਆਉਂਦੇ ਹਾਂ ਕਿ ਨਹੀਂ ਆਉਂਦੇ ਇਹ ਹੁਣ ਵਾਹਿਗੁਰੂ ਜਾਣੇ। ਸੋ ਉਹਦੀ ਮਹਿਮਾ ਬਹੁਤ ਜ਼ਿਆਦਾ ਹੈ। ਹਰੀ ਦਾ ਨਾਮ ਧਿਆ, ਸੁਣ, ਸਤਿਸੰਗ ਦੇ ਵਿੱਚ ਧੂੜੀ ਦੇ ਵਿਚ ਇਸ਼ਨਾਨ ਕਰ। ਦੋ ਤਰ੍ਹਾਂ ਦੀ ਧੂੜੀ ਹੁੰਦੀ ਹੈ। ਪਹਿਲੀ ਧੂੜੀ ਹੁੰਦੀ ਹੈ ਸਰੀਰਕ ਧੂੜੀ, ਉਹ ਇਹ ਹੈ ਕਿ ਬੰਦਗੀ ਕਰਨ ਵਾਲਾ ਜਿਸ ਵਕਤ ਵਾਹਿਗੁਰੂ ਨਾਲ ਜੁੜ ਜਾਂਦਾ ਹੈ, ਹੈ ਤਾਂ ਵਾਹਿਗੁਰੂ ਸਾਰੇ ਪਰੀਪੂਰਨ, ਕੋਈ ਥਾਂ ਐਸਾ ਨਹੀਂ ਜਿੱਥੇ ਉਹ ਨਹੀਂ। ਧੂੜੀ ਦੇ ਵਿੱਚ ਵੀ ਹੈ। ਫੇਰ ਮਹਾਰਾਜ ਨੇ ਸੰਤ ਦੀ ਧੂੜ ਕਿਉਂ ਕਿਹਾ? ਧੂੜੀ ਵਿੱਚ ਤਾਂ ਪਹਿਲਾਂ ਹੀ ਹਰ ਥਾਂ ਵਾਹਿਗੁਰੂ ਹੈ। ਇਹਦੇ ਵਿੱਚ ਕੀ ਮਹੱਤਤਾ ਹੋਈ, ਗੁਰੂ ਸਾਹਿਬ ਦੀ ਇਹ ਬਚਨ ਕਹਿਣ 'ਤੇ? ਜਦੋਂ ਵਾਹਿਗੁਰੂ ਸਾਰੇ ਹੀ ਪਰੀਪੂਰਨ ਹੈ, ਧੂੜੀ ਦੇ ਕਿਣਕਿਆਂ ਵਿੱਚ ਵੀ ਪਰੀਪੂਰਨ ਹੈ। ਫੇਰ ਸੰਤ ਧੂੜ ਦੀ ਕੀ ਲੋੜ ਰਹਿ ਗਈ। ਵਾਹਿਗੁਰੂ ਤਾਂ ਸਾਰੇ ਹੀ ਪਰੀਪੂਰਨ ਹੈ, ਪਰ ਕਿਤੇ-ਕਿਤੇ ਉਹ charged ਹੈ। ਸਾਰੇ ਵਾਤਾਵਰਣ 'ਚ ਬਿਜਲੀ ਭਰੀ ਪਈ ਹੈ। ਜਿੱਥੇ charged ਹੁੰਦੀ ਹੈ, ਜਦੋਂ ਮੀਂਹ ਪੈਂਦਾ ਹੈ ਤਾਂ ਦੇਖੋ ਕਿੰਨੀ force (ਤਾਕਤ) ਹੁੰਦੀ ਹੈ, ਜਾਲ ਕੇ ਰੱਖ ਦਿੰਦੀ ਹੈ। ਇਸ ਤਰ੍ਹਾਂ ਜਿਹੜੀ ਵਾਹਿਗੁਰੂ ਜੀ ਦੀ ਨਿਰਗੁਣ ਸ਼ਕਤੀ ਹੈ ਪਰੀਪੂਰਨਤਾ ਦੀ, ਉਹ ਹੈ ਸਾਰੇ ਪਰੀਪੂਰਨ, ਪਰ ਉਹ ਜਿੱਥੇ active ਹੈ ਉਹ ਸੰਤ ਦੇ ਸਰੀਰ ਵਿੱਚੋਂ ਹੋ ਕੇ active ਹੁੰਦੀ ਹੈ। ਫੇਰ ਉਹ full force (ਪੂਰੇ ਜ਼ੋਰ) ਨਾਲ active ਹੁੰਦੀ ਹੈ। ਇਸ ਕਰਕੇ ਸੰਤ ਦਾ ਸਰੀਰ ਨਾਮ ਦੇ ਵਿੱਚ ਰਚਿਆ ਹੁੰਦਾ ਹੈ। ਉਹਦੇ ਦੇਖਣ ਵਿੱਚ ਵੀ ਨਾਮ ਦੀ ਦ੍ਰਿਸ਼ਟੀ ਹੁੰਦੀ ਹੈ, ਹੱਥ ਖੜ੍ਹਾ ਕਰ ਦੇਵੇ ਉਹਦੇ ਵਿੱਚ ਵੀ, ਧਿਆਨ ਕਰ ਲਵੇ ਉਹਦੇ ਵਿੱਚ ਵੀ। ਤਿੰਨ ਚਾਰ ਥਾਂ ਸਰੀਰ ਵਿੱਚ ਹਨ ਜਿਹਦੇ ਵਿੱਚੋਂ ਐਨਰਜੀ ਬਾਹਰ ਨਿਕਲਦੀ ਹੈ। ਪਹਿਲੀ ਤਾਂ ਹੈ ਚਰਨਾਂ ਦੀ ਧੂੜ ਜਿਹੜਾ ਵਿਚਕਾਰਲਾ ਹਿੱਸਾ ਹੈ ਪੈਰ ਦਾ। ਉਹ ਜਿੱਥੇ ਛੋਹ ਜਾਂਦਾ ਹੈ ਉਹ ਚਰਨ ਧੂੜੀ ਹੋਇਆ ਕਰਦੀ ਹੈ। ਦੂਸਰਾ ਹੈ ਉਹਦੀ ਦ੍ਰਿਸ਼ਟੀ, ਜਿਧਰ with attention (ਪੂਰੇ ਧਿਆਨ) ਦੇਖ ਲੈਂਦਾ ਹੈ -

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥***
***ਅੰਗ - ੨੭੩***

ਉਹਦੀ ਦ੍ਰਿਸ਼ਟੀ 'ਚ ਅੰਮ੍ਰਿਤ ਦੀ ਵਰਸ਼ਾ ਹੋ ਜਾਂਦੀ ਹੈ। ਗੁਰੂ ਅੰਗਦ ਸਾਹਿਬ ਮਹਾਰਾਜ ਦੇ ਕੋਲ ਬੀਮਾਰ ਬੜੇ ਆਉਂਦੇ ਸੀ, ਉਨ੍ਹਾਂ ਨੇ ਕਹਿਣਾ, ਭਾਈ ਐਉਂ ਕਰਿਆ ਕਰੋ, ਦੀਵਾਨ ਲੱਗਿਆ ਹੋਇਆ ਹੈ, ਇੱਥੇ ਤਾਂ ਨਾ ਕਿਸੇ ਨੂੰ disturb ਕਰੋ। ਔਹ ਰਸਤਾ ਹੈ ਓਥੇ ਬਹਿ ਜਾਓ ਦੋਵੀਂ ਪਾਸੇ। ਗੁਰਸਿੱਖਾਂ ਨੂੰ ਹੁਕਮ ਸੀ ਕਿ ਤੁਸੀਂ ਭੋਗ ਤੋਂ ਉਪਰੰਤ ਆਹ ਬੀਮਾਰਾਂ ਵੱਲ ਦੇਖਦੇ ਲੰਘਣਾ ਹੈ, ਬੇ-ਧਿਆਨੇ ਨਹੀਂ ਲੰਘਣਾ, ਇਕੱਲੇ-ਇਕੱਲੇ ਵੱਲ ਦੇਖਦੇ ਲੰਘ ਜਾਓ। ਬੀਮਾਰ ਰਾਜ਼ੀ ਹੋ ਜਾਂਦੇ ਸੀ। ਉਹ ਕਿਉਂ ਹੁੰਦੇ ਸੀ? ਕਿਉਂਕਿ ਉਸ ਦ੍ਰਿਸ਼ਟੀ 'ਚ ਅੰਮ੍ਰਿਤ ਵਰਸਦਾ ਸੀ। ਉਹ ਅੰਮ੍ਰਿਤ ਉਨ੍ਹਾਂ ਦੇ ਰੋਗ ਦੂਰ ਕਰ ਦਿੰਦਾ ਸੀ। ਸੋ ਚਰਨ ਧੂੜ, ਦੂਸਰਾ ਦ੍ਰਿਸ਼ਟੀ ਨਾਲ ਹੈ, ਤੀਸਰਾ ਹੱਥ ਦੀ ਤਲੀ 'ਚ ਹੁੰਦਾ ਹੈ। ਮਹਾਂਪੁਰਸ਼ ਸਹਿਜ ਸੁਭਾਅ ਕੋਈ ਵੀ ਚਾਹੇ ਕੋਈ ਬਜ਼ੁਰਗ ਹੈ, ਜਦੋਂ ਉਹ ਪ੍ਰਸੰਨ ਹੋ ਜਾਂਦਾ ਹੈ ਤਾਂ ਉਹ ਹੱਥ ਚੁੱਕ ਲੈਂਦਾ ਹੈ। ਕੁਦਰਤੀ ਹੈ ਇਹ। ਜੇ ਜਾਣ ਕੇ ਚੁੱਕੇ ਫੇਰ ਨਹੀਂ ਹੁੰਦਾ। ਕੁਦਰਤੀ ਹੈ automatic action (ਆਪਣੇ ਆਪ ਕੰਮ ਕਰਦਾ ਹੈ) ਕਿ ਉਹਨੇ ਉਪਰ ਨੂੰ ਹੱਥ ਕਰ ਦੇਣਾ ਹੈ। ਅਸ਼ੀਰਵਾਦ ਹੈ ਇਹ। ਇਹਦੇ ਵਿੱਚ ਵੀ flow (ਤਾਕਤ) ਹੈ ਐਨਰਜੀ ਦਾ। ਸਭ ਤੋਂ ਵੱਧ ਜਿਹੜਾ flow (ਤਾਕਤ) ਹੈ ਉਹ ਹੈ ਉਨ੍ਹਾਂ ਦੇ ਬਚਨਾਂ 'ਚ। ਜਿੱਥੋਂ ਐਨਰਜੀ ਦਾ ਦਰਿਆ ਚਲਦਾ ਹੈ ਐਸ ਤਰ੍ਹਾਂ ਚਲਦਾ ਹੈ।

ਸੋ ਮਹਾਰਾਜ ਕਹਿੰਦੇ ਠੀਕ ਹੈ ਤੂੰ ਮਾਘ ਦੇ ਵਿੱਚ ਇਸ਼ਨਾਨ ਕਰਦਾ ਹੈਂ, ਵਰਤ ਰਖਦਾ ਹੈਂ, ਨੇਮ ਬਣਾਉਂਦਾ ਹੈਂ ਭਜਨ ਬੰਦਗੀ ਵਾਸਤੇ ਇਰਾਦੇ ਕਰਦਾ ਹੈਂ। ਪਰ ਤੈਨੂੰ ਲੱਖਾਂ ਗੁਣਾਂ ਫਾਇਦਾ ਜਿੱਥੋਂ

ਹੋਣਾ ਹੈ, ਉਹ ਉਨ੍ਹਾਂ ਦੀ ਸੰਗਤ ਵਿਚੋਂ ਹੋਣਾ ਹੈ। ਉਨ੍ਹਾਂ ਦੇ ਮੁੱਖ ਦੀ ਧੂੜ ਨੂੰ ਗ੍ਰਹਿਣ ਕਰਕੇ, ਮਨ ਦਾ ਇਸ਼ਨਾਨ ਕਰਾ। ਇਸੇ ਗੱਲ ਨੂੰ ਗੁਰੂ ਮਹਾਰਾਜ ਨੇ ਇੱਕ ਹੋਰ ਥਾਂ ਫੁਰਮਾਨ ਕੀਤਾ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ - ੩੦੫***

ਅੰਮ੍ਰਿਤ ਦਾ ਸਰੋਵਰ ਕਿੱਥੇ ਹੈ? ਜਿੱਥੇ ਅਸੀਂ ਰੋਜ਼ ਇਸ਼ਨਾਨ ਕਰਾਉਣਾ ਹੈ। ਕਰਨਾ ਹੈ? ਉਹ ਕੌਣ ਇਸ਼ਨਾਨ ਕਰੇਗਾ? ਉਹ ਸਰੀਰ ਦਾ ਇਸ਼ਨਾਨ ਕਿਵੇਂ ਕਰਾ ਦਏਗਾ?

ਉਹ ਅੰਮ੍ਰਿਤ ਹੈ ਸਤਿਗੁਰੂ ਦੀ ਬਾਣੀ। ਉਸ ਬਾਣੀ ਦੇ ਵਿੱਚ ਮਨ ਦਾ ਇਸ਼ਨਾਨ ਕਰਾਉਣਾ ਹੈ, ਇਹਨੂੰ ਅੰਮ੍ਰਿਤ ਸਰੋਵਰ ਕਹਿੰਦੇ ਨੇ, ਸਤਿਸਰ ਨਾਵਣ ਵੀ ਕਹਿੰਦੇ ਨੇ, ਉਹਦੇ ਵਿੱਚ ਇਸ਼ਨਾਨ ਕਰਾਉਣਾ।

ਸੋ ਇਸ ਤਰ੍ਹਾਂ ਦੇ ਨਾਲ ਇਸ਼ਨਾਨ ਸਰੀਰ ਦਾ ਕਰਨ ਤੋਂ ਬਾਅਦ ਅੰਮ੍ਰਿਤ ਦੇ ਸਰੋਵਰ 'ਚ ਇਸ਼ਨਾਨ ਕਰ। ਉਹ ਹੈ ਮਹਾਂਪੁਰਸ਼ਾਂ ਦੇ ਬਚਨ। ਜੋ ਤੱਤ ਦੇ ਬਚਨ ਹੁੰਦੇ ਨੇ। ਵਿਹਾਰੀ ਬਚਨ, ਪ੍ਰਬੰਧਕ ਬਚਨ ਨਹੀਂ ਹੋਇਆ ਕਰਦੇ। ਜਦੋਂ ਉਹ ਜੁੜ ਕੇ ਫੇਰ ਬਚਨ ਕਰਦੇ ਨੇ ਉਸ ਵੇਲੇ ਉਨ੍ਹਾਂ ਦੇ ਅੰਦਰ flow ਹੁੰਦਾ ਹੈ ਐਨਰਜੀ ਦਾ, ਕਹਿੰਦੇ ਉਹਦੇ ਵਿੱਚ ਆਪਣੇ ਮਨ ਦਾ ਇਸ਼ਨਾਨ ਕਰਾ, ਤੈਨੂੰ ਬੇਅੰਤ ਗੁਣਾਂ ਫਲ ਮਿਲੇਗਾ। ਉਥੇ ਕੀ ਕਰਨਾ ਹੈ ਹਰੀ ਦਾ ਨਾਮ ਧਿਆਉਣਾ ਹੈ। ਸੁਣਨਾ ਨਾਮ ਦੇ ਬਾਰੇ। ਫੇਰ ਉਸ ਨਾਮ ਨੂੰ ਕੋਲ ਨਹੀਂ ਰੱਖਣਾ, ਜਿੰਨੇ ਬਚਨ ਤੇਰੇ ਯਾਦ ਨੇ ਜਾ ਕੇ ਆਪਣੇ ਬੱਚਿਆਂ ਨੂੰ, ਦੋਸਤਾਂ ਨੂੰ ਮਿੱਤਰਾਂ ਨੂੰ ਦਾਨ ਕਰ ਦੇ। ਉਹ ਦਾਨ ਦਾ ਫਲ ਜਿਹੜਾ ਹੈ ਉਹ ਬੇਅੰਤ ਵੱਡਾ ਹੋਏਗਾ। ਪੈਸੇ ਟਕੇ ਦੇ ਦਾਨ ਨਾਲੋਂ ਕਿਤੇ ਜ਼ਿਆਦਾ ਹੋਏਗਾ। ਸੋ ਮਹਾਰਾਜ ਕਹਿੰਦੇ ਨਾਮ ਦੀ ਮਹਿਮਾ ਵਿੱਚ ਵਿਸ਼ਵਾਸ਼ ਲਿਆਓ। ਨਾਮ ਹੀ ਮੁੱਖ ਚੀਜ਼ ਹੈ ਸੰਸਾਰ ਦੇ ਅੰਦਰ।

ਸੋ ਇਸ ਮਹੀਨੇ ਦਾ ਜੋ ਫਲ ਹੈ ਉਹ ਇਹ ਹੈ -

***ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥***
***ਅੰਗ - ੧੩੫***

ਜਨਮਾਂ-ਜਨਮਾਂਤਰਾਂ ਦੀ ਸਾਨੂੰ ਮੈਲ ਲੱਗੀ ਹੋਈ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥***
***ਅੰਗ - ੬੫੧***

ਜੋ ਦੂਸਰੀ ਧੂੜ ਹੈ, ਐਸਾ ਫੁਰਮਾਨ ਆਉਂਦਾ ਹੈ ਕਿ ਧੂੜੀ ਲੇਖ ਮਿਟਾਉਣ ਨੂੰ ਸਮਰੱਥ ਹੈ।

ਇੱਕ ਮਹਾਤਮਾ ਸੀ ਲਾਹੌਰ ਰਹਿੰਦੇ, ਬਹੁਤ ਪੁਰਾਣੀ ਗੱਲ ਹੈ, ਉਥੇ ਜੋ ਰਾਜਾ ਰਾਜ ਕਰਦਾ ਸੀ, ਇੱਕ ਦਿਨ ਆਪਣੇ ਕਿਲ੍ਹੇ 'ਤੇ ਚੜ੍ਹ ਕੇ ਆਲਾ-ਦੁਆਲਾ ਦੇਖਣ ਲੱਗ ਗਿਆ, ਉਥੇ ਇੱਕ ਬੀਬੀ ਕੇਸ ਹਰੇ (ਸੁਕਾ) ਰਹੀ ਸੀ, ਇਸ਼ਨਾਨ ਕਰਨ ਤੋਂ ਬਾਅਦ ਧੁੱਪ ਦੇ ਵਿਚ। ਉਹਦੀ ਸੁੰਦਰਤਾ ਦੇਖ ਕੇ ਰਾਜੇ ਦਾ ਮਨ ਵਿਚਲਤ ਹੋ ਗਿਆ। ਉਹਨੇ ਆਪਣੇ ਵਜ਼ੀਰ ਨੂੰ ਕਿਹਾ, ਕਹਿਣ ਲੱਗਿਆ, ਵਜ਼ੀਰ ਸਾਹਿਬ! ਉਹ ਔਰਤ ਮੇਰੇ ਮਹਿਲਾਂ 'ਚ ਆਉਣੀ ਚਾਹੀਦੀ ਹੈ। ਉਹ ਕਹਿਣ ਲੱਗਿਆ, ਹਜ਼ੂਰ! ਇਸ ਤਰ੍ਹਾਂ ਤਾਂ ਮਾੜੀ ਗੱਲ ਹੈ, ਰੌਲਾ ਪੈ ਜਾਏਗਾ ਸ਼ਹਿਰ ਵਿੱਚ। ਦੂਸਰਾ ਇਹ ਹਿੰਦੂਆਂ ਦਾ ਸ਼ਹਿਰ ਹੈ, ਆਪਾਂ ਇਸਲਾਮ ਵਾਲੇ ਹਾਂ। ਕਾਜ਼ੀ ਕਹਿਣ ਲੱਗਿਆ ਕਿ ਇਹ ਗੱਲ ਮੇਰੇ ਉਤੇ ਛੱਡੋ। ਸਿਪਾਹੀ ਇੱਕ ਵਾਰੀ ਭੇਜ ਦਿਓ ਜੇ ਆਪਣੇ ਆਪ ਆ ਜਾਵੇ ਤਾਂ ਚੰਗਾ ਹੈ। ਪਿਆਦੇ ਭੇਜ ਦਿੱਤੇ ਦੋ, ਜਾ ਕੇ ਉਨ੍ਹਾਂ ਨੇ ਸਾਰੀ ਗੱਲ ਕਹੀ ਕਿ ਤੈਨੂੰ ਨਵਾਬ ਸਾਹਿਬ ਆਪਣੇ ਮਹਿਲਾਂ 'ਚ ਚਾਹੁੰਦੇ ਨੇ ਉਥੇ। ਜੇ ਨਹੀਂ ਆਏਂਗੀ, ਤੇਰੇ ਪਤੀ ਨੂੰ ਗ੍ਰਿਫਤਾਰ ਕਰ ਲਿਆ ਜਾਏਗਾ। ਬਾਲ-ਬੱਚੇ ਮਾਰ ਦਿੱਤੇ ਜਾਣਗੇ। ਉਹ ਕਹਿਣ ਲੱਗੀ, ਮੈਂ ਪਤੀਵਰਤਾ ਇਸਤ੍ਰੀ ਹਾਂ, ਕੁਛ ਵੀ ਹੋ ਜਾਵੇ ਮੈਂ ਨਹੀਂ ਆਉਣਾ। ਵਾਪਸ ਆ ਗਏ, ਆ ਕੇ ਜਵਾਬ ਦੇ ਦਿੱਤਾ। ਕਾਜ਼ੀ ਕਹਿਣ ਲੱਗਿਆ ਕਿ ਕੋਈ ਗੱਲ ਨਹੀਂ, ਮੈਂ ਐਸੇ ਮੰਤਰ ਜਾਣਦਾ ਹਾਂ, ਮੋਹਣੀ ਮੰਤਰ ਮੈਨੂੰ ਆਉਂਦਾ ਹੈ, ਉਹ ਆਪਣੇ ਆਪ ਹੀ ਆ ਜਾਏਗੀ। ਮੈਂ ਚਾਰ ਵਾਰੀ ਮੰਤਰ ਪੜ੍ਹਨਾ ਹੈ, ਚਾਰੋਂ ਵਾਰੀ 'ਚ ਇੱਥੇ ਪਹੁੰਚ ਜਾਏਗੀ। ਕਿਉਂਕਿ ਉਹ ਲੋਕ ਤਾਂਤਰੀ ਨੇ।

ਗੁਰੂ ਮਹਾਰਾਜ ਨੇ ਸਾਧਸੰਗਤ ਜੀ, ਸਾਨੂੰ ਇਨ੍ਹਾਂ ਚੀਜ਼ਾਂ 'ਚੋਂ ਬਾਹਰ ਕੱਢਿਆ ਕਿ ਇਨ੍ਹਾਂ ਗੱਲਾਂ 'ਚ ਨਾ ਪਵੋ, ਇਹ ਜਨਮ ਬਰਬਾਦ ਕਰ ਦੇਣਗੀਆਂ। ਕੀ ਤੁਸੀਂ ਜੰਤਰਾਂ-ਮੰਤਰਾਂ 'ਚ ਪਏ ਓਂ? ਸੋ ਇਹ ਜਿਹੜੇ ਕਾਜ਼ੀ 'ਤੇ ਮੁਲਾਣੇ ਸੀ, ਜੰਤਰ ਮੰਤਰ ਨੁਕਸਾਨ ਕਰਨ ਵਾਲੇ ਬੜੇ ਜਾਣਦੇ ਸੀ ਇਹ। ਜਦੋਂ ਗੁਰੂ ਦਸਵੇਂ ਪਾਤਸ਼ਾਹ ਨੂੰ ਕਿਹਾ ਕਿ ਮਹਾਰਾਜ! ਸਾਡੇ ਤਾਂ ਕੋਈ ਮੰਤਰ ਹੈ ਨਹੀਂ ਇਹ ਤਾਂ ਲੋਕ ਮੰਤਰ ਕਰਦੇ ਨੇ, ਫੇਰ ਤਾਂ ਸਾਨੂੰ ਬੜਾ ਔਖਾ ਹੈ ਜੀਉਣਾ, ਸਾਡੀਆਂ ਬੀਬੀਆਂ ਫੇਰ ਮੰਤਰ ਵਾਲਿਆਂ ਕੋਲ ਜਾਂਦੀਆਂ ਨੇ, ਉਨ੍ਹਾਂ ਜਾਦੂ-ਟੂਣੇ ਤਵੀਤ ਲੈਂਦੀਆਂ ਨੇ। ਬਈ ਸਾਡਾ ਵੀ ਕੋਈ ਹੈ ਪ੍ਰਬੰਧ? ਮਹਾਰਾਜ ਕਹਿਣ ਲੱਗੇ, ਬਾਣੀ ਜਿਹੜੀ ਹੈ ਇਹਦੇ ਮੁਕਾਬਲੇ ਦੇ ਉਤੇ ਕੋਈ ਮੰਤਰ ਨਹੀਂ, ਜਿਹੜਾ ਮੂਲਮੰਤਰ ਹੈ ਇਸ ਤੋਂ ਵੱਡਾ ਮੰਤਰ ਕੋਈ ਨਹੀਂ ਹੈ। ਵਾਹਿਗੁਰੂ ਮੰਤਰ ਮਹਾਂਮੰਤਰ ਹੈ। ਪਰ ਜਿਹੜੇ ਬਾਣੀ ਦੇ ਸ਼ਬਦ ਵੀ ਨੇ ਜੇ ਉਨ੍ਹਾਂ ਉਤੇ ਚਿੱਤ ਲਾ ਕੇ ਜਾਪ ਕਰ ਲਿਆ ਜਾਵੇ, ਤਾਂ ਕੋਈ ਜੰਤਰ-ਮੰਤਰ-ਤੰਤਰ ਨੇੜੇ ਨਹੀਂ ਆਏਗਾ ਬਾਣੀ ਦੇ। ਸਾਡੇ ਕੋਲ ਵੱਡਾ ਮੰਤਰ ਗੁਰਬਾਣੀ ਹੈ। ਇਨ੍ਹਾਂ ਮੰਤਰਾਂ 'ਚ ਨਹੀਂ ਪੈਣਾ ਹੈ ਟੂਣੇ ਹਨ, ਚੁਰਾਹੇ ਵਿੱਚ ਜਾ ਕੇ ਰੱਖ ਆਓ, ਹੋਰ ਖਲਾ ਦਓ ਕਿਸੇ ਨੂੰ, ਦਵਾਈਆਂ ਹੁੰਦੀਆਂ ਨੇ ਬੜੀਆਂ ਭੈੜੀਆਂ, ਕਮਲਾ ਜਿਹਾ ਹੋ ਜਾਂਦਾ ਹੈ ਆਦਮੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਤੁਹਾਡੇ ਕੋਲ ਬਾਣੀ ਦਾ ਮੰਤਰ ਹੈ, ਜਪੁਜੀ ਸਾਹਿਬ ਦੇ ਮੰਤਰ ਦੇ ਬਰਾਬਰ ਕੋਈ ਦੁਨੀਆਂ ਦਾ ਮੰਤਰ ਨਹੀਂ ਹੈ। ਮਹਾਰਾਜ ਨੇ ਪ੍ਰੈਕਟੀਕਲੀ ਵੀ ਕਰਕੇ ਸਿੱਖਾਂ ਨੂੰ ਦੱਸਿਆ, ਐਸਾ ਇਤਿਹਾਸ 'ਚ ਆਉਂਦਾ ਹੈ ਕਿ ਤੂੰ ਭਾਈ ਜਪੁਜੀ ਸਾਹਿਬ ਦੇ ਐਨੇ ਪਾਠ ਕਰ ਲੈ। ਇੱਕ ਫਿਲਮ ਬਣੀ ਹੋਈ ਹੈ ਬੜੀ ਪੁਰਾਣੀ ਉਸ ਵਿਚ ਤਿੰਨ ਘੰਟੇ ਇਸੇ ਗੱਲ ਉਤੇ ਵਿਚਾਰ ਹੈ ਕਿ ਜਪੁਜੀ ਸਾਹਿਬ ਦੇ ਵਿਚ ਕੀ ਸ਼ਕਤੀ ਹੈ, ਕਿਵੇਂ ਸ਼ਕਤੀ ਹੈ। ਅਸੀਂ ਕਿਵੇਂ ਬਚ ਸਕਦੇ ਹਾਂ ਇਨ੍ਹਾਂ ਜਾਦੂ ਟੂਣਿਆਂ ਤੋਂ।

ਸੋ ਮੰਤਰ ਇਨ੍ਹਾਂ ਦੇ ਵਿਚ ਜ਼ਿਆਦਾ ਸੀ। ਗੁਰੂ ਨਾਨਕ ਸਾਹਿਬ ਆਸਾਮ ਵਿੱਚ ਗਏ ਤਾਂਤਰੀਆਂ ਕੋਲ, ਜਿੱਥੇ ਆਦਮੀਆਂ ਦੀ ਬਲੀ ਦਿੱਤੀ ਜਾਂਦੀ ਸੀ। ਨੂਰਸ਼ਾਹ ਐਨੀ ਸ਼ਕਤੀਸ਼ਾਲ ਸੀ ਕਿ ਮਰਦਾਨੇ ਨੂੰ ਹੀ ਕਾਬੂ ਕਰ ਲਿਆ ਹਾਲਾਂਕਿ ਗੁਰੂ ਨਾਨਕ ਸਾਹਿਬ ਦੇ ਨਾਲ ਰਹਿੰਦਾ ਸੀ। ਹਰ ਵਕਤ ਨਾਮ ਜਪਦਾ ਸੀ। ਉਹ ਭੇਡੂ ਬਣਾ ਦਿੱਤਾ। ਗੁਰੂ ਮਹਾਰਾਜ ਨੇ ਫੇਰ ਉਨ੍ਹਾਂ ਨੂੰ ਸੁਮੱਤ ਦਿੱਤੀ ਕਿ ਇਹ ਗੱਲਾਂ ਗਲਤ ਨੇ, ਨਾਮ ਵਲ ਲਾ ਕੇ ਉਸੇ ਨੂਰਸ਼ਾਹ ਨੂੰ ਗੱਦੀ 'ਤੇ ਬਿਠਾ ਕੇ, ਨਾਮ ਦਾ ਪ੍ਰਚਾਰ ਕਰਨ ਲਾ ਦਿੱਤਾ, ਤਾਂਤਰੀਆਂ ਦੇ ਖਿਲਾਫ ਕਿ ਇਹ ਤੰਤਰ ਵਿਦਿਆ ਨਾ ਕਰੋ, ਤੁਹਾਡਾ ਜੀਵਨ ਬਰਬਾਦ ਹੋ ਰਿਹਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਮੰਤਰ ਪੜ੍ਹਨਾ ਸ਼ੁਰੂ ਕਰ ਦਿੱਤਾ ਕਾਜ਼ੀ ਨੇ। ਪੜ੍ਹ ਕੇ ਕਾਗਜ਼ ਦੇ ਵਿੱਚ ਪਾ ਕੇ, ਪਾਵੇ ਦੇ ਥੱਲੇ ਰੱਖ ਦਿੱਤਾ। ਓਧਰ ਬੀਬੀ ਨੇ ਕਿਹਾ ਕਿ ਉਹ ਕਹਿੰਦਾ ਹੈ ਕਿ ਬਾਲ-ਬੱਚੇ ਮਰਵਾ ਦੇਵਾਂਗਾ। ਇਨ੍ਹਾਂ ਦਾ ਕੀ ਜਾਂਦਾ ਹੈ, ਕਾਨੂੰਨ ਤਾਂ ਕੋਈ ਹੈ ਹੀ ਨਹੀਂ, ਧੱਕੇ ਦਾ ਰਾਜ ਚੱਲ ਰਿਹਾ। ਫਰਿਆਦ ਕੋਈ ਹੁੰਦੀ ਨਹੀਂ ਕਿਉਂਕਿ ਇਸਲਾਮ ਵਾਲਿਆਂ ਦਾ ਰਾਜ ਹੈ, ਹਿੰਦੂਆਂ ਨੂੰ ਵੈਸੇ ਹੀ ਨਹੀਂ ਕੋਈ ਪੁੱਛਦਾ। ਬੜਾ ਮਾੜਾ ਹੋਇਆ, ਅੰਦਰ ਦੁਬਿਧਾ ਪੈਦਾ ਹੋ ਗਈ। ਜਿਸ ਵਕਤ ਦੂਸਰਾ ਰੱਖਿਆ ਪਾਵੇ ਦੇ ਥੱਲੇ ਉਸ ਵੇਲੇ ਹੋ ਗਿਆ ਕਿ ਮੈਂ ਜਾ ਹੀ ਆਵਾਂ। ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ। ਜਦੋਂ ਤੀਸਰਾ ਮੰਤਰ ਉਸ ਨੇ ਨੇ ਪੜ੍ਹਿਆ ਉਸ ਵੇਲੇ ਤਿਆਰ ਹੋ ਕੇ ਸਾਰਾ ਕੰਮ-ਕਾਰ ਸਾਂਭ ਕੇ ਉਹਨੇ ਕਿਹਾ ਕਿ ਮੈਂ ਜਾਵਾਂ, ਮੇਰਾ ਪਤੀ ਵੀ ਬਚ ਜਾਏਗਾ, ਮੇਰੇ ਬੱਚੇ ਵੀ ਬਚ ਜਾਣਗੇ। ਚੌਥਾ ਮੰਤਰ ਪੜ੍ਹਿਆ ਤਾਂ ਉਹਨੇ ਘਰ ਦਾ ਤਾਲਾ ਲਾ ਦਿੱਤਾ। ਜਿਸ ਵਕਤ ਜਾ ਰਹੀ ਹੈ, ਮਹਾਤਮਾ ਬੈਠੇ ਨੇ ਕਿਲ੍ਹੇ ਦੇ ਕੋਲ, ਉਥੇ ਸਤਿਸੰਗ ਹੁੰਦਾ ਸੀ, ਉਥੇ ਮਹਾਤਮਾ ਸਮੇਂ ਦੇ ਨਾਲ ਆ ਜਾਂਦੇ, ਸਤਿਸੰਗ ਕਰਦੇ। ਉਹ ਕਹਿਣ ਲੱਗੀ ਕਿ ਮੈਂ ਨਮਸ਼ਕਾਰ ਕਰ ਆਵਾਂ ਜਾ ਕੇ। ਜਦੋਂ ਨਮਸ਼ਕਾਰ ਕਰਨ ਗਈ, ਮਹਾਤਮਾ ਨੇ ਇੱਕ ਦਮ ਦੇਖ ਲਿਆ ਕਿ ਇਹਦੇ ਮੱਥੇ ਵਿੱਚ ਲੇਖ ਬਹੁਤ ਮਾੜਾ ਹੈ। ਬਹੁਤ ਬੁਰਾ ਲੇਖ ਹੈ ਇਹਦੇ ਮੱਥੇ 'ਚ। ਉਸੇ ਵੇਲੇ ਕਹਿਣ ਲੱਗੇ, ਬੇਟਾ! ਤੂੰ ਕਿੱਧਰ ਜਾ ਰਹੀ ਹੈਂ? ਤੇਰਾ ਪਤੀ ਤਾਂ ਗਿਆ ਹੋਇਆ ਹੈ ਵਪਾਰ ਕਰਨ। ਉਸ ਬੀਬੀ ਨੇ ਸਾਰੀ ਗੱਲ ਦੱਸ ਦਿੱਤੀ ਕਿ ਮਹਾਰਾਜ! ਮੈਨੂੰ ਨਹੀਂ ਪਤਾ ਕਿ ਮੈਨੂੰ ਕੀ ਹੋ ਗਿਆ, ਮੈਨੂੰ ਖਿੱਚਿਆ ਜਾ ਰਿਹਾ ਹੈ, ਮੈਂ ਖਿੱਚੀ ਤੁਰੀ ਜਾ ਰਹੀ ਹਾਂ, ਅੱਧੀ ਕਮਲੀ ਹੋਈ। ਮੈਂ ਇੱਥੇ ਨਵਾਬ ਦੇ ਕੋਲ ਜਾ ਰਹੀ ਹਾਂ, ਆਪਣਾ ਧਰਮ ਗਵਾਉਣ ਵਾਸਤੇ। ਮਹਾਤਮਾ ਜਿੱਥੇ ਬੈਠੇ ਸੀ, ਆਪਣੇ ਚਰਨ ਦੇ ਥੱਲਿਓਂ ਧੂੜੀ ਕੱਢੀ ਆਪਣੇ ਹੱਥ ਦੇ ਨਾਲ ਮੱਥੇ 'ਤੇ ਲਾ ਕੇ ਕਾਟਾ ਮਾਰ ਦਿੱਤਾ। ਕਹਿੰਦੇ ਜਾਹ ਘਰ ਨੂੰ। ਘਰ ਨੂੰ ਚਲੀ ਗਈ। ਉਧਰਲੇ ਪਾਸੇ ਜਦੋਂ ਬੀਬੀ ਨਾ ਗਈ ਤਾਂ ਕਾਜ਼ੀ ਤੇ ਵਜ਼ੀਰ ਕਹਿਣ ਲੱਗੇ ਕਿ ਖਹਿੜੇ ਨਾ ਪਵੋ, ਹਿੰਦੂ ਲੋਕ ਨੇ ਰੌਲਾ ਪਾ ਲੈਣਗੇ। ਤੁਸੀਂ ਚੁੱਪ ਹੀ ਕਰ ਜਾਓ। ਸੋ ਭਾਈ ਗੁਰਦਾਸ ਜੀ ਕਹਿੰਦੇ ਨੇ, 'ਧੂੜੀ ਲੇਖ ਮਿਟਾਇਆ'। ਆਮ ਵੀ ਧੂੜੀ ਲੇਖ ਮਿਟਾਉਂਦੀ ਹੈ ਇਹ ਐਵੇਂ ਨਹੀਂ ਹੈ ਚਰਨ ਧੂੜ -

***ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥***
***ਨਾਨਕ ਦਾਸੁ ਇਹੈ ਸੁਖੁ ਮਾਗੈ***
***ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੧੩***
***ਗੁਰਸਿਖਾਂ ਕੀ ਹਰਿ ਧੂੜਿ ਦੇਹਿ***
***ਹਮ ਪਾਪੀ ਭੀ ਗਤਿ ਪਾਂਹਿ ॥ ਅੰਗ - ੧੪੨੪***

ਇੱਥੇ ਰਤਵਾੜਾ ਸਾਹਿਬ ਜਿਸ ਵਕਤ ਸ਼ੁਰੂ ਕਰਿਆ ਹੈ, ਇੱਕ ਇੱਥੇ ਪ੍ਰੇਮੀ ਸੇਵਾ ਕਰਦਾ ਹੁੰਦਾ ਮਾਲੀ ਦੀ, ਉਹ ਤੁਹਾਡੇ ਬੀਜੀ (ਸੰਤ ਮਾਤਾ ਬੀਬੀ ਰਣਜੀਤ ਕੌਰ ਜੀ) ਨੂੰ ਕਹਿੰਦਾ ਕਿ ਬੀਜੀ ਮੇਰੇ ਸਾਰੇ ਸਰੀਰ 'ਤੇ ਖਾਰਿਸ਼ ਹੋ ਰਹੀ ਹੈ। ਹਟਦੀ ਨਹੀਂ ਮੈਂ ਬੜੀਆਂ ਦਵਾਈਆਂ ਲਈਆਂ ਨੇ। ਹਰ ਵਕਤ ਮੇਰਾ ਹੱਥ ਖਾਰਿਸ਼ ਕਰੀ ਜਾਂਦਾ ਹੈ। ਉਹ ਕਹਿੰਦੇ ਕਿ ਲੈਂ ਮੈਂ ਤੈਨੂੰ ਸਿੱਧਾ ਹੀ ਇਲਾਜ ਦਸਦੀ ਹਾਂ, ਕਿੰਨੇ ਸਿੰਘ ਤੁਰੇ ਫਿਰਦੇ ਨੇ, ਆਹ ਸਾਰੇ ਹੀ ਸੇਵਾ ਕਰ ਰਹੇ ਨੇ। ਐਸ ਵੇਲੇ ਸਾਰੇ ਹੀ ਪ੍ਰਮੇਸ਼ਰ ਨਾਲ ਜੁੜੇ ਹੋਏ ਨੇ ਕਿ ਇਨ੍ਹਾਂ ਦੇ ਜਿੱਥੇ ਚਰਨ ਲੱਗਦੇ ਨੇ ਉਹ ਥਾਂ ਨਾਲ ਦੀ ਨਾਲ ਪਵਿੱਤਰ ਹੁੰਦਾ ਤੁਰਿਆ ਜਾਂਦਾ ਹੈ। ਤੂੰ ਐਉਂ ਕਰ ਕੱਪੜੇ ਲਾਹ ਕੇ ਲਿਟ ਲੈ। ਸਾਰੇ ਅੰਗਾਂ 'ਤੇ ਜਿੱਥੇ ਤੇਰੇ ਖਾਜ ਹੁੰਦੀ ਹੈ, ਇਹਦੇ ਵਿੱਚ ਲਬੇੜ ਲੈ, ਟਿੱਬਾ ਸੀਗਾ ਇਹ। ਜੇ-ਜਿਕ ਜਿਹਾ ਕਰੀ ਜਾਵੇ। ਕਹਿੰਦੇ, ਕੀ ਗੱਲ? ਕਹਿੰਦਾ ਮੈਨੂੰ ਸੰਗ ਲਗਦੀ ਹੈ ਕਿ ਲੋਕ ਕਹਿਣਗੇ ਕਿ ਇਹ ਲਿਟਦਾ ਫਿਰਦਾ ਹੈ, ਇਹ ਕੀ ਹੋ ਗਿਆ ਇਹਨੂੰ। ਕਹਿੰਦੇ, ਰਾਤ ਨੂੰ ਜਦੋਂ ਸਾਰੇ ਚਲੇ ਜਾਣਗੇ, ਉਦੋਂ ਕਰ ਲਈਂ।

ਤੀਸਰੇ ਦਿਨ ਉਹ ਕਹਿਣ ਲੱਗਿਆ ਕਿ ਬੀਜੀ ਮੈਂ ਤਾਂ ਹੋ ਗਿਆ ਠੀਕ, ਮੈਂ ਤਾਂ ਦੋ ਦਿਨ ਲੇਟਿਆਂ।

ਇੱਥੇ ਹੀ ਹੋਰ ਪ੍ਰੇਮੀ ਨੇ ਬਹੁਤ ਸਾਰੇ, ਇੱਕ ਦੇ ਹੱਥ ਦੇ ਉਤੇ ਵੱਡੇ-ਵੱਡੇ ਚਟਾਕ ਪੈ ਗਏ। ਮਾਸਟਰ ਸੀ ਖੰਟ ਦਾ। ਉਹ ਆਇਆ, ਕਹਿਣ ਲੱਗਿਆ ਮੇਰੇ ਇਸ ਤਰ੍ਹਾਂ ਹੋ ਗਿਆ। ਮੈਂ ਕਿਹਾ, ਮਾਸਟਰ ਜੀ! ਤੁਸੀਂ ਥੋੜ੍ਹੇ ਜਿਹੇ ਨਾਸਤਕ ਹੁੰਦੇ ਓਂ, ਜੇ ਤੁਹਾਨੂੰ ਵਿਸ਼ਵਾਸ਼ ਆ ਜਾਵੇ ਤਾਂ ਮੈਂ ਦਵਾਈ ਦੱਸ ਦਿੰਦਾ ਹੈ। ਕਹਿੰਦਾ ਜੀ, ਹੁਣ ਤਾਂ ਮੈਨੂੰ ਵਿਸ਼ਵਾਸ਼ ਕਰਨਾ ਹੀ ਪੈਣਾ ਹੈ। ਮੈਂ ਕਿਹਾ, ਤੂੰ ਐਸ ਤਰ੍ਹਾਂ ਕਰ, ਰਤਵਾੜਾ ਸਾਹਿਬ ਚਲਿਆ ਜਾਹ, ਉਥੋਂ ਝਾੜੂ ਦੇ ਕੇ ਧੂੜੀ ਲੈ ਲੈ, ਆਪਣੇ ਹੱਥ 'ਤੇ ਮਲ ਲੈ। ਜਪੁਜੀ ਸਾਹਿਬ ਦੇ ਮੈਂ ਪਾਠ ਦੱਸ ਦਿੱਤੇ। ਉਹ ਚਾਰ ਪੰਜ ਦਿਨ ਬਾਅਦ ਆਇਆ, ਕਹਿੰਦਾ ਜੀ ਮੇਰੇ ਹੱਥ ਤਾਂ ਠੀਕ ਹੋ ਗਏ, ਹੁਣ ਮੈਂ ਜਪੁਜੀ ਸਾਹਿਬ ਦੇ ਪਾਠ ਕਰਾਂ ਕਿ ਨਾ ਕਰਾਂ? ਮੈਂ ਕਿਹਾ ਉਹ ਤਾਂ ਤੈਨੂੰ ਸਵਾ ਮਹੀਨਾ ਕਰਨੇ ਪੈਣਗੇ।

ਇੱਕ ਪ੍ਰੇਮੀ ਹੋਰ ਸੀ ਉਹਦਾ ਹੱਥ ਬਹੁਤ ਖਰਾਬ ਹੋ ਗਿਆ। ਦੋਵੇਂ ਹੱਥ ਖਰਾਬ ਹੋ ਗਏ, ਦੋਵੇਂ ਪੈਰ। ਪਾਣੀ ਗਿਰਨ ਲੱਗ ਗਿਆ, ਲਕੀਰਾਂ ਪੈ ਗਈਆਂ ਹੱਥ 'ਚ। ਬੀਬੀ ਜੀ ਨੇ ਕਿਹਾ ਜਿੱਥੇ ਸਿੰਘ ਇਸ਼ਨਾਨ ਕਰਦੇ ਨੇ ਉਥੋਂ ਗਾਰਾ ਮਲ ਲੈ। ਹੁਣ ਜੇ ਡਾਕਟਰ ਨਾਲ ਇਹ ਗੱਲ ਕਰੋ ਉਹ ਤਾਂ ਕਹੇਗਾ ਕਿ ਤੁਸੀਂ ਤਾਂ ਐਲਰਜੀ ਦੀ ਗੱਲ ਕਰ ਦਿਤੀ। ਤਿੰਨ ਦਿਨ ਉਨ੍ਹਾਂ ਨੇ ਇਸ ਤਰ੍ਹਾਂ ਕਰਿਆਂ, ਤੀਸਰੇ ਦਿਨ ਉਹ ਹੱਥ ਠੀਕ ਹੋ ਗਏ। ਮੈਨੂੰ ਆ ਕੇ ਦਿਖਾਏ ਮੈਂ ਹੈਰਾਨ ਹੋ ਗਿਆ ਕਿ ਹੇ ਵਾਹਿਗੁਰੂ! ਐਨਾ ਛੇਤੀ ਇਲਾਜ ਤਾਂ ਕਿਤੇ ਹੈ ਹੀ ਨਹੀਂ ਦੁਨੀਆਂ ਭਰ 'ਚ। ਕਿੱਥੇ ਤਾਂ ਪੀ.ਜੀ.ਆਈ ਵਾਲੇ ਕਹਿੰਦੇ ਨੇ ਕਿ ਮਲ੍ਹਮ ਨਹੀਂ ਹੈ ਜਿਹੜੀ ਤੇਰੇ ਜ਼ਖਮਾਂ ਨੂੰ ਠੀਕ ਕਰ ਦੇਵੇ। ਕਿੱਥੇ ਉਹ ਗਾਰੇ ਨਾਲ ਹੱਥ ਲਬੇੜ

ਕੇ ਰਾਜ਼ੀ ਹੋ ਗਿਆ। ਇੱਕ ਨਹੀਂ ਮਿਸਾਲ ਹੈ।

ਇੱਥੇ ਇੱਕ ਭਾਈ ਹੈ ਤ੍ਰਿਲੋਚਨ ਸਿੰਘ ਉਹਦੀ ਮਾਤਾ ਇੱਥੇ ਆਈ। ਬਾਂਹ ਬੰਨ੍ਹੀ ਹੋਈ। ਕਾਫੀ ਬਾਂਹ ਦਾ ਮਾਸ ਹੈ ਹੀ ਨਹੀਂ ਸੀ, ਹੱਡੀਆਂ ਸੀ। ਨਹੁੰ ਵੀ ਨਹੀਂ ਸੀ। ਡਾਕਟਰ ਕਹਿੰਦੇ ਕਿ ਬਾਂਹ ਕੱਟਣੀ ਪੈਣੀ ਹੈ। ਮੈਂ ਕਿਹਾ ਭਾਈ, ਤੂੰ ਸੇਵਾ ਕਰ, ਚਰਨ ਧੂੜ ਲਾ ਲਿਆ ਕਰ, ਹੋਰ ਤਾਂ ਇਲਾਜ ਹੈ ਨਹੀਂ ਸਾਡੇ ਕੋਲ। ਸਾਡੇ ਕੋਲ ਕਿਹੜਾ ਇੱਥੇ ਡਿਸਪੈਂਸਰੀ ਖੋਲ੍ਹੀ ਹੋਈ ਹੈ। ਵੀਹ ਦਿਨ ਬਾਅਦ ਕਹਿਣ ਲੱਗੀ ਕਿ ਮੇਰੀ ਬਾਂਹ ਦੇਖ ਲਓ। ਮੈਂ ਕਿਹਾ ਕਿ ਮੈਂ ਤਾਂ ਪਹਿਲਾਂ ਹੀ ਦੇਖੀ ਹੋਈ ਨਹੀਂ ਭੁੱਲਿਆ। ਮਹੀਨੇ ਬਾਅਦ ਦਿਖਾਇਆ ਤਾਂ ਦੂਜੀ ਬਾਂਹ ਦਾ ਰੰਗ ਕਾਲਾ, ਜਿਹੜੀ ਰੱਬ ਨੇ ਧੂੜੀ ਲਾਉਣ 'ਤੇ ਠੀਕ ਕਰੀ ਬਾਂਹ ਉਹਦਾ ਰੰਗ ਸਾਫ। ਤੇ ਸਾਰਾ ਮਾਸ ਆ ਗਿਆ, ਨਹੁੰ ਵੀ ਨਵੇਂ ਆਉਣ ਲੱਗ ਗਏ।

ਇੱਕ ਮਿਸਾਲ ਨਹੀਂ ਕਈ ਨੇ ਕਿ ਚਰਨ ਧੂੜ ਨਾਲ ਕਿਵੇਂ ਰਾਜ਼ੀ ਹੁੰਦੇ ਨੇ। ਸੋ ਇਹ ਕੋਈ ਮਹਾਰਾਜ ਨੇ ਕਵਿਤਾ ਨਹੀਂ ਬਣਾਈ ਹੈ ਕਿ ਅੱਖਰ ਨਾਲ ਅੱਖਰ ਜੋੜਿਆ ਹੈ। ਸੋ ਮਹਾਰਾਜ ਕਹਿੰਦੇ -

***ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥***
***ਅੰਗ - ੧੩੫***

ਚਾਹੇ ਮੁਖ ਦੀ ਧੂੜੀ ਹੈ, ਚਾਹੇ ਚਰਨ ਧੂੜੀ ਹੈ। ਉਹਦੀ ਮਹੱਤਤਾ ਹੀ ਮਹੱਤਤਾ ਹੈ।

***ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥***
***ਅੰਗ - ੧੩੫***

ਇਸ ਦੇ ਨਾਲ ਹੋਏਗਾ ਕੀ? ਮਹਾਰਾਜ ਕਹਿੰਦੇ -

***ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥***
***ਅੰਗ - ੧੩੫***

ਜਿਹੜਾ ਸਾਡੇ ਅੰਦਰ ਗੁਮਾਨ ਹੈ ਨਾ, ਅਹੰਭਾਵ ਕਿ ਮੈਂ ਹਾਂ, ਇਹਦੇ ਨਾਲ ਅਸੀਂ ਫਸੇ ਹੋਏ ਹਾਂ। ਸਾਰੇ ਆਪਾਂ ਜਿੰਨੇ ਵੀ ਫਸੇ ਹੋਏ ਹਾਂ, ਮੈਂ ਭਾਵ ਹਾਂ, ਜੇ ਮੈਂ ਭਾਵ ਟੁੱਟ ਜਾਵੇ, ਅਸੀਂ ਵਾਹਿਗੁਰੂ ਨੂੰ ਹੁਣੇ ਹੀ ਮਿਲ ਸਕਦੇ ਹਾਂ। ਇਹ ਨਹੀਂ ਟੁੱਟਦਾ, ਇਹਨੂੰ ਹਉਮੈ ਕਹਿੰਦੇ ਨੇ। ਹਉਮੈ ਦਾ ਇਲਾਜ ਇੱਕੋ ਹੀ ਹੈ -

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦***

ਨਾਮ ਦੇ ਨਾਲ ਇਹਦਾ ਵਿਰੋਧ ਹੈ, ਜਦੋਂ ਅਸੀਂ ਨਾਮ ਜਪਾਂਗੇ ਇਹਦੇ ਨਾਲ ਇੱਕ ਤਾਂ ਜਿਹੜੀ ਜਨਮਾਂ-ਜਨਮਾਂਤਰਾਂ ਦੀ ਕਰਮਾਂ ਦੀ ਮੈਲ ਲੱਗੀ ਹੋਈ ਹੈ ਉਹ ਲਹਿ ਜਾਏਗੀ ਤੇ ਮੈਂ ਭਾਵ ਖਤਮ ਹੋ ਜਾਏਗਾ।ਮੈਂ ਭਾਵ ਖਤਮ ਹੋਣ ਦੇ ਨਾਲ ਜਿਹੜਾ ਸਾਡਾ ਜੰਮਣ ਮਰਨ ਦਾ ਚੱਕਰ ਹੈ ਉਹ ਵੀ ਖਤਮ ਹੋ ਜਾਏਗਾ। ਫੇਰ ਜਿਹੜੇ ਨੁਕਸ ਨੇ ਸਾਡੇ ਵਿਚ -

***ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥***
***ਅੰਗ - ੧੩੬***

ਇਹ ਬੜੀਆਂ ਦੁਖੀ ਕਰਨ ਵਾਲੀਆਂ ਤਾਕਤਾਂ ਨੇ। ਮਹਾਰਾਜ ਕਹਿੰਦੇ, ਇਹ ਵੀ ਲੰਘ ਜਾਣਗੀਆਂ ਸਾਰੀਆਂ।

***ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥***
***ਅੰਗ - ੧੩੬***

ਸੋ ਇਸ ਤਰ੍ਹਾਂ ਇਸ ਮਹੀਨੇ ਦੇ ਵਿੱਚ ਆਪ ਦੂਰ-ਦਰਾਜ ਤੋਂ ਪਹੁੰਚੇ ਓਂ। ਇਹਦੇ ਵਿੱਚ ਮਹਾਰਾਜ ਜੀ ਨੇ ਕਿੰਨੇ ਹੀ ਫੁਰਮਾਨ ਕਰ ਦਿੱਤੇ, ਚਾਰ ਕੁ ਤੁਕਾਂ 'ਚ ਹੀ। ਦੂਜਾ ਦੱਸ ਦਿੱਤਾ ਕਿ ਆਦਮੀ ਉਸਤਤ ਵਾਸਤੇ ਜੀਉਂਦਾ ਹੈ, ਮਹਾਰਾਜ ਕਹਿੰਦੇ ਸੱਚੇ ਮਾਰਗ 'ਤੇ ਚੱਲ। ਦੋ ਰਸਤੇ ਨੇ ਇਕੱ ਝੂਠਾ ਮਾਰਗ ਹੈ, ਇੱਕ ਸੱਚਾ ਮਾਰਗ ਹੈ। ਝੂਠਾ ਮਾਰਗ ਜੇ ਥੋੜੇ ਜਿਹੇ ਅੱਖਰਾਂ 'ਚ ਸਮਝਣਾ ਹੋਵੇ, ਜਿਹੜਾ ਬੰਦਾ ਆਪਣੇ ਵਾਸਤੇ ਜੀਉਂਦਾ ਹੈ, ਆਪਣੀਆਂ ਕੋਠੀਆਂ ਬਣਾਉਂਦਾ ਹੈ, ਆਪਣੀਆਂ ਜ਼ਮੀਨਾਂ-ਜਾਇਦਾਦਾਂ ਬਣਾਉਂਦਾ ਹੈ, ਆਪਣਾ ਨਾਮ ਪੈਦਾ ਕਰਦਾ ਹੈ। ਮਹਾਰਾਜ ਕਹਿੰਦੇ, ਤੇਰੇ ਨਾਲ ਤਾਂ ਕੋਈ ਨਹੀਂ ਜਾਣਾ, ਇਹ ਸਭ ਚੀਜ਼ਾਂ ਇੱਥੇ ਹੀ ਰਹਿ ਜਾਣੀਆਂ ਨੇ। ਇਹ ਮਾਰਗ ਸੱਚਾ ਨਹੀਂ। ਸੱਚਾ ਮਾਰਗ ਉਹ ਹੈ ਜਿਹੜਾ ਦੂਸਰਿਆਂ ਵਾਸਤੇ ਜੀਉਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਨੇ ਸਾਹਿਬਜ਼ਾਦੇ ਸ਼ਹੀਦ ਕਰਾਏ। ਉਨ੍ਹਾਂ ਕੋਲ ਬੜਾ ਸੋਹਣਾ ਰਾਹ ਸੀ, ਕੋਈ ਐਸ ਤਰ੍ਹਾਂ ਨਹੀਂ ਸੀ ਕਿ ਉਹ ਅੜਿੱਕੇ ਆਏ ਹੋਏ ਨੇ। ਬਹੁਤ ਸੋਹਣਾ ਰਾਹ ਸੀ ਉਨ੍ਹਾਂ ਕੋਲ ਕਿ ਸਾਹਿਬਜ਼ਾਦਿਆਂ ਨੂੰ ਉਹ ਦੂਰ ਭੇਜ ਦਿੰਦੇ। ਪਹਿਲਾਂ ਪਤਾ ਹੀ ਕਿ ਐਨੇ ਲੱਖ ਫੌਜ ਚੜ੍ਹ ਕੇ ਆ ਰਹੀ ਹੈ, ਜੰਗ ਯੁੱਧ ਹੋਣੇ ਨੇ ਜੇ ਅਸੀਂ ਮਨੁੱਖੀ ਨਜ਼ਰੀਏ ਨਾਲ ਵੀ ਦੇਖੀਏ, ਮਨੁੱਖ ਵੀ ਅੰਦਾਜ਼ਾ ਲਾ ਲੈਂਦਾ ਹੈ ਕਿ ਇਹ ਤਾਂ ਬਹੁਤ ਵੱਡਾ ਘੇਰਾ ਪੈ ਜਾਣਾ ਹੈ। ਆਪਣੇ ਨਿੱਜ ਵਾਸਤੇ ਨਹੀਂ ਮਹਾਰਾਜ ਜੀਏ। ਸੰਸਾਰ ਵਾਸਤੇ ਜੀਏ ਨੇ। ਦੂਸਰੇ ਦੇ ਵਾਸਤੇ ਜੀਉਂਦੇ ਨੇ। ਜਿਹੜਾ ਦੂਸਰੇ ਦੇ ਵਾਸਤੇ ਜੀਉਂਦਾ ਹੈ ਫੇਰ ਉਹ ਸੰਸਾਰ ਦਾ ਭਲਾ ਕਰਨ ਵਾਸਤੇ ਹਰ ਰੋਜ਼ ਅੰਦਰੋਂ ਕਹਿੰਦਾ ਹੈ -

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਕਿਉਂਕਿ ਦੂਸਰੇ ਵਾਸਤੇ ਜੀਉਂ ਰਿਹਾ ਹੈ। ਗੁਰੂ ਮਹਾਰਾਜ ਨੇ ਨਿੱਜ ਦਾ ਜੀਉਣਾ ਨਹੀਂ ਦੱਸਿਆ। ਸੋ ਇਹ ਸੱਚੇ ਮਾਰਗ 'ਤੇ ਜਿਹੜਾ ਚਲਦਾ ਹੈ ਉਹਨੂੰ ਅਖਬਾਰ ਕਢਾਉਣ ਦੀ ਲੋੜ ਨਹੀਂ ਆਪਣੇ ਵਾਸਤੇ, ਏਜੰਟ ਰੱਖਣ ਦੀ ਲੋੜ ਨਹੀਂ ਹੈ। ਸੰਸਾਰ ਦੇ ਵਿਚ ਉਸਤਤ ਹੋਏਗੀ, ਕਿਉਂਕਿ ਸੱਚਾ ਮਾਰਗ ਉਸ ਨੇ ਅਪਣਾਅ ਲਿਆ। ਝੂਠਾ ਮਾਰਗ ਜਿਹੜਾ ਹੈ ਅਸੀਂ ਲੋਕ ਝੂਠ 'ਤੇ ਚੱਲ ਰਹੇ ਹਾਂ, ਜਿਹੜੀਆਂ ਚੀਜ਼ਾਂ ਛੱਡ ਜਾਣੀਆ ਨੇ ਉਨ੍ਹਾਂ ਨਾਲ ਮੋਹ ਪਾਇਆ ਹੋਇਆ ਹੈ। ਉਹ ਨਾਲ ਕੋਈ ਨਹੀਂ ਜਾਣੀ। ਜਿਹੜੀਆਂ ਚੀਜ਼ਾਂ ਨਾਲ ਜਾਣੀਆਂ ਨੇ, ਉਹਦੇ ਵਲ ਸਾਡਾ ਧਿਆਨ ਹੀ ਨਹੀਂ। ਮਹਾਰਾਜ ਯਾਦ ਕਰਾਉਂਦੇ ਨੇ -

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥ ਅੰਗ - ੨੮੩***

ਤੂੰ ਆਇਆ ਹੀ ਪ੍ਰਮੇਸ਼ਰ ਦਾ ਨਾਮ ਲੈਣ ਵਾਸਤੇ ਹੈਂ ਪਿਆਰਿਆ! ਇਹ ਸੰਤਾਂ ਦੇ ਕੋਲੋਂ ਮਿਲਦਾ ਹੈ ਤੇ ਮੁੱਲ ਕੀ ਦੇਣਾ ਪੈਂਦਾ ਹੈ।

***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ - ੨੮੩***

ਜਿਹੜਾ ਤੇਰੇ ਅੰਦਰ ਮੈਂ ਭਾਵ ਹੈ ਇਹਨੂੰ ਤਜ ਕੇ ਮੁੱਲ ਲੈ ਲੈ। ਫੇਰ ਜਿਵੇਂ ਤੱਕੜੀਆਂ ਲਾਉਂਦੇ ਨੇ ਗੁਰੂ ਸਾਹਿਬ, ਤੇਰਾ-ਤੇਰਾ-ਤੇਰਾ। ਆਪਾਂ ਵੀ ਤੱਕੜੀ ਤੋਲਣੀ ਸ਼ੁਰੂ ਕਰ ਦਿਓ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਕਿੰਨਾਂ ਜੁੜ ਜਾਏਗਾ ਜੇ ਅਸੀਂ ਕਰੀਏ। ਅਸੀਂ ਤਾਂ ਕਰਦੇ ਹੀ ਨਹੀਂ, ਪਤਾ ਨਹੀਂ ਕੀ ਹੋਇਆ ਹੋਇਆ ਹੈ। ਨਾਮ ਨੂੰ ਬਹੁਤਾ ਹੀ ਔਖਾ ਮੰਨਦਾ ਹੈ।

***ਬੁਰੇ ਕਾਮ ਕਉ ਊਠਿ ਖਲੋਇਆ ॥***
***ਨਾਮ ਕੀ ਬੇਲਾ ਪੈ ਪੈ ਸੋਇਆ ॥ ਅੰਗ - ੭੩੮***
***ਚੰਗਿਆਈਂ ਆਲਕੁ ਕਰੇ ਬੁਰਿਆਈਂ ਹੋਇ ਸੇਰੁ ॥***
***ਅੰਗ - ੫੧੮***

ਜਿਹੜੇ ਚੰਗੇ ਕੰਮ ਨੇ ਉਨ੍ਹਾਂ ਲਈ ਆਲਸ ਕਰਦਾ ਹੈ, ਬੁਰੇ ਕੰਮਾਂ ਨੂੰ ਸ਼ੇਰ ਵਰਗਾ ਹੋ ਜਾਂਦਾ ਹੈ -

***ਧਾਰਨਾ - ਬੁਰਿਆਂ ਕੰਮਾਂ ਨੂੰ ਸ਼ੇਰ ਬਣ ਜਾਵੇ,***
***ਚੰਗਿਆਂ ਨੂੰ ਆਲਸ ਕਰੇ।***

ਸ਼ੇਰ ਵਰਗਾ ਇਰਾਦਾ ਕਰ ਲੈਂਦਾ ਹੈ, ਨਾਮ ਜਪਣ ਵੇਲੇ ਰਜਾਈ ਨਹੀਂ ਖਹਿੜਾ ਛੱਡਦੀ ਕਿ ਬਹੁਤ ਵਧੀਆਂ ਨਿੱਘ ਆਇਆ ਹੋਇਆ ਹੈ, ਕਿੱਥੇ ਨਹਾਵਾਂਗੇ। ਮਹਾਰਾਜ ਕਹਿੰਦੇ, ਤੇਰਾ ਸਮਾਂ ਲੰਘਦਾ ਜਾਂਦਾ ਹੈ। ਔਖਾ ਹੋ, ਸੌਖਾ ਹੋ ਆਹ ਗੱਲ ਨਾ ਸੁਣ, ਅੱਗੇ ਜਾ ਕੇ ਤੈਨੂੰ ਇਹਦਾ ਬਹੁਤ ਫਲ ਮਿਲਣਾ ਹੈ। ਤੂੰ ਨਾਮ ਜਪ ਲੈ, ਨਾਮ ਜਪਣ ਵਾਸਤੇ ਹੀ ਆਏ ਹਾਂ।

***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥***
***ਲਾਦਿ ਖੇਪ ਸੰਤਹ ਸੰਗਿ ਚਾਲੁ ॥***
***ਅਵਰ ਤਿਆਗਿ ਬਿਖਿਆ ਜੰਜਾਲ ॥***
***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੮੩***

ਦਰਗਾਹ 'ਚ ਜਾ ਕੇ ਮੁੱਖ ਉਜਲਾ ਹੋਣਾ ਹੈ। ਸ਼ਰਮਿੰਦਾ ਤਾਂ ਨਹੀਂ ਨਾ ਹੋਣਾ ਪਏਗਾ। ਉਹ ਤਾਂ ਬਾਹਾਂ ਖੋਲ੍ਹ ਕੇ ਚਲਦਾ ਹੈ।

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਇਸ ਤਰ੍ਹਾਂ ਚਲਦਾ ਹੈ। ਇਸ ਤਰ੍ਹਾਂ ਨਹੀਂ ਕਿ ਸੁੰਗੜ ਕੇ ਚਲ ਰਿਹਾ ਹੈ। ਦਰਗਾਹ 'ਚ ਤਾਂ ਜਾਣਾ ਹੀ ਜਾਣਾ ਹੈ ਸਾਧਸੰਗਤ ਜੀ। ਇੱਥੇ ਤਾਂ ਇੱਕ temporary ਕੈਂਪ ਹੈ, ਫੌਜਾਂ ਵਿੱਚ ਹੁੰਦੇ ਸੀ, ਫੌਜੀਆਂ ਨੂੰ ਛੁੱਟੀ ਭੇਜ ਦੇਣਾ, ਰੰਗਰੂਟ ਜਿਹੜੇ ਹੁੰਦੇ ਫੇਰ ਜਮ੍ਹਾਂ ਹੋ ਜਾਂਦੇ ਸੀ ਫੇਰ ਜਾ ਕੇ ਕੈਂਪ 'ਚ। ਉਥੇ demand ਆਈ ਜਾਂਦੀ ਸੀ ਕਿ ਐਨਿਆਂ ਨੂੰ ਭੇਜ ਦਿਓ, ਐਨਿਆਂ ਨੂੰ ਇਸ ਪਲਟਨ 'ਚ, ਐਨਿਆਂ ਨੂੰ ਓਸ ਪਲਟਨ 'ਚ, ਉਸ ਰਸਾਲੇ 'ਚ। ਉਹ ਜਾਈ ਜਾਂਦੇ ਸੀ। ਆਹੀ ਕੰਮ ਸਾਡਾ ਹੈ। ਥੋੜ੍ਹੀ ਦੇਰ ਵਾਸਤੇ, ਥੋੜ੍ਹੇ ਸਵਾਸ ਥੋੜ੍ਹੀ ਪੂੰਜੀ ਲੈ ਕੇ ਅਸੀਂ ਆਏ ਹਾਂ। ਇਹਦੇ ਬਾਅਦ ਸਾਨੂੰ ਭੇਜਿਆ ਜਾਣਾ ਹੈ, ਜਿਹੋ ਜਿਹੀ ਟਰੇਨਿੰਗ ਲਈ ਹੈ, ਉਹੋ ਜਿਹੇ ਜਾਣਾ ਹੈ, ਜੇ ਨਰਕਾਂ ਵਾਲੀ ਲਈ ਹੈ ਨਰਕਾਂ 'ਚ ਹੀ ਜਾਵਾਂਗੇ, ਜੇ ਸਵਰਗਾਂ ਵਾਲੀ ਲਈ ਹੈ ਸਵਰਗਾਂ 'ਚ ਜਾਵਾਂਗੇ। ਜੇ ਗੁਰੂ ਨਾਲ ਪਿਆਰ ਕਰਿਆ ਹੈ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥***
***ਅੰਗ - ੫੧੭***

ਸੋ ਉਥੇ ਹੋਣੀ ਹੈ ਧੰਨ-ਧੰਨ ਵੀ ਹੋਣੀ ਹੈ, ਬੇਇਜ਼ਤੀ ਵੀ ਹੋਣੀ ਹੈ।

ਹੁਣ ਇੱਥੇ ਫੇਰ ਮਹਾਰਾਜ ਸਾਡੇ ਨਾਲ ਗੱਲ ਕਰਦੇ ਨੇ ਕਿ -

Alas ਅੰਗਰੇਜ਼ੀ ਦਾ ਅੱਖਰ ਹੈ ਇਹ। ਸਭ ਗੱਲ ਕਰਨ ਤੋਂ ਬਾਅਦ ਕਹਿ ਦਿੰਦੇ ਨੇ ਅਫਸੋਸ! ਮਹਾਰਾਜ ਕਹਿੰਦੇ -

***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩***

ਕੋਈ ਵਿਰਲਾ-ਵਿਰਲਾ ਪੁਰਸ਼ ਹੈ ਜਿਹੜਾ ਨਾਮ ਦਾ ਵਾਪਾਰ ਕਰਦਾ ਹੈ। ਅਸੀਂ ਬਲਿਹਾਰ ਜਾਂਦੇ ਹਾਂ ਸੌ ਵਾਰੀ। ਜਿਹਦੇ ਉਤੇ ਗੁਰੂ ਨਾਨਕ ਬਲਿਹਾਰ ਜਾਂਦਾ ਹੈ, ਉਹਦੇ ਵਰਗਾ ਬੰਦਾ ਕਿਹੜਾ ਹੈ ਦੁਨੀਆਂ ਦੇ ਅੰਦਰ, ਜਿਹੜਾ ਉਹਦੀ ਨਿਗ੍ਹਾਂ 'ਚ ਆਇਆ ਹੋਇਆ ਹੈ। ਉਹਦਾ ਮੁਕਾਬਲਾ ਤਾਂ ਕੋਈ ਕਰ ਹੀ ਨਹੀਂ ਸਕਦਾ-

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - ੧੮੬***

ਉਹਦਾ ਕਿਹਾ ਹੋਇਆ ਦਰਗਾਹ ਵਾਲੇ ਵੀ ਮੰਨਦੇ ਨੇ। ਉਹ ਨਿਗ੍ਹਾ ਥੱਲੇ ਕਿਉਂ ਲਿਆਵੇ। ਰਾਜੇ ਰਾਣੇ, ਮਹਾਰਾਜ ਕਹਿੰਦੇ ਉਹ ਤਾਂ ਕੁਛ ਵੀ ਨਹੀਂ ਹਨ -

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ - ੮੫੮***

ਇਹਦੀ ਬਰਾਬਰੀ ਨਹੀਂ ਕੋਈ ਕਰ ਸਕਿਆ ਕਰਦਾ। ਇਸ ਕਰਕੇ ਜਿਹੜੇ ਕੰਮ ਨੂੰ ਕਰਨ ਵਾਸਤੇ ਅਸੀਂ ਆਏ ਹਾਂ, ਮਹਾਰਾਜ ਸਮਝਾਉਂਦੇ ਨੇ ਕਿ -

***ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥***
***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ ॥ ਅੰਗ - ੧੩੬***

ਇਹ ਵਾਕ ਜਿਹੜਾ ਹੈ ਨਾ ਗੁਰੂ ਸਾਹਿਬ ਦਾ, ਇਸ ਤੁਕ ਨੂੰ ਸਾਨੂੰ ਸਮਝਣਾ ਚਾਹੀਦਾ ਹੈ ਕਿ ਮਹਾਰਾਜ ਦਾ ਆਸ਼ਾ ਕੀ ਹੈ? ਕਿਉਂਕਿ ਸੂਤਰ ਰੂਪ ਵਿੱਚ ਲਿਖੀ ਹੋਈ ਬਾਣੀ ਹੈ। ਜਦੋਂ ਇਹਦੀ ਵਿਆਖਿਆ ਹੁੰਦੀ ਹੈ ਮੁੱਕਦੀ ਨਹੀਂ ਹੈ। ਰੋਜ਼ ਪੜ੍ਹਦੇ ਹਾਂ ਅਸੀਂ ਇਹ ਤੁਕ 'ਕਿਵ ਸਚਿਆਰਾ ਹੋਈਐ' ਇਹ ਵੀ ਰੋਜ਼ ਪੜ੍ਹਦੇ ਹਾਂ 'ਕਿਵ ਕੂੜੈ ਤੁਟੈ ਪਾਲਿ ॥' 'ਆਤਮ ਮਾਰਗ' 'ਚ ਲੇਖ ਆਉਣ ਲੱਗ ਗਿਆ, ਪਹਿਲਾਂ ਕੀਰਤਨ ਹੋਣ ਲੱਗ ਗਿਆ। ਕੀਰਤਨ ਹੋਇਆ, ਕਿਵ ਕੂੜੈ ਤੁਟੈ ਪਾਲਿ॥' ਨੌਂ ਘੰਟੇ ਵਿੱਚ ਆਪਾਂ ਇਕ ਤੁਕ ਸਾਂਝੀ ਕਰੀ। ਉਹਦੀਆਂ ਤਿੰਨ ਟੇਪਾਂ, ਇੱਕ ਕਿਤਾਬ ਬਣ ਗਈ। ਹੁਣ ਅੱਧੀ ਰਹਿ ਗਈ, 'ਕਿਵ ਸਚਿਆਰਾ ਹੋਈਐ॥' ਉਹਦੀ ਜਦੋਂ ਵਿਚਾਰ ਕਰਨ ਲੱਗੇ, ਸਾਢੇ ਨੌਂ ਸੌ ਪੰਨਾ ਬਣਿਆ, ਇੱਥੇ ਪੁਸਤਕਾਂ ਮਿਲਦੀਆਂ ਨੇ। ਤੁਕ ਤਾਂ ਐਨੀ ਹੀ ਹੈ 'ਕਿਵ

ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥' ਕਿਹੜਾ ਆਪਣੀ ਸੰਗਤ 'ਚ ਹੈ ਜਿਹੜਾ ਨਹੀਂ ਸਮਝਦਾ। ਉਹਦੇ ਵਿੱਚ ਰਹੱਸ ਕਿੰਨਾ ਹੈ, ਕਿੰਨੀ ਗਹਿਰੀ ਚੀਜ਼ ਹੈ, ਲਿਖਦਾ-ਲਿਖਦਾ ਮੈਂ ਵੀ ਥੱਕ ਗਿਆ, ਮੈਂ ਕਿਹਾ ਇਹ ਤਾਂ ਮੁੱਕਣਾ ਹੀ ਨਹੀਂ ਹੈ। ਹੁਣ ਇਹ ਛੋਟੀ-ਛੋਟੀ ਲਾਈਨ ਆਈ ਹੈ - ਅਠਸਠਿ ਤੀਰਥ ਸਗਲ ਪੁੰਨ........ ॥ ਅਠਾਹਠ ਤੀਰਥਾਂ ਦਾ ਪੂਰਿਆਂ ਦਾ ਪੁੰਨ ਜਿਹੜਾ ਹੈ ਨਾ ਉਹ ਮਿਲ ਸਕਦਾ ਹੈ। ਕੀਹਨੂੰ? 'ਜੀਅ ਦਇਆ ਪਰਵਾਨੁ ॥' ਜੀਅ ਦੀ ਦਇਆ ਪਰਵਾਨ ਹੈ ਵਾਹਿਗੁਰੂ ਦੇ ਦਰ ਉਤੇ। ਜਿਹੜਾ ਜੀਵਾਂ 'ਤੇ ਦਇਆ ਕਰਦਾ ਹੈ। ਉਹਨੂੰ ਪੁੰਨ ਕਿੰਨਾ ਮਿਲਦਾ ਹੈ, ਕਹਿੰਦੇ ਅਠਾਹਠ ਤੀਰਥਾਂ ਦਾ ਮਿਲਦਾ ਹੈ। ਅਠਾਹਠ ਤੀਰਥਾਂ ਦਾ ਪਹਿਲਾਂ ਤਾਂ ਅਸੀਂ ਇਸ਼ਨਾਨ ਹੀ ਨਹੀਂ ਕਰ ਸਕਦੇ। ਕਿਉਂਕਿ ਹਰ ਤੀਰਥ ਉਤੇ ਇੱਕ ਪੁੰਨ ਹੈ।

***ਤੀਰਥ ਕੀਏ ਏਕ ਫਲ***
***ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈਂ।***
***ਕਹਤ ਕਬੀਰ ਵਿਚਾਰ।***

ਗੁਰੂ ਦੇ ਮਿਲਣ 'ਤੇ ਬੇਅੰਤ ਫਲ ਮਿਲਦੇ ਨੇ ਸੋ ਇਹ ਇਕੋ ਹੀ ਕਰਮ ਕਰਨ ਦੇ ਨਾਲ ਕਿ ਜੀਅ ਦੇ ਉਤੇ ਦਇਆ ਕਰਨੀ। ਜੀਵ ਤਾਂ ਸਾਰੇ ਹੀ ਨੇ, ਅਸੀਂ ਵੀ ਜੀਵ ਹਾਂ, ਕੋਈ ਆਦਮੀ ਫਸਿਆ ਪਿਆ ਹੈ, ਬੁਰੀ ਤਰ੍ਹਾਂ ਅੜਿੱਕੇ ਆਇਆ ਹੋਇਆ, ਜੇ ਕੋਈ ਬਚਾ ਦਿੰਦਾ ਹੈ ਉਹਦੀ ਜਾਨ, ਉਹਨੂੰ ਕੱਢ ਦਿੰਦਾ ਹੈ ਤਾਂ ਦਇਆ ਹੋ ਗਈ ਉਹਦੀ। ਦਰਗਾਹ ਦੇ ਵਿੱਚ ਪ੍ਰਵਾਨ ਹੋ ਜਾਂਦੀ ਹੈ। ਮਨੁੱਖਾਂ ਦੀ ਤਾਂ ਵਾਹਿਗੁਰੂ ਨੇ ਗਿਣਨੀ ਹੀ ਸੀ, ਛੋਟੇ-ਛੋਟੇ ਜੀਵ-ਜੰਤੂਆਂ ਦੀ ਵੀ ਗਿਣ ਲੈਂਦਾ ਹੈ।

ਇੱਕ ਬਾਰ ਸੁਬਕਤਗੀਨ ਖਾਨਦਾਨ-ਏ-ਗੁਲਾਮਾਂ 'ਚ। ਮਹਿਮੂਦ ਤੋਂ ਪਹਿਲਾਂ ਹੋਇਆ ਹੈ ਉਹ। ਉਹ ਗੁਲਾਮ ਸੀ ਤੇ ਉਹ ਸ਼ਿਕਾਰ ਖੇਡਣ ਗਿਆ। ਉਥੇ ਉਹਨੇ ਹਰਨੀ ਦਾ ਬੱਚਾ ਫੜ ਲਿਆ ਜੀਉਂਦਾ। ਜੀਉਂਦਾ ਫੜ ਕੇ ਕਾਠੀ ਨਾਲ ਬੰਨ੍ਹ ਲਿਆ ਕਿ ਘਰ ਲੈ ਚੱਲਾਂਗੇ ਤੇ ਉਹਦੀ ਜਿਹੜੀ ਮਾਂ ਸੀ ਉਹ ਪਿੱਛੇ-ਪਿੱਛੇ ਤੁਰੀ ਆਉਂਦੀ ਹੈ। ਮੈਂ ਤੁਹਾਨੂੰ ਇਤਿਹਾਸ ਦੀ ਗੱਲ ਦਸਦਾ ਹਾਂ, ਇਹ ਕੋਈ ਕਲਪਤ ਨਹੀਂ ਹੈ ਉਹਨੇ ਆਪਣੇ ਆਪ ਲਿਖਿਆ ਹੈ ਕਿ ਮੈਨੂੰ ਰਾਜ ਕਿਉਂ ਅੱਲਾਹ ਤਾਲਾ ਨੇ ਦਿੱਤਾ, ਕਿਹੜੀ ਗੱਲ ਮੈਂ ਕਰੀ ਕਿ ਜਿਹਦੇ ਕਰਕੇ ਮੇਰੇ ਗੁਲਾਮ ਦੇ ਉਤੇ ਪ੍ਰਸੰਨ ਹੋ ਗਿਆ ਪ੍ਰਮੇਸ਼ਰ। ਉਹ ਜਦੋਂ ਤਿੰਨ ਚਾਰ ਮੀਲ ਆ ਗਿਆ, ਹਰਨੀ ਵੀ ਪਿੱਛੇ ਤੁਰੀ ਆਉਂਦੀ ਹੈ, ਉਹਦੇ ਧਿਆਨ 'ਚ ਆ ਗਿਆ ਕਿ ਹਰਨੀ ਪਿੱਛੇ ਆ ਰਹੀ। ਹੁਣ ਸ਼ਕਲ ਕੀ ਬਣੀ? ਹਰਨੀ ਤਾਂ ਬਣ ਗਈ ਕਿ ਮੇਰੇ ਲੜਕੇ ਦੀ ਮਾਂ ਤੇ ਜਿਹੜਾ ਹਰਨੀ ਦਾ ਬੱਚਾ ਬੰਨ੍ਹਿਆ ਹੋਇਆ ਸੀ ਤੇ ਉਹ ਮੇਰਾ ਲੜਕਾ ਹੈ, ਤੇ ਜਿਹੜਾ ਲਈਂ ਜਾਂਦਾ ਹੈ ਕਹਿੰਦਾ ਇਹ ਕੋਈ ਜ਼ਾਲਮ ਆਦਮੀ ਹੈ। ਮੇਰੇ ਬੱਚੇ ਨੂੰ ਕੋਈ ਜ਼ਾਲਮ ਆਦਮੀ ਲਈਂ ਜਾ ਰਿਹਾ ਹੈ ਤੇ ਉਹਦੀ ਮਾਂ ਦੌੜੀ ਆ ਰਹੀ ਹੈ ਪਿੱਛੇ-ਪਿੱਛੇ ਤੇ ਇੱਕ ਦਿਲ ਦੇ ਅੰਦਰ ਐਸਾ ਬਦਲਾਵ ਆਇਆ। ਉਹਨੇ ਕਿਹਾ ਕਿ ਇਹ ਵੀ ਮਾਂ ਹੈ ਇਹ ਬੱਚਾ ਹੈ ਤੇ ਮੈਂ ਜ਼ਾਲਮ ਹਾਂ ਮੈਂ ਲਈਂ ਜਾ ਰਿਹਾ ਹਾਂ। ਉਹਨੇ ਉਥੇ ਹੀ ਆਪਣਾ ਘੋੜਾ ਖੜਾਇਆ, ਰੱਸੇ ਕੱਟ ਦਿੱਤੇ। ਉਹਨੂੰ ਪਿਆਰ ਦਿੱਤਾ, ਪਿਆਰ ਦੇ ਕੇ ਛੱਡ ਦਿੱਤਾ। ਉਹ ਹਰਨੀ ਨੇੜੇ ਹੀ ਸੀ, ਉਹ ਨੱਠਿਆ ਬੱਚਾ, ਕੁਛ ਉਹ ਦੌੜ ਕੇ ਆਈ, ਉਹਨੇ ਉਹਨੂੰ ਬੜਾ ਪਿਆਰ ਕੀਤਾ, ਫੇਰ ਉਹ ਮੂੰਹ ਉਤੇ ਨੂੰ ਚੁੱਕ ਕੇ ਦੇਖਣ ਲੱਗ ਗਈ। ਇਹ ਚੱਲ ਪਿਆ ਬੜਾ ਖੁਸ਼ ਕਿ ਇੱਕ ਬੜਾ ਨੇਕ ਕੰਮ ਹੋਇਆ ਮੇਰੇ ਤੋਂ।

ਰਾਤ ਨੂੰ ਸੁਪਨਾ ਆਇਆ, ਫਰਿਸ਼ਤੇ ਆਏ, ਕਹਿੰਦੇ ਸੁਬਕਤਗੀਨ ਤੂੰ ਜਿਹੜਾ ਅੱਜ ਕੰਮ ਕਰਿਆ ਹੈ, ਦਇਆ ਦਾ, ਰਹਿਮ ਦਾ, ਉਹ ਖੁਦਾ ਦੀ ਦਰਗਾਹ ਵਿੱਚ ਪ੍ਰਵਾਨ ਹੋ ਗਿਆ ਤੇ ਸਾਨੂੰ ਆਹ ਤਾਜ ਦੇ ਕੇ ਭੇਜਿਆ ਹੈ ਕਿ ਇਹਦੇ ਸਿਰ 'ਤੇ ਰੱਖ ਦੇ ਤੇ ਹਿੰਦੋਸਤਾਨ ਦੀ ਬਾਦਸ਼ਾਹੀ ਦਿੱਤੀ ਤੈਨੂੰ। ਉਹਨੇ ਆਪਣੀ ਸਵਾਲਾਂ-ਉਮਰੀ 'ਚ ਇਹ ਗੱਲ ਲਿਖੀ ਕਿ ਮੈਨੂੰ ਦੇਖੋ, ਇੱਕ ਕੰਮ ਕਰਿਆ ਹੈ ਛੋਟਾ ਜਿਹਾ, ਜਿਹਦੇ ਬਦਲੇ ਮੈਨੂੰ ਹਿੰਦੋਸਤਾਨ ਦੀ ਬਾਦਸ਼ਾਹੀ ਮਿਲ ਗਈ।

ਸੋ ਮਹਾਰਾਜ ਕਹਿੰਦੇ, ਸਾਰਾ ਪੁੰਨ ਹੈ ਉਹ।

ਇੱਕ ਰਾਵੀਆ ਹੋਈ ਹੈ ਬੀਬੀ। ਸੂਫੀ ਫਿਰਕਿਆਂ 'ਚੋਂ ਹੋਈ, ਮੁੱਲ ਵਿਕੀ ਹੋਈ ਸੀ, ਗੁਲਾਮ ਸੀ। ਇਹ ਜਾਂਦੇ ਨੇ ਮੱਕੇ ਦੇ ਦਰਸ਼ਨ ਕਰਨ ਵਾਸਤੇ, ਆਹਦ ਜਿਹਨੂੰ ਕਹਿੰਦੇ ਨੇ। ਜਦੋਂ ਮੱਕਾ ਸੱਠ ਕੋਹ ਰਹਿ ਗਿਆ, ਉਥੇ ਕੈਂਪ ਹੋਇਆ। ਸਵੇਰ ਵੇਲੇ ਬਾਕੀ ਤਾਂ ਸਾਰੇ ਤੁਰ ਗਏ ਇਹ ਰਹਿ ਗਈ। ਇਹ ਰਹੀ ਹੋਈ ਤਾਂ, ਇਹਦੀ ਕੀ ਨਿਗ੍ਹਾਂ 'ਚ ਆਉਂਦਾ ਹੈ ਕਿ ਖੂਹ ਦੇ ਦੁਆਲੇ ਕੁੱਤੀ ਬੱਚਿਆਂ ਨੂੰ ਲੈ ਕੇ ਘੁੰਮ ਰਹੀ ਹੈ ਤੇ ਪਾਣੀ ਮਿਲਦਾ ਨਹੀਂ। ਗੋਡੇ ਲਾਉਂਦੀ ਹੈ, ਕਦੇ ਮੂੰਹ ਲੰਮਾ ਕਰਦੀ ਹੈ। ਤੁਸੀਂ ਦੇਖਿਆ ਹੀ ਹੈ ਜਦੋਂ ਪਿਆਸਾ ਹੁੰਦਾ ਹੈ, ਬਥੇਰੇ ਤਰਲੇ ਮਾਰਦਾ ਹੈ। ਸਾਡੇ ਪਸ਼ੂ ਜਿਹੜੇ ਨੇ ਬੁਲ੍ਹਾਂ ਤੇ ਜੀਭ ਫੇਰਨ ਲੱਗ ਜਾਂਦੇ ਨੇ, ਸਿਆਣੇ ਤਾਂ ਜਾਣ ਜਾਂਦੇ ਨੇ ਕਿ ਪਿਆਸੇ ਨੇ। ਅਣਜਾਣ ਨੂੰ ਨਹੀਂ ਪਤਾ ਲਗਦਾ।

ਸੋ ਰਾਵੀਆਂ ਨੇ ਦੇਖਿਆ ਕਿ ਮੈਂ ਹੁਣ ਕਰਾਂ ਕੀ, ਮੈਂ ਇਕੱਲੀ ਹਾਂ। ਉਹਨੇ ਕੱਪੜੇ ਪਾੜਨੇ ਸ਼ੁਰੂ ਕਰ ਦਿੱਤੇ। ਉਹਦੀ ਰੱਸੀ ਵੱਟ ਲਈ। ਇੱਕ ਕੱਪੜਾ ਫਟਿਆ ਹੋਇਆ ਰੱਖ ਲਿਆ ਕਿ ਜਿਹੜਾ ਮੈਂ ਪਾਣੀ 'ਚ ਭਿਉਂ ਕੇ ਨਚੋੜ ਕੇ ਇਨ੍ਹਾਂ ਨੂੰ ਪਾਣੀ ਪਿਲਾਵਾਂਗੀ। ਉਹ ਗਿਆ ਨਾ, ਉਸ ਤੋਂ ਰਹਿ ਗਿਆ ਪੰਜ ਸੱਤ ਗਜ਼ ਹੋਰ, ਉਹਦੇ ਕੇਸ ਬੜੇ ਲੰਮੇ ਸੀ, ਉਹਨੇ ਉਹ ਕੱਟ ਲਏ, ਸਿਰ ਦੀ ਸ਼ੋਭਾ ਖੋ ਲਈ, ਰੱਸੀ ਵੱਟ ਲਈ। ਪਾਣੀ ਲਿਆ ਕੇ ਪਿਲਾਇਆ, ਕਤੂਰਿਆਂ ਨੂੰ ਵੀ ਪਿਲਾਇਆ, ਕੁੱਤੀ ਨੂੰ ਵੀ ਪਿਲਾਇਆ, ਹੁਣ ਵਸਤਰ ਕੋਈ ਨਾ ਰਿਹਾ ਕੋਲ। ਉਸ ਤੋਂ ਬਾਅਦ ਉਹ ਟਿੱਬੇ 'ਤੇ ਗਈ, ਉਥੇ ਟੋਆ ਪੁੱਟਿਆ, ਗਰਦਨ ਤੱਕ ਆਲੇ-ਦੁਆਲੇ ਰੇਤਾ ਕਰ ਲਿਆ। ਉਧਰ ਹਾਜ਼ੀ ਪਹੁੰਚ ਗਏ ਦਰਸ਼ਨ ਕਰਨ। ਇਬਰਾਹੀਮ ਉਸ ਵੇਲੇ ਪੈਗੰਬਰ ਸੀ, ਉਨ੍ਹਾਂ ਨੂੰ ਕਾਹਬਾ ਨਜ਼ਰ ਨਹੀਂ ਆ ਰਿਹਾ। ਸਾਰੇ ਕਹਿਣ ਲੱਗੇ ਕਿ ਇਹ ਕੀ ਹੋ ਗਿਆ? ਇਬਰਾਹੀਮ ਨੇ ਦੁਆ ਕਰੀ ਕਿ ਹੇ ਖੁਦਾਵੰਦ ਤਾਲਾਹ! ਇਹ ਕੀ ਗੱਲ ਹੋ ਗਈ, ਸਾਡੀ ਨਜ਼ਰ ਤੋਂ ਕਾਹਬਾ ਓਹਲੇ ਹੋ ਗਿਆ, ਕੀ ਅਸੀਂ ਕੋਈ ਗੁਨਾਹ ਕਰ ਦਿੱਤਾ। ਜੇ ਕੋਈ ਗੁਨਾਹ ਹੈ ਤਾਂ ਸਾਨੂੰ ਕ੍ਰਿਪਾ ਕਰਕੇ ਦੱਸ?

ਆਕਾਸ਼ਬਾਣੀ ਹੋਈ ਕਹਿੰਦੇ ਹਾਜ਼ੀਓ! ਜਿਹੜਾ ਕਾਹਬਾ ਹੈ ਉਹ ਹੱਜ ਕਰਨ ਗਿਆ ਹੋਇਆ ਹੈ, ਰਾਵੀਆ ਦਾ, ਇੱਥੋਂ ਸੱਠ

ਮੀਲ 'ਤੇ। ਜਾਓ ਉਥੇ ਤੁਹਾਨੂੰ ਦਰਸ਼ਨ ਹੋਣਗੇ। ਉਥੇ ਗਏ ਤਾਂ ਕਾਹਬੇ ਦੇ ਉਥੇ ਦਰਸ਼ਨ ਹੋਏ। ਰਾਵੀਆ ਦੇ ਕੋਲ ਗਏ ਤਾਂ ਉਹ ਗਰਦਨ ਤੱਕ ਤਾਂ ਬੈਠੀ ਟਿੱਬੇ 'ਚ। ਕਹਿੰਦੇ, ਤੂੰ ਬਾਹਰ ਆ ਜਾ? ਕਹਿੰਦੀ ਮੇਰੇ ਕੋਲ ਵਸਤਰ ਨਹੀਂ ਹੈ ਕੋਈ। ਵਸਤਰ ਦਿੱਤੇ, ਉਸ ਤੋਂ ਬਾਅਦ ਬੜਾ ਸਤਿਕਾਰ ਹੋਇਆ ਉਸਦਾ ਕਿ ਕਿੰਨੀ ਕਰਨੀ ਕਮਾਈ ਵਾਲੀ ਬੀਬੀ ਹੈ।

ਉਹ ਜਿਹੜੇ ਹਾਜ਼ੀ ਸੀ, ਸੂਫੀ ਸੀ ਉਹ ਕਹਿਣ ਲੱਗੇ ਕਿ ਬੀਬਾ! ਛੋਟੀ ਤੇਰੀ ਉਮਰ ਹੈ ਤੂੰ ਕਿਹੜਾ ਜ਼ੋਹਦ ਕਰਿਆ ਹੈ, ਕਿਹੜਾ ਤਪ ਕਰਿਆ ਹੈ? ਸਾਨੂੰ ਦੱਸ? ਸਾਡੀਆਂ ਉਮਰਾਂ ਲੰਘ ਗਈਆਂ ਤਪ ਕਰਦਿਆਂ ਦੀਆਂ, ਸਾਨੂੰ ਤਾਂ ਕਦੇ ਇਹੋ ਜਿਹੀ ਗੱਲ ਹੋਈ ਨਹੀਂ। ਉਹ ਕਿਹੜਾ ਕਰਮ ਹੈ ਜਿਹਦੇ ਕਰਕੇ ਮੰਦਰ ਕਾਹਬੇ ਦਾ ਤੇਰੇ ਦਰਸ਼ਨ ਕਰਨ ਆਇਆ ਹੈ। ਉਹ ਕਹਿੰਦੀ ਹਾਜ਼ੀਓ! ਮੈਂ ਕਰਿਆ ਤਾਂ ਕੁਛ ਨਹੀਂ, ਨੇਕ ਕਰਮ ਤਾਂ ਕੋਈ ਨਹੀਂ ਕਰਿਆ। ਮੈਂ ਤਾਂ ਇੱਥੇ ਇੱਕ ਕੁੱਤੀ ਪਿਆਸੀ ਸੀ, ਉਹਨੂੰ ਪਾਣੀ ਪਿਲਾਉਣ ਵਾਸਤੇ ਸਾਰੇ ਕੱਪੜੇ ਪਾੜ ਦਿੱਤੇ, ਜਦੋਂ ਤਾਂ ਨਾ ਪਾਣੀ ਤੱਕ ਪਹੁੰਚੀ ਤਾਂ ਮੈਂ ਆਪਣੇ ਕੇਸ ਕੱਟ ਕੇ ਰੱਸੀ ਬਣਾ ਲਈ। ਇਹ ਜਿਹੜਾ ਮੇਰਾ ਕਰਮ ਹੈ ਇਹ ਖੁਦਾ ਦੇ ਘਰ ਵਿੱਚ ਮਨਜ਼ੂਰ ਹੋ ਗਿਆ।

ਹੁਣ ਮਹਾਰਾਜ ਕਹਿੰਦੇ -

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ ॥*** ***ਅੰਗ - ੧੩੬***

ਜਿਹੜਾ ਦਇਆ ਕਰਦਾ ਹੈ, ਦਇਆ ਕਿੱਡੀ ਵੱਡੀ ਚੀਜ਼ ਹੈ, ਮਹਾਰਾਜ ਕਹਿੰਦੇ ਦਇਆ ਦੇ ਵਿਚੋਂ ਕੁੱਲ ਨੇਕੀਆਂ ਪੈਦਾ ਹੋਣੀਆਂ ਨੇ।

***ਧੌਲੁ ਧਰਮੁ ਦਇਆ ਕਾ ਪੂਤੁ ॥*** ***ਅੰਗ - ੩***

ਜਿੱਥੇ ਦਇਆ ਹੀ ਨਹੀਂ ਹੈ ਉਥੇ ਧਰਮ ਰੂਪੀ ਪੁੱਤਰ ਕਿੱਥੋਂ ਪੈਦਾ ਹੋ ਜਾਏਗਾ। ਮਹਾਰਾਜ ਕਹਿੰਦੇ -

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ ॥*** ***ਅੰਗ - ੧੧੦੩***

ਜੀਵਾਂ ਨੂੰ ਮਾਰ ਕੇ ਕਹਿੰਦੇ ਓਂ ਧਰਮ, ਫੇਰ ਅਧਰਮ ਕਿਹੜਾ ਹੋਇਆ? ਆਪਣੇ ਆਪ ਨੂੰ ਫੇਰ ਤੁਸੀਂ ਕਹਿੰਦੇ ਓਂ ਕਿ ਅਸੀਂ ਬੜੇ ਪੱਕੇ ਸਿੰਘ ਹਾਂ, ਫੇਰ ਕਸਾਈ ਕਿਹਦਾ ਨਾਮ ਧਰੋਂਗੇ ਤੁਸੀਂ। ਜਾਨਵਰ ਮਾਰ-ਮਾਰ ਕੇ ਖਾਈ ਜਾਂਦੇ ਓਂ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ, ਕਿੱਡੀ ਵੱਡੀ ਚਪੇੜ ਮਾਰੀ ਹੋਈ ਹੈ ਸਾਡੇ ਮੂੰਹ 'ਤੇ। ਦੂਜੇ ਪਾਸੇ ਮਹਾਰਾਜ ਕਹਿੰਦੇ -

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ ॥*** ***ਅੰਗ - ੧੩੬***

ਹੁਣ ਜਿਨ੍ਹਾਂ ਦੇ ਜੀਅ ਵਿੱਚ ਦਇਆ ਹੈ, ਉਹ ਕੀ ਦੇਖਦੇ ਨੇ ਕਿ ਬਿਰਧਾਂ ਦੀ ਕੋਈ ਸੰਭਾਲ ਨਹੀਂ ਹੋ ਰਹੀ। ਦਇਆ ਹੁੰਦੀ ਹੈ ਕਿ ਉਨ੍ਹਾਂ ਨੇ ਬਿਰਧਾਂ ਤੋਂ ਪੈਸਾ ਤਾਂ ਨਹੀਂ ਨਾ ਲੈਣਾ। ਉਹ ਬਿਰਧ ਆਸ਼ਰਮ ਬਣਾਉਂਦੇ ਨੇ, ਲੰਗਰ ਲਾਉਂਦੇ ਨੇ ਕਿ ਚੌਵੀ ਘੰਟੇ ਲੰਗਰ ਚੱਲੇ। ਭੁੱਖਾ ਜਦ ਆ ਕੇ ਕਹਿ ਦੇਵੇ ਕਿ ਪ੍ਰਸ਼ਾਦਾ। ਉਸੇ ਵੇਲੇ ਪ੍ਰਸ਼ਾਦਾ ਮਿਲੇ। ਵਸਤਰਾਂ ਤੋਂ ਹੀਣੇ ਜਿਸ ਵਕਤ ਆ ਕੇ ਵਸਤਰ ਦੇਖਦੇ ਨੇ ਕਿ ਇਹ ਮਰ ਜਾਏਗਾ ਅੱਜ ਰਾਤ ਨੂੰ ਜੇ ਇਹਦੇ ਉਤੇ ਵਸਤਰ ਨਾ ਦਿੱਤਾ। ਕੰਬਲ ਲੈ ਕੇ ਉਤੇ ਪਾ ਦਿੰਦੇ ਨੇ, ਸੁੱਤੇ ਪਿਆਂ ਦੇ। ਐਸੇ ਮਹਾਤਮਾ ਬਹੁਤ ਹੋਏ ਨੇ, ਰਾਤ ਨੂੰ ਜਾਣਾ ਦੇਖਣਾ ਕਿ ਬਾਹਰ ਕਿਹੜਾ ਪਿਆ ਹੈ। ਸਰਦੀ ਦਾ ਮਹੀਨਾ ਹੈ, ਉਤੇ ਕੰਬਲ ਪਾਉਂਦੇ ਚਲੇ ਜਾਂਦੇ ਨੇ। ਇਹ ਜੀਅ ਦਇਆ ਹੋਇਆ ਕਰਦੀ ਹੈ, ਬਿਮਾਰ ਹੈ ਪੈਸੇ ਨਹੀਂ ਦੇ ਸਕਦਾ, ਉਹਦੇ ਵਾਸਤੇ ਹਸਪਤਾਲ ਖੋਲ੍ਹ ਦੇਣੇ, ਮੁਫਤ ਦਵਾਈਆਂ ਦੇਣੀਆਂ ਸ਼ੁਰੂ ਕਰ ਦੇਣੀਆਂ। ਰਹਿਣ ਵਾਸਤੇ ਸਰਾਵਾਂ ਬਣਾ ਦੇਣੀਆਂ। ਧਰਮਸਾਲਾ ਬਣਾ ਦੇਣੀਆਂ, ਭਜਨ ਬੰਦਗੀ ਕਰਨ ਵਾਸਤੇ ਗੁਰਦੁਆਰੇ ਬਣਾ ਦੇਣੇ। ਮੰਦਰ ਬਣਾ ਦੇਣੇ, ਮਸਜਿਦਾਂ ਬਣਾ ਦੇਣੀਆਂ ਕਿ ਇਨ੍ਹਾਂ ਦਾ ਭਲਾ ਹੋ ਜਾਵੇ ਕੁਛ, ਸੋ ਇਹ ਸਾਰੇ ਕੰਮ ਜਿੰਨੇ ਨੇ ਇਹ ਦਇਆ ਦੇ ਕੰਮ ਨੇ, ਵਾਹਿਗੁਰੂ ਨੂੰ ਦਇਆ ਭਾਉਂਦੀ ਹੈ। ਆਦਮੀ ਕਹੇਗਾ ਕਿ ਮੇਰੀ ਐਨੀ ਸਮਾਧੀ ਲਗਦੀ ਹੈ, ਐਨੀ ਲਗਦੀ ਹੈ; ਪਿਆਸੇ ਨੂੰ ਤੂੰ ਪਾਣੀ ਨਾ ਪਿਲਾਇਆ? ਤੇਰੇ ਵਿੱਚ ਤਾਕਤ ਸੀ, ਤੂੰ ਪਾਣੀ ਪਿਲਾ ਸਕਦਾ ਸੀ ਤੇ ਉਹ ਪਾਣੀ-ਪਾਣੀ ਕਰਦਾ ਰਿਹਾ ਤੇ ਤੂੰ ਆਪਣੀ ਸਮਾਧੀ 'ਚ ਬੈਠਾ ਰਿਹਾ। ਰੱਬ ਦੇ ਦਰ 'ਤੇ ਤੇਰੀ ਸਮਾਧੀ ਨਹੀਂ ਮੰਨੀ ਜਾਣੀ ਜੇ ਤੂੰ ਪਾਣੀ ਪਿਲਾ ਦਿੰਦਾ ਤਾਂ ਤੇਰਾ ਪ੍ਰਵਾਨ ਹੋ ਜਾਂਦਾ। ਸੋ ਗੁਰਬਾਣੀ ਦੇ ਸਿਧਾਂਤ ਨੇ, ਮਹਾਰਾਜ ਕਹਿੰਦੇ-

***ਅਠਸਠਿ ਤੀਰਥ ਸਗਲ ਪੁੰਨ***
***ਜੀਅ ਦਇਆ ਪਰਵਾਨੁ ॥*** ***ਅੰਗ - ੧੩੬***

ਜੀਵ 'ਤੇ ਜੋ ਦਇਆ ਕਰਨੀ ਹੈ ਉਹ ਦਰਗਾਹ ਦੇ ਵਿੱਚ ਪ੍ਰਵਾਨ ਹੈ। ਸੋ ਇਸ ਤਰ੍ਹਾਂ ਦੇ ਨਾਲ -

***ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥***
***ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥***
***ਮਾਘਿ ਸੁਚੇ ਸੇ ਕਾਂਢੀਅਹਿ***
***ਜਿਨ ਪੂਰਾ ਗੁਰੁ ਮਿਹਰਵਾਨੁ ॥*** ***ਅੰਗ - ੧੩੫***

ਜਿਹਨੂੰ ਵਾਹਿਗੁਰੂ ਇਹ ਸੁਭਾਅ ਦਿੰਦਾ ਹੈ ਦਇਆ ਕਰਕੇ। ਵਾਹਿਗੁਰੂ ਦੀ ਦਇਆ ਹੈ ਇਹਦੇ ਵਿੱਚ, ਜਿਹਦਾ ਐਸਾ ਸੁਭਾਅ ਹੈ, ਜਿਹੜਾ ਦੂਸਰਿਆਂ ਵਾਸਤੇ ਦਿੰਦਾ ਹੈ। ਦੂਸਰਿਆਂ ਵਾਸਤੇ ਕਰਦਾ ਹੈ, ਆਪਣੇ ਵਾਸਤੇ ਤਾਂ ਸਾਰੇ ਹੀ ਕਰਦੇ ਨੇ।

ਪਰ ਮਹਾਰਾਜ ਜੀ ਤਾਂ ਹੋਰ ਵੀ ਬਹੁਤ ਕੁਛ ਕਹਿੰਦੇ ਨੇ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਦੇਖੋ ਪਿਆਰਿਓ! ਦੁਨੀਆਂ ਦੇ ਵਿੱਚ ਕੁਛ ਪਦਵੀਆਂ ਹੁੰਦੀਆਂ ਨੇ ਜਿਨ੍ਹਾਂ ਦੇ ਤੌਰ ਦੇ ਉਤੇ ਆਦਮੀ ਦੀ ਕਦਰ ਹੁੰਦੀ ਹੈ। ਪਹਿਲਾਂ ਉਹ ਦਸਦੇ ਨੇ ਕਿ 'ਅਤਿ ਸੁੰਦਰ' ਐਨਾ ਸੋਹਣਾ ਹੋਵੇ ਕਿ ਉਹਦੇ ਮੁਕਾਬਲੇ ਹੋਰ ਕੋਈ ਹੋਵੇ ਹੀ ਨਾ। 'ਕੁਲੀਨ' ਵਧੀਆ ਕੁਲ ਦੇ ਨਾਲ ਸਬੰਧ ਹੋਵੇ ਉਸਦਾ। 'ਚਤੁਰ' ਫੇਰ ਚਲਾਕ ਐਨਾ ਹੋਵੇ ਕਿ ਕਿਸੇ ਨੂੰ ਗੱਲ ਨਾ ਆਉਣ ਦੇਵੇ। ਹਰ ਗੱਲ ਜਾਣਦਾ ਹੋਵੇ, ਹਰ ਗੱਲ 'ਚ ਚਤੁਰਾਈ ਜਾਣਦਾ ਹੋਵੇ। 'ਮੁਖ ਡਿਆਨੀ' ਵੱਡੇ-ਵੱਡੇ ਲੈਕਚਰ ਦੇਣ ਜਾਣਦਾ ਹੋਵੇ, ਮੂੰਹ ਦਾ ਗਿਆਨੀ ਹੈ, 'ਧਨਵੰਤ' ਪੈਸਾ ਟਕਾ ਉਸ ਕੋਲ ਬੇਅੰਤ ਹੋਵੇ। ਇਹ ਪੰਜ ਸਿਫਤਾਂ ਜੇ ਇਨ੍ਹਾਂ 'ਚੋਂ ਇੱਕ-ਇੱਕ ਵੀ ਕਿਸੇ ਕੋਲ ਹੈ, ਉਹਦਾ ਵੀ ਬੜਾ ਮਾਣ ਸੰਸਾਰ ਕਰਦਾ ਹੈ। ਜੇ ਸਾਰੀਆਂ ਹੀ

ਇੱਕ ਬੰਦੇ ਕੋਲ ਹੋਣ, ਕਹਿੰਦੇ ਫੇਰ ਤਾਂ ਉਹਦਾ ਬਹੁਤ ਮਾਣ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, ਬਿਲਕੁਲ ਗਲਤ, ਉਹਦੇ ਅੰਦਰ ਜੇ ਪਿਆਰ ਨਹੀਂ ਹੋਇਆ ਵਾਹਿਗੁਰੂ ਦਾ, ਵਾਹਿਗੁਰੂ ਦੀ ਸ੍ਰਿਸ਼ਟੀ ਨਾਲ ਪਿਆਰ ਨਹੀਂ ਕਰਦਾ।

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ - ੨੫੩***

ਜੇ ਉਹਦੇ ਵਿੱਚ ਦਇਆ ਪੈਦਾ ਨਹੀਂ ਹੋਈ। ਸੰਸਾਰ ਕੀਹਦਾ ਹੈ? ਵਾਹਿਗੁਰੂ ਦਾ ਹੈ। ਇਹਦੇ ਵਿੱਚ ਦੁਖੀ ਵੀ ਹੈਗੇ, ਸੁਖੀ ਵੀ ਹੈਗੇ, ਮਜ਼ਬੂਰ ਵੀ ਹੈਗੇ, ਸਾਡੇ ਗੁਰੂ ਸਾਹਿਬ ਨੇ ਸੇਵਾ ਤੇ ਸਿਮਰਨ ਨੂੰ ਪ੍ਰਧਾਨਗੀ ਦਿੱਤੀ ਹੈ। ਵਾਹਿਗੁਰੂ ਦਾ ਨਾਮ ਜਪਣਾ-

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਸੰਸਾਰ 'ਚ ਰਹਿ ਕੇ ਸੇਵਾ ਕਰੋ, ਹੁਣ ਆਪਣੀ ਹੀ ਤਾਂ ਨਹੀਂ ਸੇਵਾ ਕਰੀ ਜਾਣੀ। ਆਪਣੀ ਵੀ ਕਿਸੇ ਹੱਦ ਤੱਕ ਹੁੰਦੀ ਹੈ, ਬਾਲ-ਬੱਚਿਆਂ ਦੀ ਸੇਵਾ, ਮਾਂ-ਬਾਪ ਦੀ ਸੇਵਾ। ਸੰਸਾਰ ਸੇਵਾ ਮੰਗ ਰਿਹਾ ਹੈ।

ਤੁਸੀਂ ਤੁਰੇ ਜਾ ਰਹੇ ਓਂ, ਆਪਣੀ ਜ਼ਿੰਦਗੀ ਹੈ ਬਹੁਤ busy, ਕਾਰਾਂ ਵਾਲੇ ਨੇ. ਟਰੱਕਾਂ ਵਾਲੇ ਨੇ, ਮੋਟਰਸਾਈਕਲਾਂ ਵਾਲੇ ਨੇ, ਹੁਣ ਕਿਸੇ ਬੰਦੇ ਨੇ ਕੋਈ ਪੈਂਚਰ ਵਗੈਰਾ ਲਾਉਣ ਵਾਸਤੇ ਕੋਈ ਪੱਥਰ ਚੁੱਕ ਲਿਆ, ਆਪਣਾ ਪੈਂਚਰ ਲਾਇਆ ਤੇ ਤੁਰ ਪਿਆ ਤੇ ਮਾੜਾ ਜਿਹਾ ਪਰ੍ਹੇ ਕਰ ਦਿੱਤਾ। ਉਹ ਆਦਮੀ ਚਾਹੇ ਜਪੁਜੀ ਸਾਹਿਬ ਦੇ ਦਸ ਪਾਠ ਰੋਜ਼ ਕਰਦਾ ਹੈ, ਉਸ ਆਦਮੀ ਨੇ ਪਾਪ ਕਰਿਆ ਹੈ ਬੜਾ ਭਾਰਾ। ਉਹ ਹਨ੍ਹੇਰੇ ਦੇ ਵਿੱਚ ਜਦੋਂ ਲਾਈਟ ਪੈਣੀ ਹੈ, ਓਧਰੋਂ ਸਕੂਟਰ ਜਾਂ ਕਾਰ ਵਾਲਾ ਆ ਗਿਆ, ਜੇ ਉਸ ਬੰਦੇ ਦਾ ਐਕਸੀਡੈਂਟ ਹੋ ਗਿਆ, ਉਸ ਬੰਦੇ ਦੇ ਸਿਰ 'ਤੇ ਗਿਆ ਇਹ ਪਾਪ ਸਾਰਾ ਹੀ। ਕਿਉਂਕਿ ਲਾਪਰਵਾਹ ਰਿਹਾ। ਉਹਨੇ ਸੇਵਾ ਨਹੀਂ ਕਰੀ, ਉਹ ਪੱਥਰ ਉਥੇ ਹੀ ਰਹਿਣ ਦਿੱਤਾ ਸੜਕ ਦੇ ਉਤੇ। ਜੇ ਕੋਈ ਰੱਬ ਦਾ ਪਿਆਰਾ ਆ ਗਿਆ, ਉਹਦੇ ਮਨ 'ਚ ਜਾਗਦਾ ਹੈ ਕਿ ਆਹ ਪੱਥਰ ਰਾਤ ਨੂੰ ਜਾਂ ਤਾਂ ਐਕਸੀਡੈਂਟ ਕਰਾਏਗਾ, ਕਾਰਾਂ ਭੰਨੇਗਾ, ਜਾਂ ਕਿਸੇ ਸਕੂਟਰ ਵਾਲੇ ਨੂੰ ਸੁੱਟੇਗਾ ਇਹ। ਉਹਨੇ ਉਤਰ ਕੇ ਉਹਨੂੰ ਪਰ੍ਹੇ ਨੂੰ ਕਰ ਦਿੱਤਾ। ਉਹਨੇ ਚਾਹੇ ਗੁਰਦੁਆਰੇ ਚਾਹੇ ਪੰਜਾਹ ਟੋਕਰੀਆਂ ਸੁੱਟ ਦਿੱਤੀਆਂ। ਇਹ ਕੰਮ ਨਹੀਂ ਕਰਿਆ, ਉਹਦੇ ਨਾਲੋਂ ਇਹਦਾ ਮੁੱਲ ਜ਼ਿਆਦਾ ਪੈਣਾ ਹੈ ਰੱਬ ਦੀ ਦਰਗਾਹ 'ਚ, ਇਹ ਗੱਲਾਂ ਨੇ ਛੋਟੀਆਂ-ਛੋਟੀਆਂ। ਦਰਖਤ ਬੀਜੇ ਹੋਏ ਨੇ, ਬੱਕਰੀਆਂ ਖਾਣ ਲੱਗ ਗਈਆਂ, ਪਸ਼ੂ ਆ ਕੇ ਖਾਣ ਲੱਗ ਗਏ, ਪਸ਼ੂ ਨੇ ਤਾਂ ਰੱਜਣਾ ਹੀ ਨਹੀਂ ਹੈ, ਦਰਖਤ ਨੇ ਕਿੱਡਾ ਵੱਡਾ ਹੋਣਾ ਹੈ, ਉਹਦੀ ਰਾਖੀ ਕਰਨਾ ਸਾਡਾ ਹੀ ਫਰਜ਼ ਹੈ ਦਰਖਤ ਦੀ। ਇਨ੍ਹਾਂ ਵਿਚਾਰਿਆਂ ਦਾ ਕੌਣ ਵਾਲੀ-ਵਾਰਿਸ ਹੈ, ਅੰਨ੍ਹੇਵਾਹ ਤੋੜੀ ਜਾਓ ਇਨ੍ਹਾਂ ਨੂੰ, ਭੰਨੀ ਜਾਓ। ਇਹ ਵਾਹਿਗੁਰੂ ਨੇ ਸਾਡੀ ਜ਼ਿੰਦਗੀ ਵਾਸਤੇ ਦਿੱਤੇ ਹੋਏ ਨੇ ਜਿਹੜੇ ਦਰਖਤ ਦਿੱਤੇ ਹੋਏ ਨੇ। ਫੁੱਲ ਦਿੱਤੇ ਹੋਏ ਨੇ। ਹੁਣ ਸਾਡਾ ਨਿਸ਼ਚਾ ਇਹ ਹੈ ਕਿ ਫੁੱਲ ਲਿਆ ਕੇ ਗੁਰੂ ਸਾਹਿਬ ਨੂੰ ਚਾੜ੍ਹੋ। ਗੁਰੂ ਸਾਹਿਬ ਕਹਿੰਦੇ ਕਿਉਂ ਭੁੱਲ ਗਿਆ, ਤੂੰ ਜਿਹਨੂੰ ਚਾੜ੍ਹ ਰਿਹਾ ਹੈਂ ਉਹ ਫੁੱਲ ਦੀ ਸੁਗੰਧੀ ਨਹੀਂ ਲੈ, ਉਹ ਜਿਹਨੂੰ ਨਿਰੰਕਾਰ ਸਮਝਦਾ ਹੈਂ ਉਹ ਤਾਂ ਸਾਰੇ ਪਰੀਪੂਰਨ ਹੈ। ਫੁੱਲ ਨੂੰ ਪਹਿਲਾਂ ਸਮਝ ਕਿ ਕਹਿੰਦਾ ਕੀ ਹੈ? ਤੇਰੇ ਸਮਝਾਉਣ ਵਾਸਤੇ ਵਾਹਿਗੁਰੂ ਨੇ ਪੈਦਾ ਕਰਿਆ ਹੈ। ਉਹ ਕਹਿੰਦਾ, ਦੇਖ ਤੂੰ ਹੈਂ ਇਨਸਾਨ। ਮੈਂ ਬੇਸਹਾਰਾ ਬੂਟਾ। ਤੇਰੇ ਉਤੇ ਮੇਰੀ ਜ਼ਿੰਦਗੀ ਟਿਕੀ ਹੈ, ਮੈਨੂੰ ਪਾਣੀ ਦੇ ਦਿੱਤਾ ਤਾਂ ਤੇਰੀ ਮਿਹਰਬਾਨੀ। ਜੇ ਨਹੀਂ ਦਿੱਤਾ ਤਾਂ ਮੇਰਾ ਕੋਈ ਜ਼ੋਰ ਨਹੀਂ। ਹਨ੍ਹੇਰੀਆਂ ਆਈਆਂ, ਕੱਕਰ ਪਏ, ਬਹੁਤ ਗਰਮੀਆਂ ਆਈਆਂ, ਮੈਂ ਇੱਕ ਦਾਣਾ ਇਹਦੇ ਵਿਚੋਂ ਉੱਗ ਕੇ ਕਿੱਥੇ ਪਹੁੰਚਿਆ, ਕਿੱਥੇ ਪਹੁੰਚਿਆ ਮੈਂ ਇਸ ਵੇਲੇ ਖਿੜਿਆ ਪਿਆ ਸੁਗੰਧੀ ਦੇ ਰਿਹਾ ਹਾਂ।

ਗੱਲ ਵਿਚਾਰਨ ਵਾਲੀ ਹੈ ਥੋੜ੍ਹੀ ਜਿਹੀ। ਇੱਕ ਵਾਰੀ ਮੈਂ ਮੈਗਜ਼ੀਨ 'ਚ ਲਿਖੀ ਸੀ ਖੋਲ੍ਹ ਕੇ। ਹੁਣ ਉਹ ਕਹਿੰਦਾ ਕਿ ਦੇਖ ਤੇਰੇ ਤੇ ਮੇਰੇ 'ਚ ਕਿੰਨਾ ਫਰਕ ਹੈ। ਤੂੰ ਇਨਸਾਨ ਕਹਾਉਂਦਾ ਹੈਂ, ਚੌਰਾਸੀ ਲੱਖ ਜੂਨਾਂ ਦਾ ਸਰਦਾਰ ਹੈਂ, ਤੇਰੇ ਮੱਥੇ ਦੇ ਵਿੱਚ ਤਿਊੜੀਆਂ ਪਈਆਂ ਹੋਈਆਂ ਨੇ, ਖੁਸ਼ੀ ਹੈ ਹੀ ਨਹੀਂ ਤੇਰੇ ਬੁਲ੍ਹਾਂ 'ਤੇ, ਤੇਰੀਆਂ ਅੱਖਾਂ ਦੇ ਵਿੱਚ ਘੂਰ ਹੈ। ਦੂਜੇ ਨੂੰ ਡਰਾਉਂਦਾ ਹੈਂ ਤੂੰ। ਮੈਂ ਤਾਂ ਇੱਕ ਨਿਤਾਣਾ ਫੁੱਲ ਹਾਂ, ਮੈਂ ਖਿੜ ਕੇ ਦੂਜਿਆਂ ਨੂੰ ਖੁਸ਼ ਕਰ ਰਿਹਾ ਹਾਂ। ਮੇਰੇ ਕੋਲ ਹੋਰ ਕੁਛ ਨਹੀਂ, ਮੇਰੇ ਕੋਲ ਸੁਗੰਧੀ ਹੈ, ਮੈਂ ਸਾਰੀ ਸਾਰੀ ਤੁਹਾਨੂੰ ਵੰਡ ਦੇਣੀ ਚਾਹੁੰਦਾ ਹਾਂ, ਆਪਣੇ ਕੋਲ ਕੁਛ ਨਹੀਂ ਰੱਖਣਾ ਚਾਹੁੰਦਾ। ਫੇਰ ਮੈਂ ਤੈਨੂੰ ਦਸਦਾ ਹਾਂ ਏ ਮਨੁੱਖ! ਮੈਂ ਵੀ ਸੰਸਾਰ ਤੋਂ ਜਾਣਾ ਹੈ, ਤੂੰ ਵੀ ਜਾਣਾ ਹੈ। ਤੂੰ ਰੋ ਕੇ ਜਾ ਰਿਹਾ ਹੈਂ, ਮੈਂ ਖਿੜ ਕੇ ਜਾ ਰਿਹਾ ਹਾਂ। ਹੁਣ ਜੇ ਉਸ ਫੁੱਲ ਨੂੰ ਤੋੜ ਲਓ ਟਾਹਣੀ ਤੋਂ, ਲਿਆ ਕੇ ਮੱਥਾ ਟੇਕ ਦਿਓ। ਮਹਾਰਾਜ ਨੂੰ ਤਾਂ ਲੋੜ ਹੀ ਨਹੀਂ ਫੁੱਲਾਂ ਦੀ। ਲਿਖਿਆ - ਭੁੱਲੀ ਮਾਲੀਨੀ ਤੂੰ ਕਹਿੰਦੇ, ਤਿੰਨ ਦੇਵਤੇ ਤੋੜ ਲਏ। ਇਹ ਫੁੱਲ ਨਾਲ ਕੀਹਨੂੰ ਰੀਝਾਉਂਦੀ ਹੈਂ ਨਿਰੰਕਾਰ ਤਾਂ ਪਰੀਪੂਰਨ ਹੈ -

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ***
***ਤਾਰਿਕਾ ਮੰਡਲ ਜਨਕ ਮੋਤੀ ॥***
***ਧੂਪੁ ਮਲਆਨਲੋ ਪਵਣੁ ਚਵਰੋ ਕਰੇ***
***ਸਗਲ ਬਨਰਾਇ ਫੂਲੰਤ ਜੋਤੀ ॥ ਅੰਗ - ੧੩***

ਆਹ ਸਾਰੇ ਫੁੱਲ ਆਰਤੀ ਕਰ ਰਹੇ ਨੇ ਤੇ ਤੂੰ ਤੋੜ-ਤੋੜ ਕੇ ਅੰਦਰ ਨੂੰ ਲਈ ਜਾਂਦਾ ਹੈਂ ਮੰਦਰ, ਗੁਰਦਵਾਰਿਆਂ 'ਚ। ਇਹ ਗੱਲਾਂ ਸਮਝਣ ਵਾਲੀਆਂ ਨੇ ਸਾਧਸੰਗਤ ਜੀ! ਆਦਮੀ ਜਿਹਦੇ ਅੰਦਰ ਜੋਤ ਜਗਦੀ ਹੈ, ਉਹਨੂੰ ਫਟਾਫਟ ਸਮਝ ਵਿੱਚ ਆ ਜਾਂਦਾ ਹੈ। ਉਹ ਦੂਸਰੇ ਦੇ ਵਾਸਤੇ ਜੀਵਨ ਜਿਉਂ ਰਿਹਾ ਹੈ। ਆਪਣੀ ਸੁਗੰਧੀ ਦੂਸਰਿਆਂ ਨੂੰ ਵੰਡ ਰਿਹਾ ਹੈ। ਉਹ ਕਹਿੰਦਾ, ਤੂੰ ਨਹੀਂ ਸੁਗੰਧੀ ਵੰਡ ਰਿਹਾ। ਤੂੰ ਡਰ ਦੇ ਰਿਹਾ ਹੈਂ ਦੂਸਰਿਆਂ ਨੂੰ। ਡਰਾ ਰਿਹਾ ਹੈਂ, ਉਲਟੇ ਕੰਮ ਕਰ ਰਿਹਾ ਹੈਂ, ਦੂਸਰਿਆਂ ਨੂੰ ਦੁਖੀ ਕਰ ਰਿਹਾ ਹੈਂ। ਤੇਰੀ ਸੁੰਦਰਤਾ ਕੀ ਕਰੇਗੀ, ਤੇਰੀ ਅਮੀਰੀ ਕੀ ਕਰੇਗੀ। ਤੇਰੇ ਅੰਦਰ ਖੇੜਾ ਨਹੀਂ ਹੈ। ਤੂੰ ਦੂਸਰਿਆਂ ਵਾਸਤੇ ਨਹੀਂ ਜਿਉਂ ਰਿਹਾ ਹੈ ਇਸ ਵਾਸਤੇ ਤੂੰ ਮੁਰਦਾ ਸਰੀਰ ਹੈਂ। ਦੋ ਤਰ੍ਹਾਂ ਦੇ ਮੁਰਦੇ ਹੁੰਦੇ ਨੇ, ਇੱਕ ਮੁਰਦਾ ਉਹ ਹੈ ਜਿਹਦੇ 'ਚੋਂ ਚੇਤਨ ਕਲਾ ਨਿਕਲ ਜਾਂਦੀ ਹੈ, ਆਪਾਂ ਕਹਿੰਦੇ ਹਾਂ ਮਰ ਗਿਆ ਇਹ। ਇਕ ਉਹ ਹੈ ਜੀਉਂਦਾ ਹੁੰਦਾ ਹੈ ਪਰ ਉਹਦੇ ਵਿੱਚ ਚੇਤਨ ਕਲਾ

***(ਬਾਕੀ ਪੰਨਾ 39 ਤੇ)***

# ਸ਼ਹੀਦੀ ਸਾਕਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਦਿਸੰਬਰ ਅੰਕ, ਪੰਨਾ- 45)*

ਪਹਿਲਾਂ ਪੈਰ ਕੱਢੇ ਤੇ ਅੰਦਰ ਚਲੇ ਗਏ, ਜਾ ਕੇ ਅੰਦਰ ਗੱਜ ਕੇ ਫਤਹਿ ਬੁਲਾਈ। ਜੋ ਉਥੇ ਦਾ ਮਰਿਆਦਾ ਰੱਖਣ ਵਾਲਾ ਸੀ ਕਹਿੰਦਾ ਬੱਚਿਓ! ਐਉਂ ਨਹੀਂ ਹੁੰਦਾ, ਪਹਿਲਾਂ ਔਧੇ ਝੁਕੋ, ਫੇਰ ਸੱਤ ਵਾਰੀ ਸਲਾਪ ਕਰੋ। ਕਹਿੰਦੇ, ਅਸੀਂ ਤਾਂ ਨਹੀਂ ਝੁਕਦੇ। ਇੱਕ ਦੂਜੇ ਨਾਲ ਸਲਾਹ ਕਰੀ ਕਿ ਐਸ ਤਰ੍ਹਾਂ ਕਹਿੰਦੇ ਨੇ। ਜਦੋਂ ਪੁੱਛਿਆ ਕਿ ਝੁਕਦੇ ਕਿਉਂ ਨਹੀਂ ਓਂ, ਉਸ ਵੇਲੇ ਇਸ ਤਰ੍ਹਾਂ ਦੇ ਨਾਲ ਜਵਾਬ ਦਿੰਦੇ ਨੇ ਪੜ੍ਹੋ ਸਾਰੇ -

***ਧਾਰਨਾ - ਸੀਸ ਅਰਪ 'ਦੇ ਗੁਰਾਂ ਨੂੰ ਆਪਣੇ,***
***ਪਾਪੀਆਂ ਨੂੰ ਨਹੀਂਓਂ ਝੁਕਣੇ।***

ਕਹਿੰਦੇ, ਨਵਾਬ ਸਾਹਿਬ! ਤੁਸੀਂ ਸਾਰੇ ਪਾਪ ਕਮਾਉਣ ਵਾਲੇ ਬੈਠੇ ਓਂ। ਇੱਕ ਗੱਲ ਦਾ ਜਵਾਬ ਦੇਵੋ, ਕੁਰਾਨ ਸ਼ਰੀਫ ਰੱਖ ਕੇ ਤੁਸੀਂ ਕਸਮਾਂ ਤੋੜੀਆਂ। ਜਦੋਂ ਤੁਸੀਂ ਕੁਰਾਨ ਸ਼ਰੀਫ ਨੂੰ ਹੀ ਨਹੀਂ ਮੰਨਦੇ, ਤਾਂ ਫੇਰ ਤੁਸੀਂ ਨਾਸਤਕ ਹੋ ਗਏ, ਕਾਫਰ ਹੋ ਗਏ। ਪਾਮਰ ਲੋਕ ਹੋ ਤੁਸੀਂ। ਆਹ ਸੀਸ ਜਿਹੜਾ ਸਾਡਾ ਹੈ ਇਹ ਗੁਰੂ ਨੂੰ ਦਿੱਤਾ ਹੋਇਆ ਹੈ, ਅਰਪਿਆ ਹੋਇਆ ਹੈ। ਸਾਡਾ ਸੀਸ ਨਹੀਂ ਹੈ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ - ੮੨੭***

ਇਹ ਲੱਗਿਆ ਸਾਡੇ ਉਤੇ ਹੈ ਪਰ ਹੈ ਗੁਰੂ ਦਾ; ਏਸ ਗੁਰੂ ਦੇ ਪਵਿੱਤਰ ਸੀਸ ਨੂੰ ਪਾਪੀਆਂ ਦੇ ਅੱਗੇ ਝੁਕਾ ਦੇਈਏ ਆ ਕੇ, ਕਾਫਰਾਂ ਦੀ ਸਭਾ ਵਿਚ ਝੁਕਾ ਦੇਈਏ। ਜਿਨ੍ਹਾਂ ਨੂੰ ਆਪਣੇ ਈਸ਼ਟ ਦਾ ਹੀ ਧਿਆਨ ਨਹੀਂ ਹੈ, ਕੁਰਾਨ ਸ਼ਰੀਫ ਦੀ ਹੀ ਇੱਜ਼ਤ ਨਹੀਂ ਹੈ, ਪੈਗੰਬਰ ਤੋਂ ਜਿਹੜੇ ਬਾਗੀ ਹੋਏ-ਹੋਏ ਨੇ, ਇਨ੍ਹਾਂ ਨੂੰ ਨਹੀਂ ਸਾਡਾ ਸੀਸ ਝੁਕਣਾ।

***ਕਰਤਾ ਪੁਰਖ ਅਕਾਲ ਕ੍ਰਿਪਾਲੂ।***
***ਸਭਿ ਤੇ ਬਡੋ ਕਾਲ ਕੋ ਕਾਲੂ।***
***ਕਿਸ ਆਗੇ ਹਮ ਅਰਪੇ ਸੀਸ।***
***ਸਕਲ ਕਲਾ ਸਮਰਥ ਜਗਦੀਸ਼।***
***ਇਹ ਨਰ ਪਾਮਰ ਪਾਪ ਕਮਾਵੈਂ।***
***ਕਿਮ ਇਨ ਆਗੇ ਸੀਸ ਨਿਵਾਵੈਂ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਸੀਸ ਨਿਵਾਉਂਦੇ ਹਾਂ ਅਸੀਂ, ਸਾਧੂ ਸੰਤਾਂ ਦੇ, ਬੰਦਗੀ ਕਰਨ ਵਾਲਿਆ ਦੇ ਚਰਨਾਂ ਦੀ ਧੂੜ ਹਾਂ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੬***

ਇਹ ਹੰਕਾਰੀ ਸਿਰ ਨਹੀਂ ਹੈਗਾ, ਨਿਮ੍ਰਤਾ ਦਾ ਭਰਿਆ ਹੋਇਆ ਹੈ। ਪਰ ਇਹ ਪਾਪੀਆਂ ਨੂੰ ਨਹੀਂ ਨਿਵਣਾ। ਬੰਦਗੀ ਕਰਨ ਵਾਲਿਆਂ ਨੂੰ, ਪ੍ਰਮੇਸ਼ਰ ਦੇ ਪਿਆਰਿਆਂ ਨੂੰ, ਤਾਂ ਅਸੀਂ ਕਹਿੰਦੇ ਹਾਂ ਕਿ ਇਸ ਸੀਸ ਦਾ ਮੂੜ੍ਹਾ ਬਣਾ ਦੇਈਏ -

***ਤੈ ਸਾਹਿਬ ਕੀ ਬਾਤ ਜਿ ਆਖੈ***
***ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***
***ਅੰਗ - ੫੫੮***

ਉਹ ਥਾਂ ਹੈ ਸਾਡੇ ਝੁਕਣ ਦਾ, ਉਥੇ ਅਸੀਂ ਚਰਨਾਂ ਦੀ ਧੂੜ ਬਣਨ ਨੂੰ ਤਿਆਰ ਹਾਂ ਪਰ ਪਾਪੀਆਂ ਦੇ ਅੱਗੇ? ਕਹਿਣ ਲੱਗੇ, ਬੱਚਿਓ! ਕਿਸ ਜ਼ੋਰ ਦੇ ਅੱਗੇ ਤੁਸੀਂ ਗੱਲਾਂ ਕਰ ਰਹੇ ਓਂ? ਤੁਹਾਡਾ ਪਿਤਾ, ਤੁਹਾਡੇ ਭਰਾ ਸਾਰੇ ਸ਼ਹੀਦ ਹੋ ਚੁੱਕੇ ਨੇ। ਅੱਖਾਂ ਨਾਲ ਦੇਖਿਆ ਅਸੀਂ ਗੁਰੂ ਗੋਬਿੰਦ ਸਿੰਘ ਸ਼ਹੀਦ ਹੋਇਆ ਤੇ ਤੁਸੀਂ ਹੁਣ ਕਿਸ ਦੀ ਆਸ ਰੱਖਦੇ ਓਂ। ਕਹਿਣ ਲੱਗੇ, ਹੱਸ ਪਏ ਦੋਵੇਂ, ਕਹਿੰਦੇ ਪਿਤਾ ਜੀ? ਕੌਣ ਹੈ ਦੁਨੀਆਂ ਦੇ ਅੰਦਰ ਪੈਦਾ ਹੋਇਆ, ਜਿਹੜਾ ਉਨ੍ਹਾਂ ਦੀ ਝਾਲ ਨੂੰ ਝੱਲ ਲਵੇ -

***ਧਾਰਨਾ - ਐਸਾ ਜੰਮਿਆ ਨਾ ਜਗਤ ਉਤੇ ਕੋਈ,***
***ਝਾਲ ਜਿਹੜਾ ਝੱਲੇ ਗੁਰਾਂ ਦੀ।***

ਇਹ ਗੱਲ ਕਹਿੰਦੇ ਓਂ ਕਿ ਸ਼ਹੀਦ ਕਰ ਦਿੱਤੇ। ਕੌਣ ਹੈ ਦੁਨੀਆਂ ਦੇ ਵਿੱਚ ਜਿਹੜਾ ਗੁਰੂ ਮਹਾਰਾਜ ਦੀ ਝਾਲ ਝੱਲੇ।

***ਸ੍ਰੀ ਸਤਿਗੁਰ ਜੋ ਪਿਤਾ ਹਮਾਰਾ।***
***ਜਗ ਮਹਿਂ ਕੌਨ ਸਕਹਿ ਤਿਹ ਮਾਰਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਕੋਈ ਵੀ ਦੁਨੀਆਂ ਦੇ ਅੰਦਰ ਐਸਾ ਨਹੀਂ ਜਿਹੜਾ ਉਨ੍ਹਾਂ ਨੂੰ ਮਾਰ ਸਕੇ। ਐਨਾ ਕੂੜ ਬੋਲਦੇ ਓਂ? ਓਸ ਵੇਲੇ ਸਾਰੇ ਚੁੱਪ ਕਰ ਰਹੇ, ਬਚਨ ਸੁਣਦੇ ਨੇ ਕਿ ਐਨੀ ਦਲੇਰੀ? ਐਨੀ ਸਾਫਗੋਈ ਤੇ ਐਨੀ ਬਾਤ ਇਹ ਕਰ ਰਹੇ ਨੇ, ਤਾਂ ਉਸ ਵੇਲੇ ਜਿਹੜੇ ਸਿਆਣੇ ਸੀ ਵਿੱਚ ਬੈਠੇ ਉਹ ਕਹਿਣ ਲੱਗੇ ਨਵਾਬ ਸਾਹਿਬ! ਇਹ ਬੱਚੇ ਨੇ, ਬੱਚਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਕਿਉਂਕਿ ਸ਼ੀਰਖੋਰ ਨੇ, ਪੰਜ ਸਾਲ ਤੇ ਸੱਤ ਸਾਲ ਦੇ। ਤੁਸੀਂ ਆਪਣੇ ਬੱਚਿਆਂ ਵਲ ਨਿਗ੍ਹਾ ਮਾਰੋ ਕਿਸੇ ਨਾਲ ਲੜਾਈ ਕਰਦੇ ਨੇ, ਝਗੜਾ ਕਰਦੇ ਨੇ।

***ਸ਼ੀਰ ਖੋਰ ਇਨ ਕਹਾਂ ਬਿਗਾਰਾ।***
***ਲਰਿਬੇ ਮਿਲਿਬੇਨਹਿਨ ਬਿਚਾਰਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਨਾ ਇਨ੍ਹਾਂ ਨੂੰ ਪਤਾ ਹੈ ਕਿ ਲੜਾਈ ਕੀ ਹੁੰਦੀ ਹੈ, ਨਾ ਇਨ੍ਹਾਂ ਨੂੰ ਪਤਾ ਹੈ ਕਿ ਮਿਲਾਪ ਕੀ ਹੁੰਦਾ ਹੈ? ਇਹ ਬੱਚੇ ਆਪਣੀ ਮਰਜ਼ੀ ਦੇ ਨਾਲ ਬੋਲੀ ਜਾਂਦੇ ਨੇ, ਜੋ ਕੁਛ ਇਨ੍ਹਾਂ ਨੇ ਸਮਝਿਆ ਹੈ, ਮਾੜੀ ਤਾਂ ਕੋਈ ਗੱਲ ਇਨ੍ਹਾਂ ਨੇ ਕਹੀ ਨਹੀਂ, ਸਾਰੀ ਗੱਲ ਤਾਂ ਇਨ੍ਹਾਂ ਨੇ ਸਹੀ ਕਹਿ ਦਿੱਤੀ। ਅਸੀਂ ਸਾਰੇ ਸ਼ਰਮਸ਼ਾਰ ਹਾਂ, ਕੁਰਾਨ ਸ਼ਰੀਫ ਰੱਖ ਕੇ ਅਸੀਂ ਕਸਮਾਂ ਤੋੜੀਆਂ, ਠੀਕ ਹੈ ਬੱਚੇ ਕਹਿੰਦੇ ਨੇ ਕਿ ਤੁਸੀਂ ਕਾਫਰ ਓਂ, ਤੁਸੀਂ ਆਪਣੇ ਧਰਮ ਨੂੰ ਨਹੀਂ ਮੰਨਿਆ। ਤੁਸੀਂ ਐਡੀ ਵੱਡੀ ਗਲਤ ਗੱਲ ਕਰੀ ਹੈ। ਕੀ ਤੁਹਾਡਾ ਇਤਬਾਰ ਤੁਸੀਂ ਤਾਂ ਕਾਫਰ ਓਂ। ਨਵਾਬ ਨਰਮੀ 'ਚ ਆ ਗਿਆ ਕਹਿਣ ਲੱਗਿਆ, ਅੱਛਾ, ਫੇਰ ਇਨ੍ਹਾਂ ਨੂੰ ਸਜ਼ਾ ਕਾਹਦੀ

ਦੇਣੀ ਹੈ। ਬੱਚਿਆਂ ਨੂੰ ਛੱਡ ਦਿਓ।

ਉਸ ਵੇਲੇ ਸਾਰਿਆਂ ਦੇ ਮਨਾਂ 'ਚ ਇੱਕ ਖੁਸ਼ੀ ਜਿਹੀ ਦੌੜੀ ਕਿਉਂਕਿ ਸਾਰੇ ਬਾਲ ਬੱਚਿਆਂ ਵਾਲੇ ਸੀ। ਇੱਕ ਖੜ੍ਹਾ ਹੋ ਗਿਆ ਖਤਰੀ ਸੁੱਚਾ ਨੰਦ ਨਾਮ ਦਾ, ਜਿਹਨੂੰ ਝੂਠਾ ਨੰਦ ਕਹਿੰਦੇ ਨੇ, ਕਹਿੰਦਾ ਨਵਾਬ ਸਾਹਿਬ! ਮੇਰੀ ਜਾਤ ਦੇ, ਮੇਰੇ ਭਾਈਚਾਰੇ ਦੇ ਨੇ, ਮੈਂ ਤੁਹਾਡਾ ਹੈਗਾ ਖੈਰ ਖੁਵਾ ਗਲਤੀ ਨਾ ਕਰੋ, ਇਹ ਬੱਚੇ ਬੱਚੇ ਨਹੀ ਰਹਿਣੇ, ਇਹ ਤਾਂ ਇਨ੍ਹਾਂ ਨੇ ਦਿਨਾਂ 'ਚ ਹੀ ਵੱਡੇ ਹੋ ਜਾਣਾ ਹੈ। ਜੋ ਕੁਛ ਇਨ੍ਹਾਂ ਦੇ ਪਿਤਾ ਨੇ ਕਰਿਆ ਹੈ ਉਸ ਤੋਂ ਇਨ੍ਹਾਂ ਨੇ ਘੱਟ ਨਹੀਂ ਕਰਨਾ। ਆਓ ਮੈਂ ਤੁਹਾਨੂੰ ਦਿਖਾ ਦੇਵਾਂ। ਬਾਹਰ ਲੈ ਗਏ ਤਿੰਨ ਦੁਕਾਨਾਂ ਲਾ ਦਿੱਤੀਆਂ। ਬੱਚਿਆਂ ਨੂੰ ਬੁਲਾ ਲਿਆ, ਪਹਿਲੀ ਮਠਿਆਈ ਦੀ ਦੁਕਾਨ ਹੈ, ਦੂਸਰੀ ਜੋ ਹੈ ਉਹ ਖੇਡਾਂ ਦੀ ਹੈ, ਤੀਸਰੀ ਸ਼ਸਤਰਾਂ ਦੀ ਹੈ, ਕਾਜ਼ੀ ਕਹਿਣ ਲੱਗਿਆ, ਕਿ ਮੇਰੀ ਕਿਤਾਬ ਦੇ ਵਿੱਚ ਕੋਈ ਫਤਵਾ ਨਹੀਂ ਜਿਹੜਾ ਇਨ੍ਹਾਂ ਬੱਚਿਆ 'ਤੇ ਲਗ ਜਾਵੇ ਇਨ੍ਹਾਂ ਦੀ ਬਾਗੀ ਗੱਲ ਮੈਂ ਸੁਣੀ ਹੀ ਨਹੀਂ ਹੈ। ਨਾਲੇ ਬੱਚੇ ਕਿਹੜੀ ਬਗਾਵਤ ਕਰ ਸਕਦੇ ਨੇ। ਇਨ੍ਹਾਂ ਨੂੰ ਤਾਂ ਮੁਆਫ ਹੁੰਦਾ ਹੈ ਸਾਰਾ ਕੁਛ। ਕਹਿਣ ਲੱਗੇ, ਹੁਣੇ ਦਿਖਾ ਦਿੰਦੇ ਹਾਂ। ਦੁਕਾਨ 'ਤੇ ਲੈ ਗਏ। ਮਠਿਆਈ ਵਲ ਦੇਖਿਆ ਤਕ ਨਹੀਂ, ਖੇਡਾਂ ਵਲ ਨਿਗ੍ਹਾ ਹੀ ਨਹੀਂ ਕਰੀ। ਜਿਥੇ ਸ਼ਸਤਰ ਸੀ, ਛੋਟੀਆਂ-ਛੋਟੀਆਂ ਬਰਛੀਆਂ, ਛੋਟੇ-ਛੋਟੇ ਕਮਾਣਾ ਤੀਰ ਕਟਾਰਾਂ ਕ੍ਰਿਪਾਨਾਂ, ਉਹ ਚੁੱਕ ਕੇ ਫਟਾ-ਫਟ ਲਾਉਣ ਲਗ ਗਏ, ਪੇਟੀ ਲੈ ਕੇ ਉਹਦੇ ਵਿਚ, ਐਨ ਸਜ ਗਏ। ਬੜੇ ਪਿਆਰ ਨਾਲ ਕਹਿਣ ਲੱਗਿਆ, ਝੂਠਾ ਨੰਦ। ਕਹਿੰਦਾ, ਸ਼ਸਤਰ ਤਾਂ ਬੜੇ ਤੁਹਾਡੇ ਸਜਦੇ ਨੇ। ਜੇ ਤੁਹਾਨੂੰ ਅਸੀਂ ਛੱਡ ਦੇਈਏ, ਤੁਸੀਂ ਕੀ ਕਰੋਂਗੇ।

ਵੱਡੇ ਬੋਲੇ ਕਿ ਦੇਖੋ ਅਸੀਂ ਜਿਸ ਮੰਤਵ ਵਾਸਤੇ ਸਾਡੇ ਨਾਲ ਯੁੱਧ ਹੋ ਰਿਹਾ ਹੈ ਜਦ ਤੱਕ ਇਹ ਸਹੀ ਨਹੀਂ ਹੁੰਦਾ, ਓਨਾਂ ਚਿਰ ਤੱਕ ਇਹ ਯੁੱਧ ਹਟਣਾ ਨਹੀਂ ਹੈ। ਉਹ ਹੈ ਕਿ ਸਾਰਿਆਂ ਨੂੰ ਆਪਣੇ ਧਰਮ ਦੇ ਮੁਤਾਬਿਕ ਖੁੱਲ੍ਹ। ਬੰਦੇ ਆਜ਼ਾਦ ਹੋਣ, ਰਾਜਾ ਸਹੀ ਰਾਜ ਕਰਦਾ ਹੋਵੇ। ਪੱਖ-ਪਾਤ ਨਾ ਕੋਈ ਕਰਦਾ ਹੋਵੇ। ਤੁਸੀਂ ਕੀ ਕਰੋਂਗੇ? ਕਹਿੰਦੇ ਅਸੀਂ ਵੱਡੇ ਹੋ ਕੇ, ਆਪਣੇ ਹਮ ਖਿਆਲ ਅਸੀਂ ਇਕੱਠੇ ਕਰਾਂਗੇ। ਫੇਰ ਯੁੱਧ ਲੜਾਂਗੇ। ਜਦ ਐਨੀ ਗੱਲ ਹੋਈ, ਕਹਿੰਦਾ, ਕਾਜ਼ੀ ਸਾਹਿਬ! ਦੇਖੋ, ਕਿਤਾਬ, ਇਹਦੇ ਵਿਚ ਆਉਂਦਾ ਹੈ ਫਤਵਾ?

ਕਹਿੰਦਾ, ਤੁਸੀਂ ਮੇਰੀ ਗੱਲ ਮੰਨੋ। ਮੈਂ ਪੂਰੀ ਤਰ੍ਹਾਂ ਨਾਲ ਤਾੜੀ ਹੋਈ ਹੈ ਗੱਲ, ਇਸ ਤਰ੍ਹਾਂ ਕਹਿੰਦਾ ਹੈ -

***ਧਾਰਨਾ - ਇਹ ਬੱਚੇ ਨਾਗਾਂ ਦੇ,***
***ਇਹ ਨਹੀਂ ਜੀਉਂਦੇ ਛੱਡਣ ਜੋਗੇ।***
***ਨਵਾਬ ਸਾਹਿਬ! ਐਡੀ ਗਲਤੀ?***
***ਸੁਨਤਿ ਜਰਯੋ ਖੱਤ੍ਰੀ ਮਤਿਮੰਦ।***
***ਬੋਲਯੋ ਬਾਕ ਸੁਨਾਵਨ ਬ੍ਰਿੰਦ।***
***ਇਹ ਨਾਗਨ ਕੇ ਬੱਚੇ ਛੋਟੇ।***
***ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਸੁਣ ਲਈਆਂ ਗੱਲਾਂ ਇਨ੍ਹਾਂ ਦੀਆਂ?

***ਨਹਿਂ ਨਬਾਬ ਕੋ ਕਰਹਿਂ ਸਲਾਮੂ।***
***ਡਰਪਤਿ ਨਹੀਂ ਬਿਲੋਕਿ ਤਮਾਮੂ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਇਹ ਡਰਦੇ ਨਹੀਂ, ਭੋਰਾ ਜਿੰਨਾਂ ਵੀ ਨਹੀਂ ਝੁਕੇ ਹੈਗੇ। ਬੱਚਾ ਹੈ ਡਰ ਜਾਂਦਾ ਹੈ, ਕੰਬ ਜਾਂਦਾ ਹੈ। ਅਸੀਂ ਐਨੇ ਬੈਠੇ ਹਾਂ, ਕਿਹੋ ਜਿਹੀਆਂ ਅੱਖਾਂ ਵਾਲੇ ਬੈਠੇ ਨੇ ਜਿਨ੍ਹਾਂ ਨੂੰ ਦੇਖ ਕੇ ਆਦਮੀ ਐਵੇਂ ਹੀ ਡਰ ਜਾਂਦਾ ਹੈ, ਕਿਹੋ ਜਿਹੇ ਦਿਉ ਕੱਦ ਬੰਦੇ ਬੈਠੇ ਨੇ ਮਾੜਾ ਝਾਕਣ ਵਾਲੇ ਉਨ੍ਹਾਂ ਤੋਂ ਨਹੀਂ ਡਰਦੇ, ਇਹ ਤਾਂ ਐਉਂ ਖੜ੍ਹੇ ਨੇ ਜਿਵੇਂ ਡਰ ਨੂੰ ਜਾਣਦੇ ਹੀ ਨਹੀਂ ਹਨ। ਉਸ ਵੇਲੇ ਬੋਲਿਆ ਕਿ ਤੁਹਾਨੂੰ ਡਰ ਨਹੀਂ ਲਗਦਾ? ਬੱਚੇ ਕਹਿੰਦੇ ਡਰ, ਅਸੀਂ ਨਿਰਭਉ ਨੂੰ ਜਪਦੇ ਹਾਂ। ਨਿਰਭਉ ਨੂੰ ਜਿਹੜਾ ਜਪੇਗਾ ਉਹਦਾ ਭਉ ਖਤਮ ਹੋ ਜਾਏਗਾ, ਡਰ ਨਹੀਂ ਰਿਹਾ ਕਰਦਾ।

***ਨਿਰਭਉ ਜਪੈ ਸਗਲ ਭਉ ਮਿਟੈ ॥***
***ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਅੰਗ - ੨੯੩***

ਡਰਦੇ ਤਾਂ ਓਹੀ ਨੇ, ਜਿਹੜੇ ਗਲਤ ਕੰਮ ਕਰਦੇ ਹੋਣ, ਕੋਈ ਸਮਗਲਿੰਗ ਕਰਦਾ ਹੈ, ਕੋਈ ਚੋਰੀਆਂ ਕਰਦਾ ਹੈ, ਕੋਈ ਯਾਰੀਆਂ ਕਰਦਾ ਹੈ, ਕੋਈ ਵਿਭਚਾਰ ਕਰਦਾ ਹੈ, ਕੋਈ ਕਾਨੂੰਨ ਤੋਂ ਉਲਟ ਗੱਲ ਕਰਦਾ ਹੈ। ਕਹਿੰਦੇ, ਬਾਕੀ ਜਿਨ੍ਹਾਂ ਨੇ ਵਾਹਿਗੁਰੂ ਦਾ ਨਾਮ ਜਪਣਾ ਹੈ ਭਜਨ ਕਰਨਾ ਹੈ, ਦੁਨੀਆਂ ਦਾ ਭਲਾ ਕਰਨਾ ਹੈ, ਉਹ ਵੀ ਡਰਦੇ ਨੇ ਕਦੇ?

***ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ***
***ਸੋ ਡਰੈ ਜਿਨਿ ਪਾਪ ਕਮਤੇ ਰਾਮ ॥***
***ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ***
***ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥***
***ਅੰਗ - ੫੪●***

ਉਸ ਵੇਲੇ ਕਹਿਣ ਲੱਗੇ ਕਿ ਦੇਖੋ, ਤੁਹਾਨੂੰ ਅਸੀਂ ਜੀਉਂਦਾ ਤਾਂ ਛੱਡ ਦਿੰਦੇ ਹਾਂ ਪਰ ਸ਼ਰਤ ਇੱਕ ਹੈ। ਉਹ ਇਹ ਹੈ ਕਿ ਤੁਸੀਂ, ਹੁਣ ਪਿਤਾ ਤੁਹਾਡਾ ਮਾਰਿਆ ਗਿਆ, ਭਰਾ ਤੁਹਾਡੇ ਮਾਰੇ ਗਏ, ਘਰ ਤੁਹਾਡੇ ਢਾਹ ਦਿੱਤੇ, ਕੋਈ ਥਾਂ ਨਹੀਂ ਹੈ ਤੁਹਾਨੂੰ ਕਿਸੇ ਥਾਂ ਦੇ ਜਾਣ ਲਈ। ਤੁਸੀਂ ਹੁਣ ਸਾਡੇ ਦੀਨ ਵਿਚ ਆ ਜਾਓ -

***ਦੀਨ ਬਿਖੈ ਆਵਹੁ ਤੁਮ ਅਬੈ।***
***ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਸਾਡੀ ਜੋ ਸ਼ਰ੍ਹਾ ਹੈ ਤੁਰਕ ਦੀ ਉਸਨੂੰ ਮੰਨੋ।

***ਪੁਨ ਤੁਮ ਕੋ ਦੇਂ ਬਹੁ ਬਡਿਆਈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਤੁਹਾਨੂੰ ਫੇਰ ਬਾਅਦ ਵਿਚ ਵਡਿਆਈ ਦੇ ਦੇਵਾਂਗੇ, ਪਿੰਡ ਦੇ ਦੇਵਾਂਗੇ, ਇਲਾਕਾ ਪਰਗਣਾ ਦੇ ਦੇਵਾਂਗੇ ਤੇ ਨਾਲ ਹਾਥੀ ਘੋੜੇ ਦੇ ਦੇਵਾਂਗੇ।

***ਗਜ ਬਾਜੀ ਅਰੁ ਧਨ ਸਮੁਦਾਈ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਬੇਅੰਤ ਲੱਖਾਂ ਦੀ ਤਾਦਾਦ 'ਚ ਧਨ ਦੇ ਦੇਵਾਂਗੇ। ਨਾਲ ਗ੍ਰਾਮ ਦੇਵਾਂਗੇ, ਨਾਲ ਵਡਿਆਈ ਦੇਵਾਗੇ।

***ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।***
***ਕੇਤਿਕ ਚਮੂੰ ਸੰਗ ਤੁਮ ਲਾਵਹਿ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੯੫੧***

ਤੁਹਾਨੂੰ ਅਸੀਂ ਫੌਜ ਵੀ ਦੇ ਦੇਵਾਂਗੇ। ਜੇ ਲੜਨ ਭਿੜਨ ਦਾ

ਸ਼ੌਂਕ ਹੀ ਹੈ। ਤੀਰ ਕਮਾਨ ਚਲਾਉਣ ਦਾ, ਫੌਜਾਂ ਆਪਣੀਆਂ ਹੈਗੀਆਂ ਇਹਦੇ ਵਿਚ ਤੁਹਾਡੀ ਮਤੈਹਿਤ ਅਸੀਂ ਫੌਜ ਦੇ ਦੇਵਾਂਗੇ।

***ਜਿਮ ਹਮ ਕਰਹਿਂ ਅਧਿਕ ਸਿਰਦਾਰੀ।***
***ਤਿਮ ਹੋਵਹੁਗੇ ਲਿਹੁ ਸੁਖ ਭਾਰੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - ੫੯੫੧***

ਜਿਸ ਤਰ੍ਹਾਂ ਦੇ ਨਾਲ ਅਸੀਂ ਸਿਰਦਾਰੀ ਕਰਦੇ ਹਾਂ, ਸਾਡੇ ਵਾਂਗੂੰ ਤੁਸੀਂ ਵੀ ਹੋ ਜਾਵੋਂਗੇ। ਪਰ ਅਸਾਡੀ ਗੱਲ ਤੁਸੀਂ ਮੰਨ ਲਓ। ਉਸ ਵੇਲੇ ਕਹਿਣ ਲੱਗੇ, ਨਵਾਬ ਸਾਹਿਬ! ਗੱਲ ਤਾਂ ਇਹ ਹੈ ਕਿ ਅੱਲਾਹ ਨੂੰ ਮੰਨਣਾ ਹੈ, ਅਸੀਂ ਕਿਸਨੂੰ ਮੰਨਦੇ ਹਾਂ ਅਸੀਂ ਅੱਲਾਹ ਨੂੰ ਹੀ ਮੰਨ ਰਹੇ ਹਾਂ। ਅਸੀਂ ਅੱਲਾਹ ਨੂੰ ਵਾਹਿਦ ਸਮਝਦੇ ਹਾਂ, ਤੁਸੀਂ ਕਹਿੰਦੇ ਓਂ ਇਲ-ਇਲਾ ਲਾ ਇਲਾ, ਵਾਹਿਗੁਰੂ ਇੱਕ ਹੈ ਸਾਰੇ ਪਰੀਪੂਰਨ ਹੈ। ਅਸੀਂ ਵੀ ਇਹੀ ਕਹਿੰਦੇ ਹਾਂ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ। ਅਸੀਂ ਆਪਣੀ ਬੋਲੀ 'ਚ ਕਹਿੰਦੇ ਹਾਂ, 'ੴ ਸਤਿਨਾਮੁ ਕਰਤਾ ਪੁਰਖੁ' ਉਹ ਕਲਮਾਂ ਅਰਬੀ 'ਚ ਹੈ, ਸਾਡਾ ਜੋ ਕਲਮਾ ਹੈ ਇਹ ਅਸੀਂ ਆਪਣੀ ਬੋਲੀ ਵਿਚ ਪੜ੍ਹ ਰਹੇ ਹਾਂ। ਦੱਸੋ ਫਰਕ ਕੀ ਪੈ ਗਿਆ। ਜੇ ਤਾਂ ਤੁਹਾਡਾ ਧਰਮ ਧਾਰਨ ਕਰਨ ਤੋਂ ਬਾਅਦ ਮੁੜ ਕੇ ਅਸੀਂ ਮਰਨਾ ਨਹੀਂ ਹੈ, ਸਦਾ ਵਾਸਤੇ ਸੰਸਾਰ 'ਤੇ ਰਹਿਣਾ ਹੈ ਤਾਂ ਤਾਂ, ਗੱਲ ਕੋਈ ਸੋਚ ਸਕਦਾ ਹੈ ਕਮਲਾ ਬੰਦਾ ਫੇਰ ਵੀ, ਸਿਆਣਾ ਤਾਂ ਫੇਰ ਵੀ ਨਹੀਂ ਸੋਚਦਾ, ਪਰ ਇਹ ਦੱਸੋ ਤੁਹਾਡਾ ਧਰਮ ਧਾਰਨ ਕਰਨ ਤੋਂ ਬਾਅਦ ਜੀਉਂਦਾ ਰਹੇਗਾ, ਮਰੇਗਾ ਨਹੀਂ। ਨੀਵੀਆਂ ਪਾ ਲਈਆਂ, ਕਹਿੰਦੇ ਮਰਨਾ ਤਾਂ ਹੈ। ਫੇਰ ਦਰਗਾਹ ਵਿਚ ਜਾਏਗਾ ਕਿ ਨਹੀਂ। ਕਹਿੰਦੇ, ਉਹ ਵੀ ਜਾਏਗਾ। ਫੇਰ ਉਥੇ ਜਿਹੜਾ ਇਹ ਧਰਮ ਹਾਰਿਆ ਹੈ, ਇਹਦਾ ਲੇਖਾ ਦੇਣਾ ਪਵੇਗਾ ਕਿ ਟੁੱਟ ਜਾਏਗਾ ਉਹ। ਨਾ ਪ੍ਰੇਮੀਓਂ! ਬੜਾ ਤੁਹਾਡੇ ਮਨਾਂ ਵਿਚ ਭਰਮ ਪੈ ਗਿਆ। ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ, ਹਰੀ ਵੀ ਓਹੀ ਹੈ, ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਆਪਸ ਵਿਚ ਵਾਦ-ਵਿਵਾਦ ਕਰਦੇ ਓਂ -

***ਧਾਰਨਾ - ਅੱਲਾਹ ਵਾਹਿਗੁਰੂ ਹਰੀ ਦਾ ਨਾਮ ਇੱਕ ਹੈ,***
***ਭਰਮਾਂ ਵਿੱਚ ਪੈ ਗਈ ਦੁਨੀਆਂ।***

ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ, ਰਾਮ ਵੀ ਓਹੀ ਹੈ, ਰਾਮ ਵੀ ਓਹੀ ਹੈ, ਨਾਰਾਇਣ ਵੀ ਓਹੀ ਹੈ, God ਵੀ ਓਹੀ ਹੈ, ਕਿਹੜੀ ਗੱਲ ਦਾ ਰੌਲਾ ਰਹਿ ਗਿਆ।

***ਅਲਹੁ ਗੈਬੁ ਸਗਲ ਘਟ ਭੀਤਰਿ***
***ਹਿਰਦੈ ਲੇਹੁ ਬਿਚਾਰੀ ॥***
***ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥***
***ਅੰਗ - ੪੮੩***

ਜਿਹਨੂੰ ਤੁਸੀਂ ਅੱਲਾਹ ਕਹਿੰਦੇ ਓਂ ਉਹ ਘਟ-ਘਟ ਦੇ ਵਿਚ ਸਾਡੇ ਵਿਆਪਕ ਹੈ। ਉਹਨੂੰ ਕਿਵੇਂ ਕੱਢ ਲਓਂਗੇ, ਅਸੀਂ ਤਾਂ ਪਹਿਲਾਂ ਹੀ ਓਥੇ ਹਾਂ। ਉਹਦਾ ਨਾਮ ਰਹੀਮ ਹੈ, ਉਹਨੂੰ ਹੀ ਕਰਨ ਕਾਰਨ ਕਹਿੰਦੇ ਨੇ -

***ਕਾਰਨ ਕਰਨ ਕਰੀਮ ॥***
***ਸਰਬ ਪ੍ਰਤਿਪਾਲ ਰਹੀਮ ॥***
***ਅਲਹ ਅਲਖ ਅਪਾਰ ॥***
***ਖੁਦਿ ਖੁਦਾਇ ਵਡ ਬੇਸੁਮਾਰ ॥ ੧ ॥***
***ਓਂ ਨਮੋ ਭਗਵੰਤ ਗੁਸਾਈ ॥***
***ਖਾਲਕੁ ਰਵਿ ਰਹਿਆ ਸਰਬ ਠਾਈ ॥ ਅੰਗ - ੮੯੭***
***ਕਹੁ ਨਾਨਕ ਗੁਰਿ ਖੋਏ ਭਰਮ ॥***
***ਏਕੋ ਅਲਹੁ ਪਾਰਬ੍ਰਹਮ ॥ ਅੰਗ - ੮੯੭***

ਸਾਡੇ 'ਚ ਤਾਂ ਭਰਮ ਹੈ ਹੀ ਨਹੀਂ। ਇਹ ਜਿਹੜੀ ਤੁਸੀਂ ਮਰਿਆਦਾ ਕਹਿੰਦੇ ਓਂ, ਇਹ ਤੁਹਾਡੀ ਵਾਧੂ ਦੀ ਗੱਲ ਹੈ। ਇਹ ਤਾਂ ਗੁਰੂ ਮਹਾਰਾਜ ਨੇ ਸਾਡਾ ਭਰਮ ਨਿਬੇੜ ਦਿੱਤਾ।

***ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥***
***ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ ੪ ॥***
***ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥***
***ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ ਅੰਗ - ੮੮੫***

ਕਹਿੰਦੇ ਨਹੀਂ ਜਿਵੇਂ ਅਸੀਂ ਹਾਂ ਉਸ ਤਰ੍ਹਾਂ ਦਾ ਹੋਣਾ ਪਵੇਗਾ, ਕਹਿੰਦੇ ਨਾਮ ਨਹੀਂ ਸਾਡੇ ਅੰਦਰੋਂ ਨਿਕਲਣਾ।

***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥***
***ਅੰਗ - ੮੦੮***

ਬਾਕੀ ਤੁਹਾਡੀ ਮਰਜ਼ੀ ਹੈ ਜੋ ਕੁਛ ਕਰਨਾ ਹੈ ਕਰੋ, ਅਸੀਂ ਤੁਹਾਨੂੰ ਦੱਸ ਦਿੱਤੀ ਗੱਲ ਸਾਰੀ। ਮੀਟਿੰਗ ਹੁੰਦੀ ਹੈ, ਕਹਿਣ ਲੱਗੇ, ਇਹ ਤਾਂ ਜਾਂ ਤਾਂ ਇਹ ਬਣ ਜਾਣ, ਨਹੀਂ ਫੇਰ ਇਨ੍ਹਾਂ ਨੂੰ ਛੱਡਣਾ ਨਹੀਂ ਹੈ। ਵਿਚਾਰਾਂ ਚਲਦੀਆਂ ਨੇ। ਏਧਰ ਇਹ ਦੋਵੇਂ ਵੀਚਾਰ ਕਰਦੇ ਨੇ। ਕਹਿਣ ਲੱਗੇ, ਭਰਾ ਜੀ! ਹੁਣ ਆਪਾਂ ਕੀ ਕਰੀਏ, ਦੇਖੋ, ਆਪਣੇ ਪਿਤਾ ਜੀ ਦੇ ਜੋ ਪੜਦਾਦਾ ਜੀ ਸੀਗੇ, ਗੁਰੂ ਪੰਜਵੇਂ ਪਾਤਸ਼ਾਹ ਉਨ੍ਹਾਂ ਨੇ ਆਪਣਾ ਧਰਮ ਨਹੀਂ ਹਾਰਿਆ ਤੇ ਉਨ੍ਹਾਂ ਨੇ ਆਪਣਾ ਸੀਸ ਦੇ ਦਿੱਤਾ, ਫੇਰ ਆਪਣੇ ਦਾਦਾ ਜੀ ਨੂੰ ਕਿੰਨਾਂ ਇਨ੍ਹਾਂ ਨੇ ਬਰਗਲਾਇਆ ਕਿ ਆਹ ਕਰਾਂਗੇ, ਔਹ ਕਰਾਂਗੇ, ਸਾਰੀ ਮੁਸਲਿਮ ਦਾ ਪੀਰ ਮੰਨਾਂਗੇ। ਤੁਸੀਂ ਇੱਕ ਵਾਰੀ ਇਸਲਾਮ ਵਿੱਚ ਆ ਜਾਓ, ਸਾਰਾ ਭਾਰਤ ਵਰਸ਼ ਅਸੀਂ ਇਸਲਾਮ 'ਚ ਕਰਕੇ, ਫੇਰ ਤੁਸੀਂ ਵੱਡੇ ਪੀਰ ਤੁਹਾਨੂੰ ਹੀ ਮੰਨਾਂਗੇ, ਤੁਹਾਡੀਆਂ ਯਾਦਾਂ ਕਾਇਮ ਕਰਾਂਗੇ, ਕਿੰਨਾਂ ਕੁਛ ਕਿਹਾ। ਦਾਦਾ ਜੀ ਨੂੰ ਪੜਦਾਦਾ ਜੀ ਨੂੰ, ਫੇਰ ਤਨ ਤਾਂ ਆਪਣਾ ਨਾਸ਼ਵੰਤ ਹੈ, ਇਹਨੇ ਤਾਂ ਰਹਿਣਾ ਨਹੀਂ ਹੈ, ਲਾਲਚਾਂ ਦੇ ਵਿੱਚ ਦਾਦਾ ਜੀ ਨਾ ਆਏ। ਉਨ੍ਹਾਂ ਨੇ ਵੀ ਆਪਣਾ ਸੀਸ ਦੇ ਦਿੱਤਾ ਤੇ ਇਸੇ ਤਰ੍ਹਾਂ ਦੇ ਨਾਲ ਬੜਾ ਕੁਛ ਉਨ੍ਹਾਂ ਨੂੰ ਦਿਖਾਇਆ। ਉਨ੍ਹਾਂ ਨੇ ਸ਼ਹੀਦੀ ਦਾ ਸਾਕਾ ਕਰਕੇ ਦਿਖਾ ਦਿੱਤਾ।

***ਤਿਮ ਸ਼ਾਕਾ ਜਗ ਤੁਮ ਦਿਖਰਾਵੋ।***
***ਮਨ ਕੋ ਥਿਰ ਕਰਿ ਨਹੀਂ ਡੁਲਾਵੋ।***
***ਸ੍ਰੀ ਗੁਰ ਪ੍ਰਤਾਪ ਸੂਰਜ, ਗ੍ਰੰਥ ਪੰਨਾ - ੫੯੫੨***

ਮਨ ਆਪਾਂ ਤਕੜਾ ਕਰ ਲਈਏ, ਡੋਲਾਈਏ ਨਾ ਕਿਸੇ ਤਰੀਕੇ ਨਾਲ। ਕੁਛ ਕਹੀ ਜਾਣ ਜਿਹੜਾ ਇਨ੍ਹਾਂ ਦਾ ਜੀਅ ਕਰਦਾ ਹੈ -

***ਹਮਰੇ ਬੰਸ ਰੀਤਿ ਇਮ ਆਈ।***
***ਸੀਸ ਦੇਤਿ ਪਰ ਧਰਮ ਨ ਜਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ, ਗ੍ਰੰਥ ਪੰਨਾ - ੫੯੫੨***

ਜਿਵੇਂ ਰਘੁਕੁਲ ਵੰਸ਼ ਦੀ ਰੀਤ ਹੈ ਕਿ ਕਿੰਨੀਆਂ ਹੀ ਤਕਲੀਫਾਂ ਹੋਣ ਬਚਨ ਨਹੀਂ ਹਾਰਦੇ। ਕਿੰਨੀਆਂ ਹੀ ਤਕਲੀਫਾਂ ਹੋ ਗਈਆਂ। ਸ੍ਰੀ ਰਾਮਚੰਦਰ ਜੀ ਬਨਵਾਸ 'ਚ ਗਏ ਲੇਕਿਨ ਬਚਨ ਨਹੀਂ ਹਾਰਿਆ ਉਨ੍ਹਾਂ ਨੇ। ਆਪਣੀ ਬੰਸ ਦੀ ਵੀ ਜੋ ਰੀਤ ਹੈ, ਉਹਦੇ ਵਲ ਧਿਆਨ ਦੇਵੋ -

***ਧਾਰਨਾ - ਸੀਸ ਦੇਣਾ ਤੇ ਧਰਮ ਨਹੀਂਓਂ ਹਾਰਨਾ,***
***ਇਹ ਹੈ ਰੀਤ ਗੁਰੂ ਪੰਥ ਦੀ।***

ਕਹਿਣ ਲੱਗੇ, ਭਰਾਤਾ ਜੀ! ਫਤਹਿ ਸਿੰਘਾ ਡੋਲਣਾ ਨਹੀਂ ਹੈ।

ਸੀਸ ਦੇਵਾਂਗੇ, ਧਰਮ ਨਹੀਂ ਹਾਰਨਾ, ਆਪਣੇ ਤਾਂ ਵੰਸ ਦੀ ਰਤਿ ਤੁਰੀ ਆਈ ਹੈ, ਦੋ ਸੀਸ ਅਰਪਣ ਕਰ ਦਿੱਤੇ, ਸੱਤ ਕਿਵੇਂ ਪੂਰੇ ਹੋਣਗੇ, ਦੋ ਵੱਡੇ ਭਰਾਤਾ ਨੇ ਦੇ ਦਿੱਤੇ, ਚਾਰ ਤਾਂ ਹੋ ਗਏ ਨਾ, ਦੋ ਆਪਾਂ ਦੇ ਦੇਈਏ ਛੇ ਹੋ ਗਏ। ਇੱਕ ਰਹਿ ਗਿਆ ਬਾਕੀ। ਇਹ ਜੜ੍ਹ ਪੁੱਟੀ ਜਾਣੀ ਹੈ ਇਨ੍ਹਾਂ ਦੇ ਜ਼ੁਲਮ ਦੇ ਰਾਜ ਦੀ, ਪਰ ਪੁੱਟ ਹੋਣੀ ਹੈ ਸਾਡੇ ਸੀਸ ਦਿੱਤਿਆਂ। ਸਾਡਾ ਖ਼ੂਨ ਡੁਲ੍ਹਿਆਂ 'ਤੇ, ਸੋ ਆਪਾਂ ਨੂੰ ਏਸ ਨੇਕ ਕਾਰਜ ਦੇ ਵਿਚ ਦ੍ਰਿੜ੍ਹ ਹੋਣਾ ਚਾਹੀਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਉਹ ਸੁੱਚਾ ਨੰਦ ਚੁੱਕਦਾ ਹੈ, ਨਾਲ ਇਹ ਕਹਿੰਦਾ ਹੈ ਕਿ ਇਹ ਬੱਚੇ ਜਿਹੜੇ ਨੇ ਇਹ ਛੱਡਣੇ ਨਹੀਂ ਚਾਹੀਦੇ। ਬਿਲਕੁਲ ਗਲਤੀ ਨਾ ਕਰੋ, ਉਸ ਵੇਲੇ, ਸਭਾ ਦੇ ਵਿਚ ਮਲੇਰਕੋਟਲੀਏ ਬੈਠੇ ਸੀ। ਸੁਣ ਰਹੇ ਸੀ ਸਾਰੀਆਂ ਗੱਲਾਂ, ਪੁੱਛਿਆ ਕਿ ਸਭ ਦੀ ਰਾਏ ਕੀ ਹੈ, ਤੁਸੀਂ ਸਾਰੇ ਬੈਠੇ ਓਂ ਵੱਡੇ-ਵੱਡੇ, ਕੀ ਰਾਏ ਹੈ। ਕਹਿਣ ਲੱਗੇ, ਨਵਾਬ ਸਾਹਿਬ! ਬਿਲਕੁਲ ਅਨਿਆਏ ਹੋ ਰਿਹਾ ਹੈ। ਕੁਰਾਨ ਸ਼ਰੀਫ 'ਤੇ ਅਸੀਂ ਡੋਲੇ ਹਾਂ, ਇਹ ਸੱਚ ਕਹਿੰਦੇ ਨੇ, ਅਸੀਂ ਧੋਖਾ ਦਿੱਤਾ ਹੈ, ਅਸੀਂ ਕਾਫਰ ਬਣੇ ਹੋਏ ਹਾਂ ਇਸ ਵੇਲੇ। ਪਰ ਆਹ ਸ਼ੀਰਖੋਰ ਬੱਚਿਆਂ ਨੂੰ ਕਿਹੜੀ ਕਿਤਾਬ ਹੈ ਜਿਹੜੀ ਦਫਾ ਲਾ ਦਏਗੀ। ਜਿਹੜੀ ਦਫਾ ਕਾਜ਼ੀ ਲਾ ਰਿਹਾ ਹੈ, ਇਨ੍ਹਾਂ ਬੱਚਿਆਂ ਨੂੰ ਹਾਨ ਤੇ ਲਾਭ ਦਾ ਪਤਾ ਹੀ ਨਹੀਂ ਹੈ।

***ਹੁਤੇ ਸਭਾ ਮਹਿਂ ਖਾਨ ਮਲੇਰੀ।***
***ਹਤਹਿ ਜਾਨਿ ਬੋਲੇ ਤਿਸ ਬੇਰੀ।***
***ਬਾਲਕ ਸ਼ੀਰ ਖੋਰ ਕਯਾ ਦੋਸ਼।***
***ਹਾਨ ਲਾਭ ਕੀ ਇਨਹਿ ਨ ਹੋਸ਼।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ ੫੯੫੩***

ਉਸੇ ਵੇਲੇ ਖੜ੍ਹੇ ਹੋ ਕੇ ਬੋਲਣ ਲਗ ਗਏ ਕਿ ਇਨ੍ਹਾਂ ਨੂੰ ਕੀ ਹੋਸ਼ ਹੈ ਹਾਨ ਕਿੱਥੇ ਹੈ, ਲਾਭ ਕਿੱਥੇ ਹੈ। ਇਨ੍ਹਾਂ ਨੂੰ ਤੁਸੀਂ ਇਹੋ ਜਿਹੀ ਸਜ਼ਾ ਦਿੰਦੇ ਓ? ਜੇ ਸਜ਼ਾ ਦਿੰਦੇ ਓਂ ਤਾਂ ਅਸੀਂ ਇਸ ਸਜ਼ਾ ਦੇ ਕਸੂਰ ਦੇ ਭਾਗੀ ਨਹੀਂ ਬਣਦੇ, ਅਸੀਂ ਤੁਹਾਡੀ ਸਭਾ ਛੱਡ ਕੇ ਬਾਹਰ ਜਾ ਰਹੇ ਹਾਂ। ਅਸੀਂ ਨਹੀਂ ਇਸ ਪਾਪ ਦੇ ਭਾਗੀ ਬਣਨਾ। ਐਨਾ ਕਹਿ ਕੇ ਨਵਾਬ ਮਲੇਰਕੋਟਲੀਏ ਉਠੇ, ਸਭਾ ਦੇ ਵਿਚੋਂ ਬਾਹਰ ਚਲੇ ਗਏ। ਲੇਕਿਨ ਏਧਰ ਉਹ ਸੁੱਚਾ ਨੰਦ ਚੱਕੀ ਜਾਂਦਾ ਹੈ, ਮੌਕਾ ਨਾ ਗਵਾਓ ਤੇ ਤੁਸੀਂ ਹੁਣ ਇਨ੍ਹਾਂ ਨੂੰ ਛੱਡੋ ਨਾ ਜੀਉਂਦੇ। ਮੇਰੀ ਤਾਂ ਰਾਏ ਪੱਕੀ ਹੈ ਕਿ ਇਨ੍ਹਾਂ ਨੂੰ ਇੱਥੇ ਹੀ ਸ਼ਹੀਦ ਕਰ ਦਿਓ। ਉਸ ਵੇਲੇ ਫੇਰ ਪੁੱਛਦਾ ਹੈ ਨਵਾਬ, ਕਹਿੰਦਾ ਦੇਖੋ ਜਿਵੇਂ ਤੁਹਾਡਾ ਪਿਤਾ ਮਾਰਿਆ ਗਿਆ, ਤੁਹਾਡੇ ਭਰਾ ਮਾਰੇ ਗਏ, ਲੱਖਾਂ ਹਜ਼ਾਰਾਂ ਸਿੱਖ ਮਾਰੇ ਗਏ, ਬਚਾ ਲਓ ਜੇ ਜਾਨ ਤੁਹਾਡੇ ਤੋਂ ਬਚਦੀ ਹੈ। ਤੁਹਾਨੂੰ ਮੌਤ ਤੋਂ ਡਰ ਨਹੀਂ ਲਗਦਾ। ਸਾਹਿਬ ਜ਼ੋਰਾਵਰ ਸਿੰਘ, ਫਤਹਿ ਸਿੰਘ ਦੋਵੇਂ ਬੋਲੇ, ਮੌਤ ਤੋਂ ਡਰ, ਮੌਤ ਤਾਂ ਅਸੀਂ ਜਿੱਤੀ ਹੋਈ ਹੈ। ਮੌਤ ਤੋਂ ਉਹ ਡਰਦਾ ਹੈ ਜਿਹਨੇ ਜ਼ਿੰਦਗੀ 'ਚ ਆ ਕੇ ਮਾੜੇ ਕੰਮ ਕਰੇ ਨੇ, ਉਹਨੂੰ ਅੱਗੇ ਜਾ ਕੇ ਦਰਗਾਹ ਦੇ ਵਿੱਚ ਚੋਟਾ ਪੈਣਗੀਆਂ। ਉਹਨੂੰ ਰੋਣਾ ਪਏਗਾ -

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥***

***ਅੰਗ - ੩੧੫***

ਡਰੋ ਤੁਸੀਂ, ਪਾਪ ਕਮਾਇਆ ਹੈ। ਅਸੀਂ ਕਿਉਂ ਡਰੀਏ, ਮੌਤ ਤਾਂ ਹੁੰਦੀ ਹੀ ਨਹੀ, ਪਿਆਰਿਓ! ਤੁਹਾਨੂੰ ਕੀ ਪੜਦਾ ਪੈ ਗਿਆ, ਮੌਤ ਹੈ ਹੀ ਨਹੀਂ, ਰੱਬ ਨੇ ਬਣਾਈ ਨਹੀਂ।

***ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਅੰਗ - ੨੮੧***

ਦਿਸਦੀ ਚੀਜ਼ ਦਿਸਣ ਤੋਂ ਹਟ ਜਾਂਦੀ ਹੈ ਕਿਉਂਕਿ ਕਦੇ ਆਤਮਾ ਵੀ ਮਰਦੀ ਹੈ? ਸਰੀਰ ਨੇ ਰਹਿਣਾ ਕਦੇ ਨਹੀਂ ਜਿਸ ਤੋਂ ਤੁਸੀਂ ਡਰਦੇ ਓਂ, ਇਹਨੇ ਤਾਂ ਜਾਣਾ ਹੀ ਜਾਣਾ ਹੈ।

***ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥***

***ਅੰਗ - ੧੩੮●***

ਸੌ ਵਰ੍ਹਿਆ ਨਾਲ ਨਹੀਂ ਜੀਉਂਦਾ ਰਹਿੰਦਾ ਤੇ ਫੇਰ ਸੰਸਾਰ ਦੇ ਉਤੇ ਬਹੁਤ ਵੱਡੇ-ਵੱਡੇ ਪੀਰ ਪੈਗੰਬਰ ਆਏ ਨੇ, ਕੋਈ ਰਿਹਾ ਹੈ ਇਸ ਥਾਂ 'ਤੇ? -

***ਧਾਰਨਾ - ਇੱਥੇ ਰਿਹਾ ਨਾ ਜਗਤ ਉਤੇ ਕੋਈ,***
***ਵਾਰੀ ਆਈ ਉਠ ਜਾਵਣਾ।***
***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ***
***ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥***

***ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)***

ਕਹਿਣ ਲੱਗੇ ਨਵਾਬ ਸਾਹਿਬ! ਤੁਸੀਂ ਰਹਿ ਜਾਓਗੇ ਇੱਥੇ। ਆਹ ਜਿਹੜੀ ਤੁਹਾਡੀ ਸਭਾ ਬੈਠੀ ਹੈ ਇਹ ਰਹਿ ਜਾਊਗੀ। ਤੁਸੀਂ ਤਾਂ ਤੁਸੀਂ ਆਹ ਮਕਾਨ ਵੀ ਨਹੀਂ ਰਹਿਣੇ। ਕਿਲ੍ਹੇ ਵੀ ਨਹੀਂ ਰਹਿਣੇ, ਸੂਰਜ ਨਹੀਂ ਰਹਿਣਾ, ਚੰਦਰਮਾ ਵੀ ਨਹੀਂ ਰਹਿਣਾ, ਕੋਈ ਚੀਜ਼ ਵੀ ਨਹੀਂ ਇਹ ਤਾਂ ਸਾਰੀ ਕਾਲ ਨੇ ਖਾਧੀ ਪਈ ਹੈ। ਉਸ ਜੀਵਨ ਵਾਸਤੇ ਅਸੀਂ ਧਰਮ ਹਾਰ ਕੇ ਉਹਦੀ ਲੋਚਾ ਕਰੀ ਹੈ ਸਾਨੂੰ ਤਾਂ ਅਨੰਦ ਹੈ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ - ੧੩੬੫***

ਜਾਣਦਾ ਨਹੀਂ ਹੈ -

***ਕਬੀਰਾ ਮਰਤਾ ਮਰਤਾ ਜਗੁ ਮੁਆ***
***ਮਰਿ ਭਿ ਨ ਜਾਨੈ ਕੋਇ ॥***
***ਐਸੀ ਮਰਨੀ ਜੋ ਮਰੈ***
***ਬਹੁਰਿ ਨ ਮਰਨਾ ਹੋਇ ॥ ਅੰਗ - ੫੫੫***

ਜਿਹੜਾ ਸਰੀਰ ਧਰਮ ਵਾਸਤੇ ਦੇ ਗਿਆ, ਸਤਿ ਵਾਸਤੇ ਜੂਝ ਗਿਆ, ਉਹ ਦੁਬਾਰਾ ਚੱਕਰ 'ਚ ਨਹੀਂ ਆਉਂਦਾ, ਜਨਮ ਮਰਨ ਤੋਂ ਛੁੱਟ ਜਾਂਦਾ ਹੈ। ਜਦੋਂ ਚੱਕਰ 'ਚੋਂ ਅਸੀਂ ਛੁੱਟ ਜਾਣਾ ਹੈ, ਸਾਨੂੰ ਅਫਸੋਸ ਹੋਣਾ ਚਾਹੀਦਾ ਹੈ ਕਿ ਖੁਸ਼ੀ ਹੋਣੀ ਚਾਹੀਦੀ ਹੈ। ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ। ਛੱਡੋ ਇਨ੍ਹਾਂ ਗੱਲਾਂ ਨੂੰ ਤੁਸੀਂ। ਜੋ ਅਸੀਂ ਕਹਿ ਦਿੱਤਾ, ਅਸੀਂ ਉਸ ਦੇ ਉਤੇ ਅਟੱਲ ਹਾਂ, ਉਸ ਨੇ ਨਵਾਬ ਨੇ ਚਾਰੇ ਪਾਸੇ ਦੇਖਿਆ, ਜਿਧਰ ਦੇਖੇ

ਨੀਵੀਆਂ ਪਾ ਲੈਣ, ਕਹਿੰਦਾ ਕੋਈ ਵੀ ਨਹੀਂ ਉਠਦਾ ਇਨ੍ਹਾਂ ਨੂੰ ਮਾਰਨ ਵਾਸਤੇ, ਇੱਕ ਨਾ ਉਠਿਆ। ਅਖੀਰ ਇਕ ਅਫਗਾਨ ਸੀਗਾ ਉਹਦੇ ਵਲ ਇਸ਼ਾਰਾ ਹੋਇਆ। ਪਹਿਲਾਂ ਕੰਧਾਂ ਦੇ ਵਿਚ ਚਿਣਦੇ ਨੇ, ਚਿਣਨ ਦੇ ਨਾਲ ਬੜੀਆਂ ਮੰਨੋਰੰਜਕ ਬਾਤਾਂ ਦੱਸਿਆ ਕਰਦੇ ਨੇ ਕਿ ਐਸ ਤਰ੍ਹਾਂ ਹੋਇਆ, ਐਸ ਤਰ੍ਹਾਂ ਹੋਇਆ ਕਿ ਕੰਧ ਜਦ ਛਾਤੀ ਤੱਕ ਆ ਗਈ ਤਾਂ ਜ਼ੋਰਾਵਾਰ ਸਿੰਘ ਦੇ ਨੇਤਰਾਂ 'ਚੋਂ ਜਲ ਆ ਗਿਆ, ਫਤਹਿ ਸਿੰਘ ਕਹਿੰਦਾ, ਵੀਰ ਜੀ ਤੁਸੀਂ ਡੋਲਦੇ ਓਂ, ਕਹਿੰਦਾ ਨਹੀਂ ਭਰਾਤਾ ਤੂੰ ਸੰਸਾਰ 'ਚ ਮੇਰੇ ਤੋਂ ਬਾਅਦ ਆਇਆ ਲੇਕਿਨ ਹੁਣ ਜਾ ਮੇਰੇ ਤੋਂ ਪਹਿਲਾਂ ਰਿਹਾ ਹੈਂ ਤੇ ਮੈਂ ਪਿੱਛੇ ਰਹਿ ਗਿਆ। ਜੇ ਇਨ੍ਹਾਂ ਨੇ ਨਾ ਸ਼ਹੀਦ ਕਰਿਆ ਫੇਰ ਮੈਂ ਤਾਂ ਪਿੱਛੇ ਰਹਿ ਗਿਆ। ਐਸੀਆਂ ਮੰਨੋਰੰਜਕ ਬਾਤਾਂ ਹੋਇਆ ਕਰਦੀਆਂ ਨੇ। ਜੋ ਤੱਤ ਬਾਤ ਹੈ ਉਹਦੀ ਮੈਂ ਬੇਨਤੀ ਕਰਦਾ ਹਾਂ ਕਿ ਕੰਧ ਫਟ ਜਾਂਦੀ ਹੈ, ਫਟਣ ਦੇ ਨਾਲ ਐਸਾ ਹੋਇਆ ਜਿਵੇਂ ਭੁਚਾਲ ਆ ਗਿਆ ਹੁੰਦਾ ਹੈ। ਰੋੜੇ ਉਡਣ ਲੱਗ ਗਏ ਹਵਾ 'ਚ, ਅਜੇ ਵੀ ਨਬਜ਼ ਨਹੀਂ ਪਛਾਣੀ ਉਸ ਨੇ ਕੁਦਰਤ ਦੀ। ਰੌਲਾ ਪੈ ਗਿਆ, ਹਾਹਾਕਾਰ ਮਚ ਗਿਆ। ਉਸ ਵੇਲੇ ਸਾਰਿਆਂ ਵਲ ਦੇਖਿਆ, ਕਹਿਣ ਲੱਗਿਆ ਕਿ ਇਨ੍ਹਾਂ ਨੂੰ ਕਤਲ ਕਰੋ। ਜਿਹੜੇ ਨਾਮੀ ਜਲਾਲ ਸੀ ਨੀਵੀਆਂ ਪਾਈ ਬੈਠੇ ਨੇ ਕਿ ਅਸੀਂ ਮਾਸੂਮਾਂ ਨੂੰ ਕਤਲ ਕਰੀਏ? ਇੱਕ ਉਠਿਆ ਫੇਰ ਅਫਗਾਨਿਸਤਾਨ ਦਾ ਸੀ, ਅਫਰੀਦੀ ਸੀ, ਬੜਾ ਵੱਡਾ ਸਾਢੇ ਛੇ ਫੁੱਟ ਲੰਮਾ, ਚੌੜਾ ਆ ਕੇ ਉਸ ਨੇ ਛੁਰੀ ਲੈ ਕੇ ਜਿਵੇਂ ਬੱਕਰਿਆਂ ਨੂੰ ਜਿਹਵਾ ਕਰੀਦਾ ਹੈ, ਐਉਂ ਗਰਦਨਾਂ ਕੱਟ ਦਿੱਤੀਆਂ।

ਐਨੀ ਜਦੋਂ ਗੱਲ ਹੋਈ, ਸਾਰੇ ਓਥੇ ਜਿੰਨੇ ਬੈਠੇ ਸੀ ਮਹਾਰਾਜ ਜੀ ਦੇ ਆਲੇ-ਦੁਆਲੇ ਸਾਰੇ ਰੋਣ ਲੱਗ ਗਏ। ਕਈ ਤਾਂ ਹੁਭਕੀਆਂ ਲੈ-ਲੈ ਰੋਂਦੇ ਨੇ, ਕਈ ਉੱਚੀ-ਉੱਚੀ ਰੋਣ ਲਗ ਗਏ। ਮਹਾਰਾਜ ਜੀ ਕਹਿਣ ਲੱਗੇ, ਮਾਹੀ! ਮਾਤਾ ਜੀ ਦਾ ਨਹੀਂ ਤੂੰ ਹਾਲ ਦੱਸਿਆ, ਕਹਿੰਦਾ ਸੱਚੇ ਪਾਤਸ਼ਾਹ! ਜਿਸ ਵਕਤ ਸਾਹਿਬਜ਼ਾਦਿਆਂ ਨੇ ਸੀਸ ਦਿੱਤਾ ਉਸ ਵੇਲੇ ਜਿਹੜੇ ਪਿਆਰ ਵਾਲੇ ਬੰਦੇ ਬਾਹਰ ਸੀ ਉਹ ਮੈਨੂੰ ਮਿਲੇ, ਕਹਿਣ ਲੱਗੇ, ਅਸਮਾਨਾਂ ਦੇ ਵਿਚੋਂ ਆਵਾਜ਼ਾਂ ਆਉਂਦੀਆਂ ਸੀ ਜੈ ਜੈਕਾਰ ਦੀਆਂ। ਐਉਂ ਪੜ੍ਹ ਲਓ -

***ਧਾਰਨਾ - ਵਾਹਵਾ-ਵਾਹਵਾ ਬਈ***
***ਸੀਸ ਦੇ ਕੇ ਧਰਮ ਰੱਖਿਆ,***
***ਜੈ-ਜੈਕਾਰ ਦਰਗਾਹ ਵਿਚ ਹੋਵੇ।***

ਕਹਿਣ ਲੱਗਿਆ, ਮਹਾਰਾਜ! ਮਾਤਾ ਜੀ ਬਾਰੇ ਮੈਂ ਸੁਣਿਆ ਹੈ, ਉਸ ਵੇਲੇ ਟੋਡਰ ਮੱਲ ਨੂੰ ਜਦੋਂ ਪਤਾ ਲਗਦਾ ਹੈ। ਕੋਸ਼ਿਸ਼ ਕਰੀ ਉਹਨੇ ਕਿ ਮੈਂ ਪੈਸੇ ਦੇ ਕੇ ਛੁਡਾ ਲਵਾਂ, ਇਨ੍ਹਾਂ ਦੇ ਬਦਲੇ, ਸੋਨਾ ਚਾਂਦੀ ਜੋ ਮੰਗਣ ਦੇ ਦੇਵਾਂ। ਇਨ੍ਹਾਂ ਨੂੰ ਛੁਡਾ ਲਵਾਂ ਕਿਉਂਕਿ ਉਸ ਵੇਲੇ ਦਾ ਰਿਵਾਜ਼ ਸੀ। ਮਾਇਆ ਨਾਲ ਤੋਲ ਕੇ ਛੁਡਾ ਲਿਆ ਕਰਦੇ ਸੀ। ਮਾਤਾ ਜੀ ਦੇ ਕੋਲ ਪਹੁੰਚ ਜਾਂਦਾ ਹੈ ਸਰਕਾਰੀ ਅਸਰ-ਰਸੂਖ ਹੈ, ਪੈਸੇ ਦਾ ਬਲ ਹੈ। ਉਥੇ ਜਾ ਕੇ ਦੇਖਿਆ ਮਾਤਾ ਜੀ ਚੁੱਪ ਕਰੇ ਬੈਠੇ ਨੇ, ਕਿਸੇ ਨਤੀਜੇ ਵਲ ਨਿਗ੍ਹਾ ਹੈ, ਕਿਉਂਕਿ ਅੰਤਰਜਾਮੀ ਸੀ, ਜਾਣਦੇ ਸੀ ਕਿ ਕੀ ਭਾਣਾ ਵਰਤਣਾ ਹੈ। ਉਸ ਵੇਲੇ ਅਚਾਨਕ ਮਾਤਾ ਜੀ ਬੋਲੇ ਕਹਿਣ ਲੱਗੇ, ਬੇਟਾ! ਆ ਗਏ ਤੁਸੀਂ? ਦੋਹਾਂ ਨੇ ਨਮਸ਼ਕਾਰ ਕਰੀ। ਤੁਸੀਂ ਆ ਗਏ? ਪਿਆਰ ਦੇਣ ਵਾਸਤੇ ਕਲਾਵੇ 'ਚ ਲੈਣ ਦਾ ਯਤਨ ਕਰਿਆ, ਦੋਵੇਂ ਨਾ ਆਏ ਬਾਹਾਂ 'ਚ। ਕਹਿਣ ਲੱਗੀ, ਇਹ ਕੀ ਹੋ ਗਿਆ ਕਿ ਅੱਜ ਤੁਸੀਂ ਫੜੇ ਹੋਏ ਨਹੀਂ ਮੇਰੇ ਤੋਂ ਫੜ ਹੁੰਦੇ, ਕੀ ਭਾਣਾ ਵਰਤਿਆ ਹੈ? ਕਹਿੰਦੇ, ਮਾਤਾ! ਅਸੀਂ ਪੰਜ ਭੂਤਕ ਚੋਲਾ ਧਰਮ ਦੀ ਖਾਤਰ ਛੱਡ ਦਿੱਤਾ ਹੈ ਤੇ ਹੁਣ ਅਸੀਂ ਤੁਹਾਡੇ ਕੋਲ ਆਏ ਹਾਂ, ਸਾਨੂੰ ਹੁਕਮ ਦੇਵੋ ਕਿ ਅਸੀਂ ਇਕੱਲੇ ਹੀ ਜਾਈਏ ਕੀ ਹੁਕਮ ਹੈ? ਮਾਤਾ ਜੀ ਕਹਿਣ ਲੱਗੇ, ਦੇਖੋ ਲਾਲ ਜੀ! ਕਿੱਡੇ ਯੁੱਧ ਦੇ ਵਿੱਚ ਮੈਂ ਤੁਹਾਨੂੰ ਨਾਲ ਰੱਖਿਆ। ਇੱਥੇ ਵੀ ਮੈਂ ਤੁਹਾਡੇ ਨਾਲ ਆਈ ਹਾਂ। ਹੁਣ ਮੈਂ ਤੁਹਾਨੂੰ ਇਕੱਲਿਆਂ ਨੂੰ ਨਹੀਂ ਜਾਣ ਦੇਣਾ। ਮੈਂ ਵੀ ਨਾਲ ਚੱਲਾਂਗੀ। ਥੋੜ੍ਹਾ ਇੰਤਜ਼ਾਰ ਕਰੋ।

ਮਹਾਰਾਜ! ਮੇਰੇ ਤਾਂ ਨੇਤਰਾਂ 'ਚ ਜਲ ਜਾ ਰਿਹਾ ਸੀ। ਬਈ ਇਹ ਤਾਂ ਭਾਣਾ ਹੋਰ ਵਰਤ ਗਿਆ। ਲੇਕਿਨ ਮਾਤਾ ਜੀ ਦੀ ਦ੍ਰਿੜ੍ਹਤਾ ਦੇਖ ਕੇ ਮੈਨੂੰ ਹੈਰਾਨੀ ਬੜੀ ਆ ਰਹੀ ਸੀ। ਮਾਤਾ ਜੀ ਨੇ ਉਸ ਵੇਲੇ

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਸ਼ੁਰੂ ਕਰ ਲਿਆ ਤੇ ਜਿਸ ਵਕਤ ਪਹੁੰਚਦੇ ਨੇ।

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥***

***ਅੰਗ - ੮***

ਐਨਾ ਕਹਿ ਕੇ ਸਵਾਸ ਖਿੱਚ ਲਿਆ ਅੰਦਰ। ਮਹਾਰਾਜ! ਦਸਵੇਂ ਦੁਆਰ ਤੱਕ ਸਵਾਸ ਉਨ੍ਹਾਂ ਨੇ ਛੱਡ ਦਿੱਤਾ ਤੇ ਟੋਡਰ ਮੱਲ ਇਹ ਬਾਤ ਦੱਸੀ ਕਿ ਐਸ ਤਰ੍ਹਾਂ ਦੇ ਨਾਲ ਮਾਤਾ ਜੀ ਨੇ ਆਪਣਾ ਸਰੀਰ ਛੱਡਿਆ। ਮਹਾਰਾਜ ਕਹਿੰਦੇ, ਪਿਆਰਿਓ! ਮਾਤਾ ਜੀ ਯੋਗੀ ਸਨ, ਪਿਤਾ ਜੀ ਯੋਗੀ ਸਨ। ਜਿਸਦੀ ਵੀ ਬਿਰਤੀ ਦਸਵੇਂ ਦੁਆਰ ਤੱਕ ਪਹੁੰਚ ਜਾਂਦੀ ਹੈ। ਉਹ ਆਪਣੀ ਮਰਜ਼ੀ ਦੇ ਨਾਲ ਸਵਾਸ ਸਰੀਰ 'ਚੋਂ ਕੱਢ ਸਕਦਾ ਹੈ। ਐਸਾ ਫੁਰਮਾਨ ਗੁਰੂ ਗ੍ਰੰਥ ਸਾਹਿਬ ਦਾ ਹੈ -

***ਧਾਰਨਾ - ਆਵੇ ਜਾਏ ਨਿਸੰਗ***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

ਸੋ ਦਾਦੀ ਅੰਮਾਂ ਨੇ ਕਿਹਾ ਕਿ ਬੱਚਿਓ! ਤੁਸੀਂ ਹੁਣ ਇਕੱਲੇ ਨਾ ਜਾਣਾ। ਤੁਹਾਡੇ ਨਾਲ ਰਹੀ ਹਾਂ ਤੇ ਹੁਣ ਆਪਾਂ ਤਿੰਨੋਂ ਇਕੱਠੇ ਚਲਦੇ ਹਾਂ। ਸਰੀਰ ਛੱਡ ਦਿੱਤਾ ਮਹਾਰਾਜ! ਉਨ੍ਹਾਂ ਨੇ ਵੀ। ਐਨੇ ਬਚਨ ਸੁਣਦਿਆਂ ਕੋਈ ਵੀ ਐਸਾ ਨਾ ਰਿਹਾ ਜਿਸਦੀਆਂ ਅੱਖਾਂ 'ਚੋਂ ਜਲ ਨਾ ਜਾਂਦਾ ਹੋਵੇ। ਗੁਰੂ ਮਹਾਰਾਜ ਜੀ ਉਸ ਵੇਲੇ ਬਹੁਤ ਗੰਭੀਰ ਹੋਏ-ਹੋਏ, ਮੰਜੇ 'ਤੇ ਬੈਠੇ ਹੇਠਾਂ ਨੀਵੀਂ ਪਾਈ ਹੋਈ ਹੈ ਤੇ ਇੱਕ ਕਾਂਹੀ ਦੇ ਬੂਟੇ ਦੀ ਜੜ੍ਹ ਦੇ ਵਿਚ ਛੋਟੀ ਕਰਦ ਘੁਮਾ ਰਹੇ ਨੇ ਤੇ ਓਸ ਵੇਲੇ ਆਪ ਨੇ ਕਿਹਾ ਕਿ ਤੁਸੀਂ ਐਨਾ ਅਫਸੋਸ ਨਾ ਕਰੋ। ਉਸ ਸਦਾ ਵਾਸਤੇ ਦੁਨੀਆਂ ਨੂੰ ਰਸਤਾ ਦਿਖਾ ਗਏ। ਕਮਜ਼ੋਰਾਂ ਨੂੰ ਪ੍ਰਕਾਸ਼ ਕਰ ਗਏ। ਰੋਣਾ ਉਹਨੂੰ ਚਾਹੀਦਾ ਹੈ -

***ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ***
***॥ ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥***

***ਅੰਗ - ੧੩੬੫***

ਐਸ ਤਰ੍ਹਾਂ ਕਹਿੰਦੇ ਨੇ -

***ਧਾਰਨਾ - ਵਾਹਵਾ-ਵਾਹਵਾ ਬਈ***
***ਰੋਵਹੁ ਸਾਕਤੁ ਬਪੁਰੇ ਨੂੰ।***
***ਜਿਹੜਾ ਹਾਟੋ ਹਾਟ ਬਕਾਇ।***
***ਕਬੀਰ ਸੰਤ ਮੂਏ ਕਿਆ ਰੋਈਐ***
***ਜੋ ਅਪੁਨੇ ਗ੍ਰਿਹਿ ਜਾਇ ॥***
***ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥***

***ਅੰਗ - ੧੩੬੫***

ਜਿਹਨੇ ਕੁੱਤੇ ਬਿੱਲੇ ਬਣਨਾ ਹੈ, ਘਾਣੀਆਂ 'ਚ ਜਾ ਕੇ ਪੀੜੇ ਜਾਣਾ ਹੈ, ਕੁੰਭੀ ਨਰਕ ਦੇ ਵਿਚ ਸੜਨਾ ਹੈ ਜਿਨ੍ਹਾਂ ਨੂੰ ਅੱਗ ਦੇ ਥੰਮ੍ਹਾਂ ਨਾਲ ਲਾਉਣਾ ਹੈ ਰੋਵੋ ਉਨ੍ਹਾਂ ਨੂੰ, ਬਰਬਾਦ ਕਰਕੇ ਚਲੇ ਗਏ। ਅਪਜਸ ਖੱਟ ਕੇ ਚਲੇ ਗਏ। ਪਿਆਰਿਓ! ਇਹ ਨਿੱਕੀਆਂ ਜਿੰਦਾਂ ਨੇ ਐਸਾ ਜਸ ਖੱਟਿਆ ਹੈ ਕਿ ਰਹਿੰਦੀ ਦੁਨੀਆਂ ਤੱਕ ਇਨ੍ਹਾਂ ਦੇ ਕਾਰਨਾਮੇ ਦੇ ਉਤੇ ਦੁਨੀਆ ਜਸ ਗਾਏਗੀ।

***ਧਾਰਨਾ - ਵਾਹਵਾ ਵਾਹਵਾ ਜਸ ਗਾਉ ਸਾਰੀ ਦੁਨੀਆਂ।***

***ਐਸੀ ਕਰਨੀ ਕਰ ਗਏ ਪਿਆਰੇ।***

ਮਹਾਰਾਜ ਮੁਖਾਤਬ ਹੋਏ, ਨਾਲ ਦੀ ਨਾਲ ਉਹ ਕਾਹੀ ਦਾ ਬੂਟਾ, ਜੜ੍ਹੋਂ ਪੁੱਟ ਲਿਆ, ਸਾਰਿਆਂ ਵਲ ਦੇਖਿਆ, ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਕਹਿੰਦੇ ਕਿਉਂ ਤੁਸੀਂ ਵੈਰਾਗ ਕਰ ਰਹੇ ਓਂ, ਉਨ੍ਹਾਂ ਨੇ ਤਾਂ ਧਰਮ ਦਾ ਪ੍ਰਤੱਖ ਰੂਪ ਦਿਖਾ ਹੈ। ਦੁਨੀਆਂ ਨੇ ਜਦੋਂ ਤੱਕ ਰਹਿਣਾ ਹੈ ਜਸ ਗਾਉਣਾ ਹੈ ਇਨ੍ਹਾ ਨਿੱਕੀਆਂ ਜਿੰਦਾਂ ਦਾ। ਬਾਕੀ ਇਹ ਹੈ ਕਿ ਇਹ ਪਾਪ ਐਨਾ ਭਾਰਾ ਹੋ ਗਿਆ, ਆਹ ਪਾਪ ਦੀ ਜੜ੍ਹ ਪੁੱਟੀ ਗਈ, ਉਨ੍ਹਾਂ ਦੇ ਸ਼ਹੀਦੀ ਦੇਣ ਨਾਲ। ਮੁਗਲ ਰਾਜ ਦਾ ਹੁਣ ਖਾਤਮਾ ਹੋਣ ਵਾਲਾ ਹੀ ਹੈ। ਥੋੜ੍ਹਾ ਚਿਰ ਰਹਿੰਦਾ ਹੈ, ਤੁਸੀਂ ਲੋਕ ਦੇਖ ਲਓਂਗੇ।

ਕਿਉਂਕਿ -

ਪਾਪੀ ਕੇ ਮਾਰਨੇ ਕਉ ਪਾਪ ਮਹਾਂ ਬਲੀ ਹੈ।

ਜਦੋਂ ਪਾਪ ਵਧ ਜਾਂਦਾ ਹੈ, ਪਾਪੀ ਮਰ ਜਾਂਦਾ ਹੈ। ਉਹਨੂੰ ਪਾਪ ਹੀ ਮਾਰਦਾ ਹੈ, ਮਾਰਦਾ ਨਹੀਂ ਹੈ ਕੋਈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਜਦੋਂ ਕਾਹੀਂ ਦਾ ਬੂਟਾ ਪੁੱਟ ਦਿੱਤਾ ਕਹਿਣ ਲੱਗੇ, ਮਲੇਰਕੋਟਲੀਆਂ ਦੀ ਜੜ੍ਹ ਹਰੀ ਰਹੇਗੀ। ਕਿਉਂਕਿ ਭਾਵੇਂ ਉਹ ਲੜਦੇ ਨੇ ਸਾਡੇ ਨਾਲ, ਠੀਕ ਹੈ ਚੜ੍ਹ ਕੇ ਆਉਂਦੇ ਨੇ, ਸੂਰਮੇ ਸੂਰਮਿਆਂ ਨਾਲ ਲੜਦੇ ਨੇ, ਕੋਈ ਵੈਰ ਨਹੀਂ ਹੁੰਦਾ ਆਪਸ ਵਿਚ। ਕੋਈ ਕੀਨਾਖੋਰੀ ਨਹੀਂ ਹੁੰਦੀ। ਠੀਕ ਹੈ ਯੁੱਧ ਆਉਂਦਾ ਹੈ, ਯੁੱਧ ਆਦਿ ਜੁਗਾਦਿ ਤੋਂ ਚੱਲੇ ਹੋਏ ਨੇ, ਫੇਰ ਵੀ ਸੂਰਮੇ ਨਿਕਲੇ ਜਿਨ੍ਹਾਂ ਨੇ ਇਨਸਾਫ ਦੇ ਉਤੇ ਆਵਾਜ਼ ਉਠਾ ਦਿੱਤੀ, ਇਨ੍ਹਾਂ ਦੀ ਜੜ੍ਹ ਲੱਗੀ ਰਹੇਗੀ। ਪੰਥ ਦਾ ਰਾਜ ਤੇਜ ਵਧੇਗਾ ਓਸ ਵੇਲੇ ਇਨ੍ਹਾਂ ਵਲ ਕੋਈ ਝਾਕੇਗਾ ਨਹੀਂ, ਸਤਿਕਾਰ ਹੋਵੇਗਾ ਇਨ੍ਹਾਂ ਦਾ ਸਦਾ ਵਾਸਤੇ। ਇਨ੍ਹਾਂ ਨੇ ਹਾਅ ਦਾ ਨਾਅਰਾ ਮਾਰਿਆ। ਹਾਅ ਦਾ ਨਾਅਰਾ ਮਾਰਨ ਵਾਲਾ ਬਹੁਤ ਵੱਡਾ ਬੰਦਾ ਗਿਣਿਆ ਜਾਂਦਾ ਹੈ। ਸੋ ਇਸ ਤਰ੍ਹਾਂ ਕਹਿਣ ਲੱਗਿਆ ਰਾਏ ਕੱਲਾ! ਮਹਾਰਾਜ! ਮੈਨੂੰ ਬੜਾ ਅਫਸੋਸ ਹੈ, ਮੇਰੇ ਤੋਂ ਬੋਲਿਆ ਨਹੀਂ ਜਾਂਦਾ, ਕਹਿੰਦੇ ਗੱਲ ਕਰ। ਕਹਿਣ ਲੱਗਿਆ ਕਿ ਪਾਤਸ਼ਾਹ! ਇਹ ਸਰਾਫ ਬਖਸ਼ ਦਿਓ। ਇਹ ਇਸਲਾਮ ਵਾਲਿਆਂ ਵਿੱਚ ਮੈਂ ਵੀ ਆਉਂਦਾ ਹਾਂ। ਮੇਰਾ ਵੀ ਰਾਜ ਭਾਗ ਹੈ। ਸਾਰਾ ਰਾਜ ਲੈ ਕੇ ਜਿੱਥੇ ਚੱਲੋਂਗੇ, ਮੈਂ ਤੁਹਾਡੇ ਪਿੱਛੇ ਚੱਲਾਂਗਾ ਪਾਤਸ਼ਾਹ, ਜਦੋਂ ਤੱਕ ਤੁਸੀਂ ਬਖਸ਼ਦੇ ਨਹੀਂ ਓਂ, ਓਨੀਂ ਦੇਰ ਤੱਕ ਅਸੀਂ ਰਾਜ ਭਾਗ ਹੁਣੇ ਛੱਡ ਦਿੰਦੇ ਹਾਂ, ਫੇਰ ਵੀ ਤਾਂ ਛੁਟਣਾ ਹੀ ਹੈ। ਜਿੱਥੇ ਜਾਓਂਗੇ ਬਾਲ ਬੱਚਿਆਂ ਸਮੇਤ ਅਸੀਂ ਤੁਹਾਡੇ ਪਿੱਛੇ ਹੀ ਚੱਲਾਂਗੇ। ਮਹਾਰਾਜ ਕਹਿਣ ਲੱਗੇ, ਰਾਏ ਕੱਲੇ! ਠੀਕ ਹੈ ਬਚਨ ਹੋ ਗਿਆ ਸਾਡੇ ਤੋਂ, ਇਹ ਤਾਂ ਨਹੀਂ ਟਲਣਾ। ਪਰ ਆਹ ਸ੍ਰੀ ਸਾਹਿਬ ਅਸੀਂ ਤੈਨੂੰ ਦਿੰਦੇ ਹਾਂ, ਜਦੋਂ ਤੱਕ ਤੁਸੀਂ ਇਸ ਸ੍ਰੀ ਸਾਹਿਬ ਦਾ ਸਤਿਕਾਰ ਕਰੋਂਗੇ, ਪੂਜਾ ਕਰੋਂਗੇ, ਓਨੀਂ ਦੇਰ ਤੱਕ ਤੁਹਾਡੇ ਰਾਜ ਵੱਲ ਕੋਈ ਝਾਕ ਨਹੀਂ ਸਕੇਗਾ। ਪਰ ਪਿਆਰਿਆ! ਜਿਸ ਦਿਨ ਇਹ ਪਹਿਨ ਲਈ ਤੇਰੀ ਓਲਾਦ ਨੇ ਕਿਸੇ ਨੇ। ਉਸੇ ਦਿਨ ਤੁਹਾਡਾ ਰਾਜ ਖਤਮ ਹੋ ਜਾਏਗਾ। ਸੋ ਇਸ ਤਰ੍ਹਾਂ ਦੇ ਨਾਲ ਇਹ ਵਾਕਾ ਜੋ ਹੈ ਸਰਹੰਦ ਦਾ ਕਿਉਂਕਿ ਉਥੇ ਲਿਖਿਆ ਹੋਇਆ ਹੈ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ। ਉਹਨੂੰ ਸਮਰਪਿਤ ਕਰਦੇ ਹਾਂ ਇਹ ਸਾਰਾ ਪ੍ਰੋਗਰਾਮ, ਉਨ੍ਹਾਂ ਦੇ ਬਾਰੇ ਕਿੱਡੀ ਵੱਡੀ ਉਨ੍ਹਾਂ ਦੀ ਸੋਚ ਸੀ। ਮਹਾਨ ਹਸਤੀਆਂ ਸਨ ਉਹ। ਜਿਨ੍ਹਾਂ ਨੂੰ ਐਵੇਂ ਨਹੀਂ ਭੁੱਲਿਆ ਜਾ ਸਕਦਾ। ਸਾਡੇ ਵਾਸਤੇ ਬਹੁਤ ਵੱਡੀ ਮਿਸਾਲ ਨੇ ਉਹ। ਪੈਰ-ਪੈਰ ਤੇ ਸਾਨੂੰ ਡੋਲਦਿਆਂ ਨੂੰ ਬਚਾਉਣ ਵਾਲੇ ਨੇ, ਗੁਰੂ ਦਸ਼ਮੇਸ਼ ਪਿਤਾ, ਉਨ੍ਹਾਂ ਬਾਰੇ ਤਾਂ ਕੁਛ ਕਿਹਾ ਹੀ ਨਹੀਂ ਜਾ ਸਕਦਾ, ਐਉਂ ਪੜ੍ਹ ਲਓ-

***ਧਾਰਨਾ - ਤੇਰੇ ਵਰਗਾ ਨਾ ਜਗਤ ਉਤੇ ਹੋਇਆ,***

***ਮਹਿਮਾ ਤੇਰੀ ਕੌਣ ਜਾਣਦਾ।***

ਸੋ ਸਾਧਸੰਗਤ ਜੀ! ਇਸ ਤਰ੍ਹਾਂ ਦੇ ਨਾਲ -

***ਸਤਿਗੁਰ ਪੁਰਖ ਅਗੰਮ ਹੈ ਨਿਰਵੈਰੁ ਨਿਰਾਲਾ।***

ਅਗੰਮਤਾ 'ਚ ਨਹੀਂ ਆਉਂਦੀ ਉਹਦੀ ਕ੍ਰਿਆ ਤੇ ਨਿਰਵੈਰ ਹੈ ਨਿਰਾਲਾ ਹੈ। ਓਸ ਗੁਰੂ ਦੀ ਸਿੱਖੀ ਦੇ ਵਿਚ ਅਸੀਂ ਆ ਕੇ ਕਿੰਨਾ ਕੇ ਉਸ ਦੇ ਹੁਕਮਾਂ 'ਤੇ ਚਲਦੇ ਹਾਂ। ਇਹ ਵਿਚਾਰ ਦੀ ਗੱਲ ਹੈ। ਪਿੱਠ ਦੇਈਂ ਤੁਰੇ ਫਿਰਦੇ ਹਾਂ ਗੁਰੂ ਨੂੰ। ਜਿਹਨੇ ਸਾਨੂੰ ਬਚਾ ਲਿਆ, ਐਸ ਰੂਪ 'ਚ ਰੱਖ ਲਿਆ, ਉਹਦਾ ਧਿਆਨ ਨਹੀਂ ਹੈ, ਉਹਨੂੰ ਨਾ ਛੱਡੋ। ਉਹ ਹਾਜ਼ਰ ਨਾਜ਼ਰ ਨੇ ਇੱਕ ਜੇ ਮੈਂ ਗੱਲ ਦੱਸਾਂ ਬੁਰਾ ਨਾ ਮੰਨਿਓ, ਮੈਨੂੰ ਨਾ ਕਹਿਓ। ਉਹ ਗੱਲ ਇਹ ਹੈ ਕਿ ਜਦੋਂ ਮੈਂ ਇੱਥੇ ਆਇਆ ਯੂ.ਪੀ. ਤੋਂ ਇੱਕ ਸਕਿੰਟ 'ਚ ਮੇਰਾ, ਇੱਕ ਮਿੰਟ ਤਾਂ ਬਹੁਤ ਹੈ ਸਕਿੰਟ 'ਚ ਮੇਰਾ ਫਾਰਮ ਵਿਕ ਗਿਆ। ਐਵੇਂ ਹੀ ਮੈਨੂੰ ਕਹਿਣ ਲੱਗਿਆ ਕਿ ਤੁਸੀਂ ਜ਼ਮੀਨ ਵੇਚਦੇ ਓਂ, ਮੈਂ ਕਿਹਾ ਹਾਂ। ਉਹਨੇ ਪੰਜ ਸੌ ਰੁਪਿਆ ਕੱਢ ਕੇ ਮੇਰੇ ਹੱਥ 'ਤੇ ਰੱਖ ਦਿੱਤਾ। ਨਾ ਭਾਅ ਪੁੱਛਿਆ ਨਾ ਗੱਲ ਕਰੀ। ਮੈਂ ਕਿਹਾ, ਭਾਅ? ਕਹਿੰਦਾ ਹੁਣ ਤਾਂ ਬਚਨ ਹੋ ਗਿਆ। ਭਾਅ ਹੋ ਹੀ ਜਾਣਾ ਹੈ ਆਪੇ ਹੀ। ਮੈਂ ਵੀ ਸੋਚਾਂ ਕਿ ਇਹ ਮਹਾਰਾਜ ਜੀ ਦੀ ਹੀ ਕੋਈ ਕ੍ਰਿਆ ਹੈ, ਸੱਤ ਟਿਊਬਵੈਲ ਸੀ, ਚਾਰ ਮੋਘੇ ਸੀ; ਬੜੀ insentive ਖੇਤੀ ਮੈਂ ਕਰਿਆ ਕਰਦਾ ਸੀ। ਪੂਰਾ ਝਾੜ ਲੈਂਦਾ ਹੈ, ਆਹ ਨਹੀਂ ਕਿ ਆਹ ਫਸਲ ਖਰਾਬ ਗਈ, ਔਹ ਹੋ ਗਈ। ਸਭ ਕੁਛ ਸੀ, ਕਾਰਾਂ ਵਗੈਰਾ ਸਭ ਕੁਛ ਆਪਣੇ ਕੋਲ ਸੀ। ਉਹ ਜਦੋਂ ਵਿਕ ਗਿਆ, ਸੰਗਤ ਸਾਰੀ ਕਹੇ ਕਿ ਸਤਿਸੰਗ ਲੱਗਿਆ ਹੋਇਆ, ਉੱਚੀ-ਉੱਚੀ ਰੋਣ ਸਾਰੇ ਕਿ ਫਾਰਮ ਵੇਚ ਦਿੱਤਾ? ਹੁਣ ਸਾਡਾ ਕੀ ਬਣੇਗਾ? ਅਸੀਂ ਤਾਂ ਰਹਿ ਗਏ ਇੱਥੇ ਐਵੇਂ ਹੀ। ਡੇਢ ਸਾਲ ਮੈਨੂੰ ਓਥੇ ਰਹਿਣਾ ਪਿਆ ਵੇਚ ਕੇ ਵੀ, ਕਿ ਉਦਾਸ ਹੋ ਗਿਆ ਸਾਰਾ ਇਲਾਕਾ। ਉਸ ਤੋਂ ਬਾਅਦ ਜਦੋਂ ਮੈਂ ਇੱਥੇ ਆਇਆ ਤਾਂ ਇੱਥੇ ਮੈਂ ਹਾਲ ਚਾਲ ਦੇਖਿਆ, ਪਿੰਡਾਂ ਦਾ ਚੰਡੀਗੜ੍ਹ ਦੇ ਦੁਆਲੇ ਕਿ ਇਹ ਜ਼ਰਦਾ ਖਾਂਦੇ ਨੇ। ਆਹ ਹੋ ਕੀ ਗਿਆ। ਪੰਜ ਗੁਰੂ ਅਨੰਦਪੁਰ ਸਾਹਿਬ ਹੋਏ ਨੇ, ਇਹ ਕਿੱਧਰ ਚਲੇ ਗਏ ਸਾਡੇ ਲੀਡਰ, ਸਿੱਖੀ ਨਹੀਂ ਇੱਥੇ ਭੌਰਾ ਜਿੰਨੀ ਵੀ। ਜਿਹੜੇ ਪਿੰਡ ਜਾਈਏ ਸਿੱਖ ਹੀ ਨਹੀਂ ਕੋਈ। ਗੁਰਦੁਆਰੇ ਹੈਗੇ, ਗੁਰੂ ਗ੍ਰੰਥ ਸਾਹਿਬ ਮਹਾਰਾਜ ਪ੍ਰਕਾਸ਼ ਨਹੀਂ ਕਰਦੇ, ਇੱਕ ਨੂੰ ਕਿਹਾ ਕਿ ਤੂੰ

ਪ੍ਰਕਾਸ਼ ਕਿਉਂ ਨਹੀਂ ਕਰਦਾ। ਕਹਿੰਦੇ ਪ੍ਰਕਾਸ਼ ਤਾਂ ਅਸੀਂ ਕਰ ਲਈਏ, (ਓਹੀ ਪਿੰਡ ਜਿੱਥੇ ਆਪਣਾ ਡੇਰਾ ਬਣਿਆ ਹੋਇਆ ਹੈ, ਰਤਵਾੜਾ ਸਾਹਿਬ) ਸਾਨੂੰ ਐਉਂ ਦਸ ਜਾਓ ਕਿ ਸਿੱਧਾ ਕਿਧਰ ਹੁੰਦਾ ਹੈ, ਪੁੱਠਾ ਕਿੱਧਰ ਹੁੰਦਾ ਹੈ। ਸਾਡਾ ਇੱਕ ਸਿੰਘ ਕਹਿੰਦਾ ਆਹ ਮੁੜਮੁੜਾ ਹੈ ਨਾ, ਕਹਿੰਦਾ ਉਤੇ ਨੂੰ ਰੱਖੀਦਾ ਹੈ ਇਹ। ਆਹ ਹਾਲ ਸੀਗਾ ਇੱਥੇ, ਜਾ ਕੇ ਪੁੱਛਣਾ ਕਿ ਕੋਈ ਸਿੰਘ ਹੈ? ਕਹਿੰਦੇ ਨਾ ਜੀ। ਮੰਨਦੇ ਸੀ ਜਾਂ ਤਾਂ ਜੈਂਤੀ ਦੇਵੀ, ਆਹ ਨੇੜੇ ਹੀ ਹੈ ਜਾਂ ਮਨਸਾ ਦੇਵੀ ਜਾਂ ਗੁੱਗੇ ਦੇ ਉਥੇ ਬਣੇ ਹੋਏ ਸੀ ਉਨ੍ਹਾਂ ਸੱਪਾਂ ਨੂੰ ਪਾਈ ਜਾਂਦੇ ਸੀ ਚੇਤ ਦੇ ਮਹੀਨੇ। ਕਿਸੇ ਨੂੰ ਨਹੀਂ ਸੀ ਪਤਾ ਸਿੱਖੀ ਬਾਰੇ ਕਿ ਕੀ ਹੈ। ਮੈਂ ਹੈਰਾਨ ਹੋਈ ਜਾਣਾ ਕਿ ਏਥੇ ਦੇਖੋ ਕਿੱਡੇ ਯੁੱਧ ਹੋਏ ਨੇ, ਕਿੱਡੀਆਂ ਵੱਡੀਆਂ ਘਟਨਾਵਾਂ ਹੋਈਆਂ ਨੇ ਤੇ ਕਿੱਡੇ ਜ਼ਬਰਦਸਤ ਗੁਰੂ ਏਥੇ ਗੁਰੂ ਦਸਵੇਂ ਪਾਤਸ਼ਾਹ ਵਰਗੇ, ਗੁਰੂ ਨੌਵੇਂ ਪਾਤਸ਼ਾਹ ਪੰਜ ਗੁਰੂ ਇੱਥੇ ਅਨੰਦਪੁਰ ਸਾਹਿਬ ਰਹੇ ਨੇ। ਉਨ੍ਹਾਂ ਦੇ ਚਰਨ ਥਾਂ-ਥਾਂ 'ਤੇ ਪਏ ਹੋਏ ਨੇ, ਆਹ ਹਾਲ ਇਸ ਇਲਾਕੇ ਦਾ? ਓਸ ਵੇਲੇ ਮੈਂ ਤੇ ਬੀਬੀ ਜੀ, ਦੋਵੇਂ ਤੁਰ ਪਏ, ਆਪਣਾ ਖਰਚ ਆਪਣੀ ਕਾਰ, ਮੁੱਢ ਤੋਂ ਹੀ ਮੈਂ ਆਪਣਾ ਖਰਚ ਕਰਦਾ ਰਿਹਾ, ਮੈਂ ਇਸ ਤਰ੍ਹਾਂ ਨਹੀਂ ਕਰਿਆ ਕਿ ਪੈਸੇ ਲੈ ਕੇ ਆਪਣਾ ਖਰਚ ਤੋਰਾਂ। ਬੜਾ ਮੈਨੂੰ ਸੰਗਤਾਂ ਕਹਿੰਦੀਆਂ ਸੀ ਕਿ ਕੰਮ ਕਿਵੇਂ ਚਲਾਓਂਗੇ ਤੁਸੀਂ। ਪੈਟਰੋਲ ਵੀ ਪੁਆਉਣਾ ਹੈ ਗੱਡੀਆਂ 'ਚ ਹੋਰ ਵੀ ਕਰਨਾ ਹੈ। ਮੈਂ ਕਿਹਾ ਮੈਨੂੰ ਲੋੜ ਨਹੀਂ ਹਾਲੇ, ਮੇਰੇ ਕੋਲ ਪੈਸੇ ਬਥੇਰੇ ਨੇ ਫਾਰਮ ਵੇਚਿਆ ਹੈ। ਦੋਵੇਂ ਜਣੇ ਅਸੀਂ ਤੁਰ ਜਾਇਆ ਕਰੀਏ, ਜਾ ਕੇ ਮੈਂ ਕਿਹਾ ਜੇ ਕੋਈ ਨਹੀਂ ਨਾ ਲਵਾਉਂਦਾ, ਲਵਾਉਣ ਵਾਲਾ ਤਾਂ ਹੈ ਨਹੀਂ ਸੀ, ਸਵਾਲ ਹੀ ਨਹੀਂ ਸੀ ਪੈਦਾ ਹੁੰਦਾ, ਜਦੋਂ ਸਿੱਖ ਹੀ ਨਹੀਂ ਸੀ। ਆਪਾਂ ਹੀ ਕਰਨਾ ਹੈ, ਐਨਾ ਅਸੀਂ ਕਹਿ ਦਿਆ ਕਰੀਏ ਕਿ ਭਾਈ, ਤੁਹਾਡੇ ਪਿੰਡ ਅਸੀਂ ਕੀਰਤਨ ਕਰਨਾ ਹੈ, ਕੋਈ ਥਾਂ ਸਾਨੂੰ ਦਸ ਦਿਓ ਇਥੇ, ਸਾਨੂੰ ਨਾ ਦਰੀ ਦੀ ਲੋੜ ਹੈ, ਨਾ ਹੋਰ ਕਿਸੇ ਚੀਜ਼ ਦੀ। ਇੱਕ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਵਾਰੀ ਜੇ ਕਿਤੋਂ ਲਿਆ ਸਕਦੇ ਓਂ ਤਾਂ ਲੈ ਆਇਓ। ਨਹੀਂ ਤਾਂ ਅਸੀਂ ਉਹ ਵੀ ਆਪਣੀ ਲੈ ਆਵਾਂਗੇ। ਫੈਕਟਰੀਆਂ 'ਚ ਜਿਹੜੇ ਮੁੰਡੇ ਕੰਮ ਕਰਦੇ ਸੀ, ਉਹ ਵੀ ਕੁਛ ਨਾਲ ਰਲ ਗਏ। ਅਸੀਂ ਇੱਕ ਦਮ ਸ਼ੁਰੂ ਕਰ ਦਿੱਤਾ ਕਿ ਜਿਵੇਂ ਬੜੀ ਭਾਰੀ ਮੁਹਿੰਮ ਹੁੰਦੀ ਹੈ ਸਾਮ੍ਹਣੇ। ਸਵੇਰੇ ਹੀ ਨਿਕਲ ਜਾਣਾ, ਰਾਤ ਨੂੰ ਇੱਕ ਡੇਢ ਵਜੇ ਆਉਣਾ, ਰੋਟੀ ਆ ਕੇ ਪਕਾਉਣੀ, ਕਈ ਵਾਰੀ ਕਹਿ ਦੇਣਾ ਕਿ ਰੋਟੀ ਰਹਿਣ ਦੇ, ਹੁਣ ਡੇਢ ਤਾਂ ਰਾਤ ਦਾ ਵੱਜ ਗਿਆ, ਇਸ਼ਨਾਨ ਦਾ ਮੌਕਾ ਹੋ ਗਿਆ। ਉਹਦੇ ਨਾਲ ਪਤਾ ਲੱਗਣ ਲੱਗਿਆ ਸਿੱਖੀ ਦਾ। ਅੰਮ੍ਰਿਤ ਅਸੀਂ ਛਕਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਅਸੀਂ ਅੰਮ੍ਰਿਤ ਛਕਾ ਰਹੇ ਸੀ ਉਥੇ ਸਰਦਾਰ ਜਗੀਰ ਸਿੰਘ ਰੋਪੜ ਵਾਲੇ ਉਹ ਪਰਿਵਾਰ ਲੈ ਕੇ ਆ ਗਏ, ਅੰਮ੍ਰਿਤ ਛਕਣ, ਮੈਂ ਜਾਣਦਾ ਨਹੀਂ ਸੀ, ਉਨ੍ਹਾਂ ਨੇ ਅੰਮ੍ਰਿਤ ਛਕਣ ਤੋਂ ਬਾਅਦ ਸੰਗਤ 'ਚ ਖੜ੍ਹੇ ਹੋ ਕੇ ਕਹਿਣ ਲੱਗੇ ਕਿ ਸਿੰਘੋ! ਇੱਕ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ, ਧਿਆਨ ਨਾਲ ਸੁਣਿਓ ਤੁਸੀਂ, ਕਹਿੰਦਾ ਮੈਂ ਮੀਟਿੰਗ ਸੀ ਸਾਡੀ ਹੈਦਰਾਬਾਦ, ਸਾਰੇ ਪਰਿਵਾਰ ਨੂੰ ਮੈਂ ਕਾਰ 'ਚ ਲੈ ਗਿਆ ਕਿ ਉਥੇ ਅੰਮ੍ਰਿਤ ਛਕਾਂਗੇ ਹਜ਼ੂਰ ਸਾਹਿਬ, ਕਹਿੰਦਾ ਜਦੋਂ ਅਸੀਂ ਲਾਈਨ 'ਚ ਬਹਿ ਗਏ। ਮੈਂ ਵੀ ਬੈਠਾ ਸੀ, ਸੋਧ ਸੁਧਾਈ ਹੋ ਰਹੀ ਹੈ, ਮੈਨੂੰ ਥੋੜ੍ਹਾ ਜਿਹਾ ਐਉਂ ਲੱਗਿਆ ਜਿਵੇਂ ਝੂਟਾ ਜਿਹਾ ਆਉਂਦਾ ਹੈ ਤੇ ਨਾਲ ਦੀ ਨਾਲ ਆਵਾਜ਼ ਆਈ ਸਿੰਘਾਂ ਲਾਈਨ 'ਚੋਂ ਉੱਠ ਕੇ ਪਾਸੇ ਹੋ ਜਾ। ਤੂੰ ਇੱਥੇ ਨਹੀਂ ਅੰਮ੍ਰਿਤ ਛਕਣਾ। ਕਹਿੰਦਾ, ਮੇਰੇ ਮੂੰਹ 'ਚੋਂ ਨਿਕਲ ਗਿਆ ਕਿ ਮਹਾਰਾਜ, ਮੈਂ ਤਾਂ ਆਇਆ ਇੱਥੇ ਅੰਮ੍ਰਿਤ ਛਕਣ ਵਾਸਤੇ ਹਾਂ, ਤੁਸੀਂ ਕਹਿੰਦੇ ਓਂ ਤੂੰ ਨਹੀਂ ਇੱਥੇ ਅੰਮ੍ਰਿਤ ਛਕਣਾ, ਤੂੰ ਰੋਪੜ ਜਾ ਕੇ ਅੰਮ੍ਰਿਤ ਛਕ ਜ਼ਿਲੇ 'ਚ। ਕਹਿੰਦਾ, ਮਹਾਰਾਜ! ਉਥੇ ਕੌਣ ਛਕਾਉਂਦਾ ਹੈ? ਕਹਿੰਦੇ, ਉਥੇ ਵਰਿਆਮ ਸਿੰਘ ਨੂੰ ਅਸੀਂ ਭੇਜ ਦਿੱਤਾ। ਤੇ ਟੋਲ੍ਹਦਾ ਰਿਹਾ ਇੱਥੇ ਢਾਈ ਮਹੀਨੇ ਆ ਕੇ। ਕੁਛ ਨਾ ਪਤਾ ਲੱਗੇ। ਕਿਉਂਕਿ ਮੈਂ ਤਾਂ ਬਾਹਰੋਂ ਆਇਆ ਸੀ, ਕੋਈ ਨਾ ਐਨੀ ਵਾਕਫੀ ਸੀ, ਨਾ ਕੋਈ ਰੌਲਾ ਗੌਲਾ ਸੀ, ਚੁੱਪ ਕਰਕੇ ਅਸੀਂ ਜਾਂਦੇ ਸੀ, ਇੱਕ-ਇੱਕ ਪਿੰਡ ਲੈ ਲਿਆ ਕਿ ਕੋਈ ਪਿੰਡ ਨਹੀਂ ਛੱਡਣਾ ਇੱਥੇ ਦਾ ਕਿ ਇਨ੍ਹਾਂ 'ਤੇ ਕਿਹੜਾ ਬੋਝ ਪੈਂਦਾ ਹੈ, ਜਿਹੜਾ ਚੜ੍ਹਾਵਾ ਚੜ੍ਹਦਾ ਸੀ ਉਥੇ ਛੱਡ ਜਾਣਾ ਕਿ ਤੁਸੀਂ ਕੁਛ ਬਣਾ ਲਿਓ ਇਹਦਾ।

ਉਸ ਤੋਂ ਬਾਅਦ ਜਦੋਂ ਉਸ ਨੇ ਇਹ ਗੱਲ ਕਹੀ ਮੈਨੂੰ ਨਹੀਂ ਪਤਾ ਕਿ ਸੰਗਤ 'ਤੇ ਕੀ ਅਸਰ ਹੋਇਆ, ਮੇਰੇ 'ਤੇ ਬਹੁਤ ਜ਼ਬਰਦਸਤ ਅਸਰ ਹੋਇਆ, ਮੈਂ ਕਿਹਾ, ਹੈਂ ਗੁਰੂ ਮਹਾਰਾਜ ਸਾਨੂੰ ਦੇਖ ਰਹੇ ਨੇ ਕਿ ਕੀ ਕਰਦੇ ਨੇ, ਮੇਰਾ ਫਾਰਮ ਏਸ ਗੱਲ 'ਤੇ ਹੀ ਵਿਕਾਇਆ ਹੈ ਕਿ ਤੂੰ ਅੰਮ੍ਰਿਤ ਛਕਾ, ਉਥੇ ਜਾ ਕੇ। ਉਸ ਦਿਨ ਤੋਂ ਮੈਨੂੰ ਬਹੁਤ ਡਰ ਲੱਗਣ ਲਗ ਗਿਆ ਕਿ ਮਹਾਰਾਜ ਤਾਂ ਮੈਨੂੰ ਹਰ ਵਕਤ ਦੇਖ ਰਹੇ ਨੇ, ਇਹ ਹੁਕਮ ਉਨ੍ਹਾਂ ਦਾ ਹੈ। ਉਨ੍ਹਾਂ ਦੇ ਹੁਕਮ ਨਾਲ ਹੀ ਅੱਜ ਤਿੰਨ ਲੱਖ ਸੱਠ ਹਜ਼ਾਰ ਸਿੰਘ ਤਿਆਰ ਹੋ ਗਿਆ, ਥੋੜ੍ਹੇ ਜਿਹੇ ਸਮੇਂ ਵਿਚ ਹੀ, ਗੁਰੂ ਦੇ ਲੜ ਲਗ ਗਏ। ਸੋ ਇਹ ਮੈਂ ਤਾਂ ਬੇਨਤੀ ਕਰਦਾ ਹਾਂ ਕਿ ਸਾਡੇ 'ਚ ਨਹੀਂ ਤਾਕਤ ਕਿ ਆਹ ਉਮਰ ਹੈ, ਅੱਸੀ ਸਾਲ ਦੇ ਨੇੜੇ ਢੁਕਣ ਵਾਲੇ ਹਾਂ ਤੇ ਐਨਾ ਕੀਰਤਨ ਜ਼ੋਰ ਦੀ ਕਰੀਏ, ਚੱਲੀਏ। ਉਹ ਸੱਤਿਆ ਦੇ ਰਹੇ ਨੇ ਨਾਲ ਦੀ ਨਾਲ। ਨਾਲ ਦੀ ਨਾਲ ਤੁਹਾਨੂੰ ਪਰੇਰ ਰਹੇ ਨੇ ਤੇ ਮੈਂ ਇਹ ਕਹਿੰਦਾ ਹਾਂ ਕਿ ਗੁਰੂ ਕਿਤੇ ਗਿਆ ਨਹੀਂ ਹੈ, ਹਾਜ਼ਰ ਨਾਜ਼ਰ ਨੇ। ਸਾਰਾ ਕੁਛ ਦੇਖਦਾ ਹੈ, ਬੁਲਾ ਕੇ ਤਾਂ ਦੇਖੋ ਪੰਜ ਸਿੰਘਾਂ ਨੂੰ ਬੁਲਾਓ, ਆਪਣਾ ਕੰਮ ਕਰਾ ਲਓ। ਮਹਾਰਾਜ ਦਾ ਬਚਨ ਹੈ ਕਿ ਪੰਜ ਸਿੰਘ 'ਚ ਮੈਂ ਵਰਤਾਂਗਾ। ਮੈਨੂੰ ਕਹਿੰਦੇ ਨੇ ਕਿ ਬਾਬਾ ਜੀ ਆਹ ਨਹੀਂ ਹੁੰਦਾ ਸਾਡੀਆਂ ਮੱਝਾਂ ਦੁੱਧ ਨਹੀਂ ਦਿੰਦੀਆਂ। ਫਲਾਣਾ ਨਹੀਂ ਹੁੰਦਾ, ਮੈਂ ਕੱਲ੍ਹ ਵੀ ਦੱਸਿਆ ਸੀ ਕਿ ਤੁਸੀਂ ਪੰਜ ਸਿੰਘ ਬੁਲਾ ਲਓ। ਬਾਬਾ ਜੀ ਨੂੰ ਕਿਉਂ ਕਹਿੰਦੇ ਓਂ। ਪੰਜ ਸਿੰਘਾਂ ਨੂੰ ਗੁਰੂ ਦਸਵੇਂ ਪਾਤਸ਼ਾਹ ਦਾ ਰੂਪ ਜਾਣ ਕੇ ਉਨ੍ਹਾਂ ਦੀ ਸੇਵਾ ਕਰੋ, ਅਰਦਾਸ ਕਰਾਓ, ਗੁਰੂ ਸਾਹਿਬ ਜਾ ਨਹੀਂ ਸਕਦੇ, ਉਨ੍ਹਾਂ ਨੇ ਕਹਿ ਦਿੱਤਾ ਕਿ ਜਿੱਥੇ ਪੰਜ ਸਿੰਘ ਹੋਣਗੇ, ਜਦੋਂ ਚਮਕੌਰ ਦੀ ਗੜ੍ਹੀ ਛੱਡੀ ਹੈ, ਉਥੇ ਕਹਿ ਦਿੱਤਾ ਮਹਾਰਾਜ ਨੇ ਕਿ ਬਈ ਪੰਜਾਂ 'ਚ ਮੈਂ ਵਰਤਿਆ ਕਰਾਂਗਾ। ਮੈਂ ਵਜੂਦ ਵੱਖਰਾ ਹੈ, ਲੇਕਿਨ ਮੇਰਾ ਜਿਹੜਾ ਅਸਲੀ ਵਜੂਦ ਹੈ ਉਹ ਪੰਜਾਂ ਵਿੱਚ ਤੁਸੀਂ ਦੇਖਿਆ ਕਰੋਂਗੇ, ਮੈਂ ਪੰਜਾਂ 'ਚ ਵਰਤਿਆ ਕਰਾਂਗਾ। ਇੱਕ 'ਚ ਕਿਉਂ ਨਾ ਕਿਹਾ, ਇੱਕ pollute ਹੋ ਜਾਂਦਾ ਹੈ। ਗੁਰੂ ਬਣ ਕੇ ਬੈਠ ਜਾਵੇ, ਮਾਇਆ ਉਹਨੂੰ ਸੁੱਟ ਲਵੇ, ਫੇਰ ਤਾਂ ਗਲਤ ਹੋ ਗਿਆ। ਪੰਜਾਂ ਨੂੰ ਨਹੀਂ ਸੁੱਟ ਸਕਦੀ ਮਾਇਆ, ਇਹ ਆਉਂਦੇ ਹੀ ਰਹਿਣੇ ਨੇ, ਚੁਣੇ ਜਾਂਦੇ ਰਹਿਣੇ ਨੇ ਇਵੇਂ ਜਿਵੇਂ। ਇਸੇ ਤਰ੍ਹਾਂ ਗੁਰੂ ਵਰਤਣਾ ਹੈ। ਤੁਹਾਡਾ ਕਾਰਜ ਹੈ ਕੋਈ, ਕੋਈ ਔਕੜ ਹੈ, ਤੁਸੀਂ ਪੰਜ ਸਿੰਘਾਂ ਨੂੰ ਅਰਦਾਸ ਕਰਾਓ ਭਾਈ ਨਿਹਚੇ ਨਾਲ। ਗੁਰੂ ਮਹਾਰਾਜ ਉਥੇ ਸਹਾਈ ਹੋਣਗੇ।

ਸੋ ਐਨੀਆਂ ਜੋ ਮੈਂ ਬੇਨਤੀਆਂ ਕੀਤੀਆਂ ਨੇ, ਸੋ ਇਨ੍ਹਾਂ ਨੂੰ ਯਾਦ ਰੱਖੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

*******



ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

# ਭਾਈ ਲਾਲੂ, ਭਾਈ ਦੁਰਗਾ ਅਤੇ ਭਾਈ ਜਵੰਦਾ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯*
*ਧਾਰਨਾ - ਵਾਹਿਗੁਰੂ ਜਗਤ ਜਲੰਦਾ ਰੱਖ ਲੈ,*
*ਪਿਆਰੇ ਆਪਣੀ ਕ੍ਰਿਪਾ ਧਾਰਿ।*
*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*
*ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥*
*ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥*
*ਅੰਗ - ੮੫੩*
*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥*
*ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥*
*ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥*
*ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥*
*ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥ ਅੰਗ - ੧੨੫੧*
*ਧਾਂਰਨਾ - ਤੇਰੀ ਮਹਿਮਾ ਨੂੰ ਕੋਈ ਨਾ ਜਾਣਦਾ,*
*ਬਾਝ ਪੂਰੇ ਸਤਿਗੁਰ ਤੋਂ।*
*ਸੁਣਿ ਮਨ ਮੇਰੇ ਤਤੁ ਗਿਆਨੁ ॥*
*ਦੇਵਣ ਵਾਲਾ ਸਭ ਬਿਧਿ ਜਾਣੈ*
*ਗੁਰਮੁਖਿ ਪਾਈਐ ਨਾਮੁ ਨਿਧਾਨੁ ॥ ੧ ॥ ਰਹਾਉ ॥*
*ਸਤਿਗੁਰ ਭੇਟੇ ਕੀ ਵਡਿਆਈ ॥*
*ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥*
*ਸਹਜੇ ਮਾਤਾ ਹਰਿ ਗੁਣ ਗਾਈ ॥ ੨ ॥*
*ਵਿਣੁ ਗੁਰ ਪੂਰੇ ਕੋਇ ਨ ਜਾਣੀ ॥*
*ਮਾਇਆ ਮੋਹਿ ਦੂਜੈ ਲੋਭਾਣੀ ॥*
*ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥*
*ਅੰਗ - ੪੨੩*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ ਸਤਿਨਾਮ ਸ੍ਰੀ ਵਾਹਿਗੁਰੂ। ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਰਸਨਾ ਦੇ ਨਾਲ ਗੁਰੂ ਸ਼ਬਦ ਦੇ ਅੰਦਰ ਬੋਲੋ ਗੱਜ ਵੱਜ ਕੇ, ਬੁੱਧੀ ਦੇ ਨਾਲ ਵਿਚਾਰ ਕਰੋ, ਹਿਰਦੇ ਦੇ ਵਿਚ ਵਿਸ਼ਵਾਸ਼ ਲਿਆ ਕੇ ਗੁਰੂ ਦੀ ਬਾਣੀ ਨੂੰ ਮੰਨਣ ਦਾ ਯਤਨ ਕਰੋ, ਕਮਾਉਣ ਦਾ ਯਤਨ ਕਰੋ। ਜਦੋਂ ਅਸੀਂ ਇਸ ਤਰ੍ਹਾਂ ਬਾਣੀ ਪੜ੍ਹਾਂਗੇ, ਸੁਣਾਂਗੇ, ਵਿਚਾਰਾਂਗੇ, ਮੰਨਾਂਗੇ ਤੇ ਕਮਾਵਾਂਗੇ, ਫਲ ਹੋਏਗਾ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਸੋ ਇਸ ਤਰ੍ਹਾਂ ਦੇ ਨਾਲ ਆਪ ਇੱਕ ਸਹਿਜ ਤਪ ਦੇ ਵਿਚ ਸ਼ਾਮਲ ਹੋਏ, ਹੋਏ ਓਂ। ਜੇ ਕੋਈ ਬੰਦਾ ਗਰਮੀ ਵਿਚ ਬੈਠਾ ਹੈ, ਦੇਖਣ ਵਾਲੇ ਉਸ ਨੂੰ ਆਉਂਦੇ ਨੇ, ਬਹੁਤ ਗਰਮੀ ਹੈ, ਹਵਾ ਕੋਈ ਨਹੀਂ ਤੇ ਤਪ ਕਰ ਰਿਹਾ ਹੈ। ਉਹਦੀ ਮਹਿਮਾ ਐਨੀ ਵੱਡੀ ਨਹੀਂ ਹੈ ਜਿੰਨੀ ਅਸੀਂ ਸਮਝਦੇ ਹਾਂ ਪਰ ਸਤਿਸੰਗ ਦੇ ਵਿੱਚ, ਹਰੀ ਜਸ ਵਿੱਚ ਬੈਠਣ ਵਾਲੇ ਦੀ ਮਹਿਮਾ ਦੇ ਬਾਰੇ ਕੋਈ ਜਾਣ ਨਹੀਂ ਸਕਦਾ, ਕਿਉਂਕਿ ਸਤਿਸੰਗ ਦੇ ਵਿੱਚ ਆ ਕੇ ਪ੍ਰਮੇਸ਼ਰ ਦੇ ਨਾਲ ਜੁੜਨ ਦਾ, ਉਸ ਦੇ ਗਿਆਨ ਦਾ ਸਾਨੂੰ ਅਵਸਰ ਪ੍ਰਾਪਤ ਹੁੰਦਾ ਹੈ। ਸੋ ਜਿਸ ਵਾਸਤੇ ਆਪ ਖੇਚਲ ਕਰਕੇ, ਆਪ ਦੂਰ-ਦਰਾਜ਼ ਤੋਂ ਇਸ ਵੱਡੇ ਯੱਗ ਦੇ ਵਿੱਚ ਸ਼ਾਮਲ ਹੋਣ ਦੇ ਵਾਸਤੇ ਆਪ ਆਉਂਦੇ ਓਂ। ਜਦੋਂ ਗੁਰੂ ਮਹਾਰਾਜ ਦੇ ਨਾਲ ਜੁੜਾਂਗੇ, ਬਾਣੀ ਦੀ ਵਿਚਾਰ ਕਰਾਂਗੇ ਉਸ ਵੇਲੇ ਸਾਨੂੰ ਵੀ ਓਹੀ ਰਸਤਾ ਮਿਲ ਜਾਂਦਾ ਹੈ, ਜਿਨ੍ਹਾਂ 'ਤੇ ਚੱਲ ਕੇ, ਜਿਹੜੀ ਪਉੜੀ 'ਤੇ ਚੱਲ ਕੇ, ਪਹਿਲੇ ਗੁਰਸਿੱਖ ਉਪਰ ਚੜ੍ਹੇ ਨੇ ਇਹ ਹੋ ਨਹੀਂ ਸਕਦਾ ਕਿ ਹੁਣ ਉਹ ਪਉੜੀ ਬੰਦ ਹੋ ਗਈ। ਇਹ ਜੁਗਾਂ-ਜੁਗਾਂਤਰਾਂ ਤੱਕ ਪਉੜੀ ਰਹਿਣੀ ਹੈ। ਡੰਡੇ ਫੜੋ, ਚੜ੍ਹਦੇ ਚਲੋ, ਆਹਿਸਤਾ-ਆਹਿਸਤਾ ਮੰਜ਼ਲ ਆ ਜਾਏਗੀ, ਜਿੱਥੇ ਅਸੀਂ ਪਹੁੰਚਣਾ ਹੈ। ਸੋ ਉਹਦੇ ਬਾਰੇ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।' ਜਦੋਂ ਅਸੀਂ ਆਪਣੇ ਪੂਰਨ ਮਹਾਂਪੁਰਸ਼ਾਂ ਦੀਆਂ, ਗੁਰਮੁਖਾਂ ਦੀਆਂ ਕਥਾਵਾਂ ਸਰਵਣ ਕਰਦੇ ਹਾਂ ਤੇ ਇਹ ਜਾਨਣ ਦਾ ਯਤਨ ਕਰਦੇ ਹਾਂ ਕਿ ਉਨ੍ਹਾਂ ਨੇ ਕਿਹੜਾ ਕੰਮ ਕਰਿਆ ਸੀ, ਕਿਹੜੇ ਸਾਧਨ ਕਰੇ ਸੀ ਜਿਹੜੇ ਕਰਕੇ ਉਹ ਪ੍ਰਵਾਨ ਹੋ ਗਏ ਤੇ ਸਦਾ ਵਾਸਤੇ ਅਮਰ ਅਵਸਥਾ ਨੂੰ ਪ੍ਰਾਪਤ ਹੋ ਗਏ। ਸੋ ਸ਼ੌਂਕ ਵਾਲੇ ਬੰਦੇ, ਜਿਨ੍ਹਾਂ ਦੇ ਅੰਦਰ ਚਾਓ ਹੈ, ਜਿਨ੍ਹਾਂ ਦੇ ਅੰਦਰ ਜਗਿਆਸਾ ਹੈ ਉਹ ਉਸੇ ਵੇਲੇ ਤੁਰਨਾ ਸ਼ੁਰੂ ਕਰ ਦਿੰਦੇ ਨੇ। ਇੱਕ ਸਾਧਾਰਨ ਅਵਸਥਾ ਦੇ ਤਿੰਨ ਚਾਰ ਸਿੱਖ, ਭਾਈ ਲਾਲੂ ਹੈ ਇੱਕ ਦਾ ਨਾਉਂ, ਦੂਜੇ ਦਾ ਨਾਉਂ ਭਾਈ ਦੁਰਗਾ ਹੈ, ਤੀਸਰੇ ਦਾ ਭਾਈ ਜਵੰਦਾ ਹੈ, ਕਾਰੋਬਾਰੀ ਗੁਰਸਿੱਖ ਨੇ; ਇੱਕੋ ਪਿੰਡ ਦੇ ਰਹਿਣ ਵਾਲੇ ਨੇ, ਤਿੰਨੋਂ ਸਾਧੂਆਂ ਦੀ ਸੰਗਤ ਕਰਦੇ ਨੇ, ਪਹਿਲਾਂ ਤੋਂ ਹੀ ਸੰਗਤ ਕਰਦੇ ਨੇ, ਸਾਧੂਆਂ ਦੀਆਂ ਕਥਾਵਾਂ ਸੁਣਦੇ ਨੇ; ਪਹਿਲੇ ਜ਼ਮਾਨਿਆਂ ਦੇ ਅੰਦਰ ਜੋ ਸਾਧੂ ਹੋਇਆ ਕਰਦੇ ਸੀ ਉਨ੍ਹਾਂ ਦੀਆਂ ਲੋੜਾਂ ਬਹੁਤ ਘੱਟ ਹੁੰਦੀਆਂ ਸੀ। ਪੈਦਲ ਚਲਦੇ, ਵਸਤਰ ਦੀ ਉਨ੍ਹਾਂ ਨੂੰ ਲੋੜ ਹੀ ਨਹੀਂ ਸੀ ਹੁੰਦੀ, ਇੱਕ ਅੱਧਾ ਉਪਰ ਕਪੀਨ ਪਾ ਕੇ ਬੁੱਕਲ ਮਾਰ ਲੈਣੀ। ਤਪੀਏ ਬਹੁਤ ਹੁੰਦੇ, ਕਿਸੇ ਆਰਾਮ ਵਾਲੀ ਜਗ੍ਹਾਂ ਦੀ ਲੋੜ ਹੀ ਨਹੀਂ ਸੀ। ਜਿੱਥੇ ਥਾਂ ਮਿਲ ਗਿਆ ਉਥੇ ਹੀ ਉਥੇ ਹੀ ਪੈ ਛੱਡਦੇ ਸੀ। ਖਾਣ ਪੀਣ 'ਤੇ ਕੰਟਰੋਲ ਕਰਿਆ ਹੋਇਆ ਸੀ, ਸਾਧਨਾ ਸਾਧੀ ਹੋਈ ਸੀ, ਨੀਂਦ ਨੂੰ ਸਾਧਿਆ ਹੋਇਆ ਸੀ। ਸੋ ਸਹਿਜ ਤਪ ਦੇ ਅੰਦਰ ਜੰਗਮ ਤੀਰਥ ਬਣੇ, ਥਾਂ-ਥਾਂ 'ਤੇ ਜਾ ਕੇ ਜਗਿਆਸੂਆਂ ਨੂੰ ਸੰਭਾਲਦੇ ਸੀ, ਉਪਦੇਸ਼ ਦਿੰਦੇ ਸੀ। ਉਸੇ ਉਪਦੇਸ਼ ਦੇ ਸਦਕੇ ਕਿ ਧੰਨੇ ਵਰਗਾ ਡੰਗਰ ਚਾਰਨ ਵਾਲਾ, ਖੇਤੀ ਕਰਨ ਵਾਲਾ, ਬੰਦਾ ਕਿਸ ਪਦਵੀ 'ਤੇ ਪਹੁੰਚਿਆ -

***ਮਿਲੇ ਪਰਤਖਿ ਗੁਸਾਈਆ ਧੰਨਾ ਵਡਭਾਗਾ।***

ਇੱਕ ਸਾਧਾਰਣ ਬੱਚਾ, ਨਾਮਦੇਵ ਵਰਗਾ, ਕੀਰਤੀ ਬੰਦਾ। ਕਿਸ ਅਵਸਥਾ ਤੇ ਪਹੁੰਚਦਾ ਹੈ? ਰਵਿਦਾਸ ਜੀ ਵਰਗਾ, ਚਮੜਾ ਕੱਟ ਕੇ, ਕਹਿੰਦੇ ਸਾਡੀ ਜਿਹੜੀ ਕੁਲ ਸੀ ਮਰੇ ਹੋਏ ਡੰਗਰਾਂ ਨੂੰ ਚੁੱਕ ਕੇ ਬਾਹਰ ਸੁੱਟ ਕੇ ਆਉਂਦੀ ਹੁੰਦੀ ਸੀ। ਉਹਦਾ ਚਮੜਾ ਲਾਹ ਲੈਣਾ ਤੇ ਫੇਰ ਅਸੀਂ ਜੋੜੇ ਗੰਢਦੇ ਸੀ ਤੇ ਨਵੇਂ ਜੋੜੇ ਬਣਾਉਂਦੇ ਸੀ। ਕਿਸੇ ਯੂਨੀਵਰਸਿਟੀ 'ਚ ਨਹੀਂ ਗਏ, ਕੋਈ ਵਿਦਿਆ ਗ੍ਰਹਿਣ ਕਰਨ ਵਾਸਤੇ ਕਿਸੇ ਪੰਡਤਾਂ ਦੇ ਪਾਸ ਨਹੀਂ ਗਏ। ਕੇਵਲ ਸਤਿਸੰਗ ਸੁਣ ਕੇ ਜੋ ਅਸਲੀ ਵਿਦਿਆ ਜਿਹਨੂੰ ਬ੍ਰਹਮ ਵਿਦਿਆ ਕਹਿੰਦੇ ਸੀ, ਜੋ ਸਾਰੀਆਂ ਵਿਦਿਆਵਾਂ ਤੋਂ ਸ੍ਰੇਸ਼ਟ ਵਿਦਿਆ ਹੈ ਉਹਦੀ ਜਗਿਆਸਾ ਜਾਗੀ। ਭਜਨ ਕੀਤਾ, ਕਿੱਡੀ ਵੱਡੀ ਪਦਵੀ ਅੱਜ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਤਿਗੁਰੂ ਦਾ ਰੂਪ ਧਾਰ ਕੇ ਬੈਠੇ ਨੇ, ਸਾਰੇ ਅਸੀਂ ਸੀਸ ਨਿਵਾਉਂਦੇ ਹਾਂ ਉਨ੍ਹਾਂ ਦੇ ਬਚਨਾਂ ਨੂੰ। ਸ਼ਬਦ ਗੁਰੂ ਨੂੰ ਸੀਸ ਨਿਵਾਉਂਦੇ ਹਾਂ। ਸੋ ਇਸੇ ਤਰ੍ਹਾਂ ਇਹ ਵੀ ਤਿੰਨੇ ਹੀ ਗ੍ਰਹਿਸਤੀ ਇਕੱਠੇ ਹੁੰਦੇ ਸੀ। ਕਾਰੋਬਾਰ ਤੋਂ ਵਿਹਲੇ ਹੋਣ ਤੋਂ ਬਾਅਦ ਕੁਛ ਵਿਚਾਰ ਮਨ 'ਚ ਆਉਂਦੀ ਸੀ। ਸੁਣਦੇ ਸੀ ਕਿ ਫਲਾਣੇ ਪਿੰਡ ਸਤਿਸੰਗ ਹੈ, ਫਲਾਣੇ ਨਗਰਾਂ 'ਚ ਸਤਿਸੰਗ ਹੈ। ਚੱਲ ਕੇ ਵੀ ਜਾਂਦੇ ਸੀ, ਕੁਛ ਨਿਸ਼ਾ ਵੀ ਹੁੰਦੀ ਸੀ, ਕੁਛ ਮਨ ਵੀ ਟਿਕਦਾ ਸੀ, ਕੁਛ ਸੇਵਾ ਭਾਵਨਾ ਵੀ ਜਾਗਦੀ ਸੀ। ਕੁਛ ਦਾਨ ਕਰਨ ਦਾ ਉਤਸ਼ਾਹ ਵੀ ਆਉਂਦਾ ਸੀ, ਲੇਕਿਨ ਅਜੇ ਤੱਕ ਉਹ ਚੀਜ਼ ਨਹੀਂ ਸੀ ਪ੍ਰਾਪਤ ਹੋਈ, ਜਿਹਦੇ ਨਾਲ ਮਨ ਸ਼ਾਂਤ ਹੋ ਜਾਵੇ। ਉਸਦੀ ਤਲਾਸ਼ ਦੇ ਅੰਦਰ ਫਿਰਦੇ-ਫਿਰਦੇ, ਗੁਰੂ ਅਮਰਦਾਸ ਮਹਾਰਾਜ ਜੀ ਦੀ ਸੋਅ ਸੁਣੀ ਕੰਨਾਂ 'ਚ ਤੇ ਆਪ ਤਿੰਨੋ ਜਣੇ ਇਕੱਠੇ ਹੋ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਪਹੁੰਚਦੇ ਨੇ ਜਾ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਅਸੀਂ ਕਿਰਤੀ ਬੰਦੇ ਹਾਂ, ਸਾਧਾਰਣ ਬੰਦੇ, ਪੜ੍ਹੇ ਲਿਖੇ ਅਸੀਂ ਨਹੀਂ ਹੈਗੇ, ਕੋਈ ਵੇਸ ਸਾਸ਼ਤਰ ਅਸੀਂ ਨਹੀਂ ਜਾਣਦੇ। ਕੋਈ ਕਰਮ ਧਰਮ ਦੀ ਸਾਨੂੰ ਸੋਝੀ ਨਹੀਂ, ਜੇ ਸੋਝੀ ਹੈ ਤਾਂ ਕੇਵਲ ਇਹ ਹੈ ਕਿ ਮਾੜੇ ਕੰਮ ਨਾ ਕਰੋ।

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***
***ਅੰਗ - ੯੧੮***

ਜਿਹੜਾ ਕੰਮ ਕਰਨ ਤੋਂ ਬਾਅਦ ਪਛਤਾਵਾ ਪੈਦਾ ਕਰੇ ਕੰਮ, ਉਹ ਕੰਮ ਨਹੀਂ ਕਰਨਾ ਚਾਹੀਦਾ। ਇੱਥੇ ਵੀ ਪਛਤਾਵਾ ਹੁੰਦਾ ਹੈ ਤੇ ਦਰਗਾਹ ਵਿੱਚ ਜਾ ਕੇ ਵੀ ਪਛਤਾਉਣਾ ਪੈਂਦਾ ਹੈ, ਉਥੇ ਵੀ ਜਦੋਂ ਜਵਾਬ ਤਲਵੀ ਹੁੰਦੀ ਹੈ, ਫੇਰ ਆਦਮੀ ਨੂੰ ਪਛਤਾਉਣਾ ਪੈਂਦਾ ਹੈ, ਰੋਣਾ ਪੈਂਦਾ ਹੈ ਫੇਰ ਮਹਾਰਾਜ ਕਹਿੰਦੇ ਫੇਰ ਤਾਂ ਕੁਛ ਵੀ ਨਹੀਂ ਬਣਦਾ।

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥***
***ਅੰਗ - ੧੪੨੮***

ਸਮਾਂ ਲੰਘ ਗਿਆ ਤੇ ਹੁਣ ਕਾਹਨੂੰ ਪਛਤਾਉਂਦਾ ਹੈਂ, ਸਮਾਂ ਤਾਂ ਲੰਘ ਗਿਆ ਸਾਰਾ। ਜਮਦੂਤਾਂ ਨੇ ਆ ਕੇ ਬਾਂਹ ਫੜ ਲਈ। ਕੋਈ ਮਾਰੂ ਬਿਮਾਰੀ ਲੱਗ ਗਈ, ਡਾਕਟਰਾਂ ਨੇ ਕਹਿ ਦਿੱਤਾ ਕਿ ਤੂੰ ਨਹੀਂ ਹੁਣ ਬਚਦਾ, ਉਸ ਵੇਲੇ ਤਾਂ ਕੋਈ ਜਪ ਤਪ ਨਹੀਂ ਹੋ ਸਕਦਾ, ਫੇਰ ਆਦਮੀ ਪਛਤਾਉਂਦਾ ਹੈ ਕਿ ਮੈਂ ਐਵੇਂ ਜ਼ਿੰਦਗੀ ਬਰਬਾਦ ਕਰ ਲਈ। ਕੁਛ ਕਰਿਆ ਨਾ ਮੈਂ।

ਸੋ ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਐਸਾ ਕੋਈ ਕੰਮ ਨਹੀਂ ਕਰਦੇ, ਜਿਹਦੇ ਕਰਨ ਦੇ ਨਾਲ ਸਾਨੂੰ ਇੱਥੇ ਵੀ ਪਛਤਾਉਣਾ ਪਵੇ ਤੇ ਦਰਗਾਹ ਦੇ ਵਿੱਚ ਜਾ ਕੇ ਵੀ ਪਛਤਾਉਣਾ ਪਵੇ। ਸੰਤਾਂ ਦੀ ਸੰਗਤ ਕਰ-ਕਰ ਕੇ ਸਾਨੂੰ ਦ੍ਰਿੜ੍ਹ ਹੋ ਚੁੱਕਿਆ ਹੈ ਕਿ ਕਿਸੇ ਦੀ ਨਿੰਦਿਆ ਨਹੀਂ ਕਰਨੀ, ਚੁਗਲੀ ਨਹੀਂ ਕਰਨੀ, ਈਰਖਾ ਨਹੀਂ ਕਰਨੀ, ਝੂਠ ਨਹੀਂ ਬੋਲਣਾ, ਕਪਟ ਨਹੀਂ ਕਰਨਾ, ਛਲ ਨਹੀਂ ਕਰਨਾ, ਮਾੜੇ ਕੰਮ ਨਹੀਂ ਕਰਨੇ, ਧਾਰਮਿਕ ਮਰਿਆਦਾ ਸਮਾਜ ਦੀ ਉਲੰਘਣ ਨਹੀਂ ਕਰਨੀ। ਅਸੀਂ ਯਤਨ ਕਰਦੇ ਹਾਂ ਕਿ ਜੋ ਅੰਦਰਲੇ ਪੰਜ ਚੋਰ ਨੇ ਇਨ੍ਹਾਂ ਤੋਂ ਵੀ ਬਚਿਆ ਜਾਵੇ ਪਰ ਫੇਰ ਵੀ ਸੱਚੇ ਪਾਤਸ਼ਾਹ! ਕੋਈ ਰਾਹ ਨਹੀਂ ਲੱਭ ਰਿਹਾ ਸਾਨੂੰ ਤੇ ਆਪ ਦੀ ਚਰਨ ਸ਼ਰਨ ਅਸੀਂ ਆਏ ਹਾਂ, ਆਪ ਕ੍ਰਿਪਾ ਕਰਕੇ ਕੋਈ ਐਸਾ ਸੁਖਾਲਾ ਜਿਹਾ ਤਰੀਕਾ ਦੱਸੋ, ਐਨਾ ਕੋਈ ਸਹਿਜ ਜਿਹਾ ਰਸਤਾ ਦੱਸੋ ਕਿ ਅਸੀਂ ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਵੀ ਨਿਭਾ ਲਈਏ ਤੇ ਨਾਲ ਸਾਡਾ ਛੁਟਕਾਰਾ ਵੀ ਹੋ ਜਾਏ। ਕ੍ਰਿਪਾ ਕਰਕੇ ਆਪ ਸਾਨੂੰ ਸਮਝਾਉਣਾ ਕਰੋ।

ਮਹਾਰਾਜ ਜੀ ਦਇਆ ਦੇ ਘਰ 'ਚ ਆਏ, ਕਹਿਣ ਲੱਗੇ, "ਗੁਰਮੁਖੋ! ਕੋਈ-ਕੋਈ ਭਾਗਾਂ ਵਾਲਾ ਹੁੰਦਾ ਹੈ, ਜਿਹਦੇ ਮਨ 'ਚ ਇਹ ਜਗਿਆਸਾ ਉਠਿਆ ਕਰਦੀ ਹੈ।" ਸਾਰੇ ਸੰਤਾਂ ਨੂੰ, ਗੁਰੂਆਂ ਨੂੰ, ਸਾਰੇ ਬੰਦੇ ਨਹੀਂ ਮਿਲਦੇ ਜਗਿਆਸਾ ਵਾਲੇ। ਭੀੜਾਂ ਬੇਅੰਤ ਹੋਣਗੀਆਂ ਉਨ੍ਹਾਂ ਦੇ ਦੁਆਲੇ ਦੁਨੀਆਂ ਦੇ ਇਕੱਠ ਬਹੁਤ ਹੋਣਗੇ, ਕੋਈ ਦੁਨੀਆਂ ਦੇ ਵਾਸਤੇ ਉਥੇ ਆਉਂਦੇ ਨੇ, ਕੋਈ ਸੁਖਣਾ ਵਾਸਤੇ ਆਉਂਦੇ ਨੇ। ਕੋਈ ਹੋਰ ਕਿਸੇ ਵਾਸਤੇ ਆਉਂਦੇ ਨੇ, ਜਗਿਆਸਾ ਲੈ ਕੇ ਕੋਈ ਵਿਰਲਾ ਪੁਰਸ਼ ਆਉਂਦਾ ਹੈ। ਲੱਖਾਂ ਬੰਦਿਆਂ 'ਚੋਂ ਇੱਕ ਬੰਦਾ ਹੋਣਾ ਹੈ, ਜਿਹੜਾ ਜਗਿਆਸਾ ਲੈਂਦਾ ਹੈ। ਏਸੇ ਕਰਕੇ ਮਹਾਰਾਜ ਜੀ ਕਹਿੰਦੇ ਨੇ -

***ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ ॥***
***ਅੰਗ - ੧੩੭੬***

ਕੋਈ ਨਾ, ਇੰਤਜ਼ਾਰ ਕਰੋ, ਕਦੇ ਤਾਂ ਕੋਈ ਗਾਹਕ ਆ ਕੇ ਮਿਲੇਗਾ, ਪਰ ਉਹ ਫੇਰ ਲਏਗਾ ਕੀ, ਮਹਿੰਗੇ ਤੋਂ ਮਹਿੰਗਾ ਮੁੱਲ ਦਏਗਾ। ਪਹਿਲਾਂ ਸੌਦਾ ਜੋ ਮਹਾਰਾਜ ਕਰਦੇ ਨੇ, ਉਹ ਇਹ ਕਹਿੰਦੇ ਨੇ ਕਿ ਜੇ ਇਹ ਚੀਜ਼ ਲੈਣੀ ਹੈ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***
***ਅੰਗ - ੧੧੦੨***

ਪਹਿਲਾਂ ਮਰਨਾ ਕਬੂਲ। ਮਹਾਰਾਜ! ਜੇ ਮੈਂ ਮਰਨਾ ਕਬੂਲ ਕਰ ਲਿਆ, ਫੇਰ ਮੈਂ ਪ੍ਰਾਪਤੀ ਕਿਵੇਂ ਕਰਾਂਗੇ? ਮਹਾਰਾਜ ਕਹਿੰਦੇ, ਸਰੀਰ ਤੋਂ ਅਸੀਂ ਨਹੀਂ ਮਾਰਦੇ, ਇਹ ਜੋ ਤੇਰੇ ਅੰਦਰ ਜੀਵਤ ਭਾਵ ਹੰਗਤਾ ਤੇ ਮਮਤਾ ਦਾ, ਮੈਂ ਬਣਿਆ ਹੋਇਆ ਹੈ ਤੂੰ, ਇਹਨੂੰ ਮਾਰਨਾ ਮਨਜ਼ੂਰ ਕਰ ਲੈ। ਕਿਉਂਕਿ ਮੈਂ ਰਹਿਣੀ ਨਹੀਂ ਜੇ ਮੇਰੇ ਨਾਲ ਰਲਣਾ ਹੈ ਤਾਂ ਤੂੰ ਹੀ ਤੂੰ ਹੁੰਦੀ ਹੈ, ਮੈਂ ਨਹੀਂ ਉਥੇ ਹੁੰਦੀ ਜਾਂ ਮੈਂ-ਮੈਂ ਹੁੰਦੀ ਹੈ, ਤੂੰ ਨਹੀਂ ਹੁੰਦੀ। ਪਛਾਣ ਹਟ ਜਾਂਦੀ ਹੈ-

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥***
***ਅੰਗ - ੯੬੯***

ਸੋ ਗਾਹਕੁ ਮਹਿੰਗਾ ਮੁੱਲ ਦਿੰਦਾ ਹੈ। ਜਿਨ੍ਹਾਂ ਨੂੰ ਵੀ ਦਿੱਤਾ ਹੈ ਪਰਖ-ਪਰਖ ਕੇ, ਪੂਰਾ ਭਾਅ ਲਿਆ। ਕਿਉਂਕਿ ਚੀਜ਼ ਹੀ ਪੂਰੇ ਭਾਅ ਦੀ ਹੈ ਘੱਟ ਨਹੀਂ ਹੈ। ਸੋ ਮਹਾਰਾਜ ਕਹਿੰਦੇ ਚੰਗਾ ਹੈ ਕਿ ਪ੍ਰਮੇਸ਼ਰ ਨੇ ਤੁਹਾਡੇ ਅੰਦਰ ਇਹ ਜਗਿਆਸਾ ਪੈਦਾ ਕੀਤੀ ਹੈ ਸੋ ਹੁਣ ਤੁਸੀਂ ਧਿਆਨ ਦੇ ਨਾਲ ਸੁਣਿਓ ਰਸਤਾ ਬੜਾ ਸੁਖਾਲਾ ਹੈ, ਬਹੁਤ ਔਖਾ ਨਹੀਂ ਹੈਗਾ। ਇਹਨੂੰ ਉਲਝਣ ਬਾਜ਼ੀ 'ਚ ਜਿੰਨਾਂ ਜੀਅ ਕਰਦਾ ਹੈ, ਪਾ ਲਓ। ਜਿੰਨਾਂ ਉਲਝਾਉਣਾ ਹੈ ਉਲਝਾ ਲਓ। ਪਰ ਰਸਤਾ ਬਿਲਕੁਲ ਹੀ ਸਿੱਧਾ ਹੈ, ਇਹਦੇ 'ਚੋਂ ਸਾਰੇ ਹੀ ਲੰਘ ਸਕਦੇ ਨੇ। ਸਾਰੇ ਧਰਮਾਂ ਦੇ ਲੋਕ ਲੰਘ ਸਕਦੇ ਨੇ, ਪਰ ਜੇ ਸਰਲ ਰਸਤਾ ਅਖਤਿਆਰ ਕੀਤਾ ਜਾਏ। ਆਪਣੇ ਆਪ ਹੀ ਆਪੇ ਬੰਦਾ ਬੰਨ੍ਹ ਲੈਂਦਾ ਹੈ ਵਹਿਮ ਪ੍ਰਸਤੀ, ਵਹਿਮ ਪਾ ਪਾ ਕੇ, ਆਪਣੇ ਹੀ ਆਪਣੇ ਦੁਆਲੇ ਕੁੰਡਲ ਪਾਉਣੇ ਸ਼ੁਰੂ ਕਰ ਦਿੰਦਾ ਹੈ। ਸ਼ਕਲਾਂ ਬਣਾ ਲੈਂਦੇ ਨੇ, ਭੇਖ ਬਣਾ ਲੈਂਦੇ ਨੇ, ਕਿਰਿਆਕ੍ਰਮ ਬੇਅੰਤ ਕੱਢ ਲੈਂਦੇ ਨੇ, ਫੋਕਟ ਕਰਮਾਂ ਦੇ ਵਿੱਚ ਪ੍ਰਵਿਰਤ ਹੋ ਜਾਂਦੇ ਨੇ। ਮਹਾਰਾਜ ਕਹਿੰਦੇ ਗੁਰਮੁਖੋ! ਬਹੁਤ ਸਿੱਧਾ ਰਸਤਾ ਹੈ, ਸੋ ਆਪ ਪਹਿਲਾਂ ਸੰਗਤ ਦੇ ਵਿੱਚ ਆ ਕੇ ਸੇਵਾ ਨੂੰ ਸਮਝੋ ਕਿਉਂਕਿ ਪਹਿਲਾ ਜਿਹੜਾ ਡੰਡਾ ਹੈ ਉਹ ਸੇਵਾ ਹੈ, ਸੇਵਾ ਤੋਂ ਅੱਗੇ ਸ਼ੁਰੂ ਹੋਣਾ ਹੈ। ਸੋ ਸੇਵਾ ਕਰੋ। ਸੇਵਾ ਸਭ ਤੋਂ ਸ੍ਰੇਸ਼ਟ ਗੁਰੂ ਦੀ ਹੁੰਦੀ ਹੈ। ਸੰਗਤ ਦੀ ਸੇਵਾ ਹੁੰਦੀ ਹੈ, ਦੇਸ਼ ਦੀ ਸੇਵਾ ਹੁੰਦੀ ਹੈ, ਕਮਿਊਨਟੀ ਦੀ ਸੇਵਾ ਹੁੰਦੀ ਹੈ, ਸੇਵਾ ਦਾ ਯਤਨ ਕਰੋ। ਜੋ ਸੇਵਾ ਕਰਦਾ ਹੈ, ਉਹਦੇ ਨਾਲ ਪ੍ਰਾਪਤੀ ਹੁੰਦੀ ਹੈ, ਪਰ ਜੋ ਸਤਿਗੁਰੂ ਦੀ ਸੇਵਾ ਕਰਦਾ ਹੈ। ਉਹ ਸਫਲ ਹੁੰਦੀ ਹੈ -

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥***
***ਅੰਗ - ੬੪੪***

ਐਵੇਂ ਹਫੜਾ-ਦਫੜੀ 'ਚ ਨਹੀਂ, ਮਨ ਦੇ ਅੰਦਰ ਸ਼ੌਂਕ ਜਾਗਿਆ ਹੋਵੇ ਕਿ ਮੈਂ ਸੇਵਾ ਕਰਾਂ। ਜਿਹੜਾ ਆਪਣੀ ego ਨੂੰ ਗਵਾ ਕੇ ਸੇਵਾ ਕਰਦਾ ਹੈ, ਮਹਾਰਾਜ ਕਹਿੰਦੇ ਉਹਨੂੰ ਸਾਰੀਆਂ ਚੀਜ਼ਾਂ ਮਨਇੱਛਤ ਮਿਲ ਜਾਂਦੀਆਂ ਨੇ, ਜਦੋਂ ਅਸੀਂ ਇਹ ਗੱਲ ਕਹਿੰਦੇ ਹਾਂ ਉਸ ਵੇਲੇ ਦੁਨੀਆਂ ਸਾਡੇ ਮੂਹਰੇ ਫੇਰ ਆ ਜਾਂਦੀ ਹੈ ਕਿ ਮੈਨੂੰ ਆਹ ਚੀਜ਼ ਮਿਲ ਜਾਏ ਮੈਂ ਸੇਵਾ ਕਰ ਰਿਹਾ। ਮਿਲਦਾ ਹੈ ਸਭ ਕੁਛ। ਕਿੰਨੀਆਂ ਮਿਸਾਲਾਂ ਨੇ ਆਪ ਦੇ ਪਾਸ। ਬਿਮਾਰ ਜਾਂਦੇ ਨੇ ਉਥੇ ਰਤਵਾੜਾ ਸਾਹਿਬ, ਸੇਵਾ ਕਰਦੇ ਨੇ, ਥੋੜ੍ਹੇ ਦਿਨਾਂ ਤੋਂ ਬਾਅਦ ਕਹਿੰਦੇ ਜੀ, ਮੈਂ ਰਾਜ਼ੀ ਹੋ ਗਿਆ, ਕਿਉਂਕਿ ਮੰਗਦੇ ਓਹੀ ਚੀਜ਼ ਨੇ, ਉਹ ਮਿਲ ਜਾਂਦੀ ਹੈ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***
***ਅੰਗ - ੬੮੧***

ਕੋਈ ਕਹਿੰਦਾ ਹੈ ਜੀ ਮੈਨੂੰ ਨੌਕਰੀ ਮਿਲ ਜਾਏ ਜੀ। ਜਾ ਕੇ ਸੇਵਾ ਕਰਦਾ ਹੈ, ਥੋੜ੍ਹੇ ਦਿਨਾਂ ਵਿੱਚ ਆ ਕੇ ਮੈਨੂੰ ਕਹਿ ਦਿੰਦੇ ਨੇ ਜੀ ਮੈਨੂੰ ਮਿਲ ਗਈ ਨੌਕਰੀ। ਮੈਂ ਤਾਂ ਹੈਰਾਨ ਹੁੰਦਾ ਹਾਂ ਕਿ ਮਹਾਰਾਜ ਕਿੰਨੇ ਪ੍ਰਸੰਨ ਹੋ ਜਾਂਦੇ ਨੇ। ਕਿੰਨੀ ਛੇਤੀ ਮੰਨ ਜਾਂਦੇ ਨੇ। ਉਹ ਮੰਨਦੇ ਤਾਂ ਨੇ ਜੇ ਅੰਦਰ ਸੇਵਾ ਦਾ ਸ਼ੌਂਕ ਹੋਵੇ। ਜੇ ਬਾਬਾ ਜੀ ਕਹਿਣ ਹਾਕ ਮਾਰ ਕੇ ਕਿ ਭਾਈ, ਤੂੰ ਇਧਰ ਤੁਰਿਆ ਫਿਰਦਾ ਹੈਂ, ਸੇਵਾ ਕਰ। ਸੇਵਾ ਕਿਉਂ ਨਹੀਂ ਕਰਦਾ? ਫੇਰ ਨਹੀਂ ਹੁੰਦਾ ਕੁਛ ਵੀ। ਫੇਰ ਚਾਹੇ ਸਾਲ, ਦੋ ਸਾਲ, ਪੰਜ ਸਾਲ ਕਰੀ ਜਾਈਏ। ਕਿਉਂਕਿ ਅੰਦਰ ਰੁਚੀ ਨਹੀਂ ਹੈ, ਅੰਦਰ ਤਾਰ ਨਹੀਂ ਜੁੜਦੀ। ਨਾ ਜੁੜਨ ਕਰਕੇ ਐਨਰਜੀ ਆਉਂਦੀ ਨਹੀਂ ਉਹਦੇ ਵਿਚ। ਜਿਹੜਾ ਆਪ ਹੀ ਚਾਉ ਦੇ ਨਾਲ ਦੌੜ-ਦੌੜ ਕੇ ਸੇਵਾ ਕਰਦਾ ਹੈ, ਉਹਦੇ 'ਤੇ ਗੁਰੂ ਪ੍ਰਸੰਨ ਹੁੰਦਾ ਹੈ ਤੇ ਗੁਰੂ ਦੀ ਪ੍ਰਸੰਨਤਾ ਦੇ ਨਾਲ ਕੀ ਹੁੰਦਾ ਹੈ, ਇਸ ਤਰ੍ਹਾਂ ਨਾਲ ਫੁਰਮਾਨ ਹੈ -

***ਧਾਰਨਾ - ਤਿੰਨਾਂ ਲੋਕਾਂ ਦੀ ਸੋਝੀ ਹੋ ਜਾਵੇ,***
***ਸੇਵਾ ਕਰਕੇ ਸਤਿਗੁਰ ਦੀ।***

ਕਹਿਣ ਲੱਗੇ, ਪ੍ਰੇਮੀਓ! ਜੀਵ ਦੀ ਕਲਿਆਣ ਵਾਸਤੇ, ਗਿਆਨ ਦੀ ਪ੍ਰਾਪਤੀ ਵਾਸਤੇ, ਸਤਿਗੁਰੂ ਦੀ ਜੋ ਸੇਵਾ ਹੈ ਉਹ ਸਭ ਤੋਂ ਸ੍ਰੇਸ਼ਟ ਸੇਵਾ ਹੈ। ਇਹਦੇ ਨਾਲ ਆਪ ਵੀ ਤਰਦਾ ਹੈ ਤੇ ਸੰਸਾਰ ਨੂੰ ਵੀ ਤਾਰਦਾ ਹੈ, ਤਿੰਨਾਂ ਲੋਕਾਂ ਦੀ; ਭੂਤ ਦੀ, ਭਵਿੱਖਤ ਦੀ, ਵਰਤਮਾਨ ਦੀ, ਤਿੰਨਾਂ ਕਾਲਾਂ ਦੀ, ਤਿੰਨਾਂ ਲੋਕਾਂ ਦੀ ਸੋਝੀ ਹੋ ਜਾਇਆ ਕਰਦੀ ਹੈ।

***ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ ਅੰਗ - ੪੨੩***

ਸਾਰੇ ਤਪਾਂ ਦਾ ਸ਼੍ਰੋਮਣੀ ਤਪ ਗੁਰੂ ਦੀ ਸੇਵਾ ਹੈ -

***ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥***
***ਅੰਗ - ੪੨੩***

ਹੁਣ ਫਲ ਦਸਦੇ ਨੇ ਇਹਦੇ ਕੀ ਨੇ। ਉਹ ਇਹ ਹੈ ਕਿ ਵਾਹਿਗੁਰੂ ਜੀ ਮਨ ਵਿਚ ਵਸ ਜਾਂਦੇ ਨੇ ਤੇ ਇਹ ਸੇਵਾ ਸਾਰੇ ਦੁੱਖਾਂ ਨੂੰ ਭੁਲਾ ਦਿੰਦੀ ਹੈ, ਕੋਈ ਦੁੱਖ ਰਹਿੰਦਾ ਹੀ ਨਹੀਂ ਤੇ ਦਰਗਾਹ ਵਿੱਚ ਜਾ ਕੇ -

***ਦਰਿ ਸਾਚੈ ਦੀਸੈ ਸਚਿਆਰੁ ॥ ਅੰਗ - ੪੨੩***

ਦਰਗਾਹ ਦੇ ਵਿੱਚ ਜਾਂਦਾ ਹੈ ਤੇ ਸਚਿਆਰ ਦੇ ਦਰਸ਼ਨ ਕਰਦਾ ਹੈ -

***ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥ ਅੰਗ - ੪੨੩***

ਤਿੰਨਾਂ ਭਵਣਾਂ ਦੀ ਸੋਝੀ ਹੋ ਜਾਂਦੀ ਹੈ, ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ -

***ਆਪੁ ਪਛਾਣਿ ਹਰਿ ਪਾਵੈ ਸੋਇ ॥ ਅੰਗ - ੪੨੩***

ਆਪਣੇ ਸਰੂਪ ਦਾ ਗਿਆਨ ਹੋ ਜਾਂਦਾ ਹੈ ਤੇ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ -

***ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥ ਅੰਗ - ੪੨੩***

ਜੋ ਸੱਚਾ ਸ਼ਬਦ ਵਰਤ ਰਿਹਾ ਹੈ ਉਹਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਸੋ ਇਸ ਕਰਕੇ ਸੇਵਾ ਦਾ ਮਹਾਤਮ ਮਹਾਰਾਜ ਕਹਿਣ ਲੱਗੇ, ਬਹੁਤ ਵੱਡਾ ਹੈ। ਇਹ ਸੇਵਾ ਕਰਨ ਵਾਲਾ ਜਿਹੜਾ ਹੈ -

***ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਅੰਗ - ੪੨੩***

ਸਾਰੀਆਂ ਕੁਲਾਂ ਦਾ ਉਧਾਰ ਗੁਰੂ ਦੀ ਸੇਵਾ ਕਰਨ ਵਾਲਾ ਕਰਦਾ ਹੈ -

***ਨਿਰਮਲ ਨਾਮੁ ਰਖੈ ਉਰਿ ਧਾਰੇ ॥ ਅੰਗ - ੪੨੩***

ਹਿਰਦੇ ਵਿੱਚ ਨਿਰਮਲ ਨਾਮ ਧਾਰਨ ਕਰਕੇ ਰਖਦਾ ਹੈ -

***ਸਾਚੀ ਸੋਭਾ ਸਾਚਿ ਦੁਆਰੇ ॥ ਅੰਗ - ੪੨੩***

ਸੱਚੇ ਦੁਆਰੇ ਜਾ ਕੇ ਫੇਰ ਉਹਦੀ ਸੋਭਾ ਹੁੰਦੀ ਹੈ, ਉਹਨੂੰ ਕੋਈ ਨਹੀਂ ਕਹਿੰਦਾ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨*

ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਭਾਈ ਦਇਆ ਸਿੰਘ ਜੀ, ਪੰਜ ਪਿਆਰਿਆਂ ਦੇ ਸ਼੍ਰੋਮਣੀ ਜਥੇਦਾਰ, ਉਨ੍ਹਾਂ ਦੇ ਬਾਅਦ ਬਾਬਾ ਸੋਭਾ ਸਿੰਘ ਜੀ, ਓਹੀ ਗਿਆਨ ਜੋ ਗੁਰੂ ਦਸ਼ਮੇਸ਼ ਪਿਤਾ ਤੋਂ ਭਾਈ ਦਇਆ ਸਿੰਘ ਜੀ ਨੇ ਪ੍ਰਾਪਤ ਕਰਿਆ ਸੀ, ਬਾਬਾ ਸੋਭਾ ਸਿੰਘ ਜੀ ਦੇ ਰਾਹੀਂ ਉਹ ਜੋ ਗਿਆਨ ਇੱਥੇ ਬਾਬਾ ਜੀ ਦੇ ਪਾਸ ਬਾਬਾ ਸਾਹਿਬ ਜੀ ਦੇ ਰਾਹੀਂ ਪ੍ਰਾਪਤ ਹੋ ਕੇ ਸੰਸਾਰ ਦਾ ਉਧਾਰ ਹੋ ਰਿਹਾ ਹੈ ਤੇ ਉਨ੍ਹਾਂ ਦੀ ਸੇਵਾ ਦੇ ਅੰਦਰ ਭਾਗ ਸਿੰਘ ਨਾਮ ਕਰਕੇ ਇੱਕ ਲਾਂਗਰੀ ਸੀ। ਉਹਦੀ ਮਾਤਾ ਜੀ ਚੜ੍ਹਾਈ ਕਰ ਗਈ, ਬਾਬਾ ਜੀ ਨੂੰ ਖਬਰ ਦਿੱਤੀ ਕਿ ਲਾਂਗਰੀ ਜੀ ਦੀ ਮਾਤਾ ਜੀ ਚੜ੍ਹਾਈ ਕਰ ਗਈ। ਸੇਵਾ ਕਰਿਆ ਕਰਦੀ ਸੀ ਆ ਕੇ ਗੁਰੂ ਘਰ ਦੇ ਅੰਦਰ, ਜਲ ਭਰਨਾ, ਝਾੜੂ ਦੇਣਾ, ਬਰਤਨ ਮਾਂਜਣੇ। ਹੋਰ ਅਨੇਕਾਂ ਕਾਰਜ, ਵਸਤਰ ਧੋਣੇ; ਐਸੀ ਸੇਵਾ ਕਰਕੇ ਜਦੋਂ ਸੰਸਾਰ ਦੀ ਯਾਤਰਾ ਖਤਮ ਕਰਕੇ ਗਏ, ਬਾਬਾ ਜੀ ਕਹਿਣ ਲੱਗੇ, ਕੋਈ ਨਾ ਭਾਈ, ਕਿਉਂਕਿ ਤਿੰਨਾਂ ਭਵਣਾਂ ਦੀ ਸੋਝੀ ਸੀ। ਅਨੁਭਵ ਨਾਲ ਦੇਖਿਆ ਕਹਿੰਦੇ, ਕੋਈ ਨਾ ਉਹਨੇ ਆ ਜਾਣਾ ਹੈ, ਕਿਤੇ ਨਹੀਂ ਜਾਂਦੀ ਉਹ। ਸਸਕਾਰ ਨਾ ਕਰਿਓ, ਮ੍ਰਿਤਕ ਸਰੀਰ ਰੱਖ ਛੱਡਿਆ, ਕੁਝ ਸਮਾਂ ਬੀਤਿਆ ਤੇ ਉਸ ਤੋਂ ਬਾਅਦ ਮਾਤਾ ਸਰੀਰ ਵਿੱਚ ਪ੍ਰਵੇਸ਼ ਕਰ ਗਈ ਤੇ ਸਰੀਰ ਦੁਬਾਰਾ ਜੀਉਂਦਾ ਹੋ ਗਿਆ। ਵਾਹਿਗੁਰੂ-ਵਾਹਿਗੁਰੂ ਕਰਦੀ ਉਠ ਕੇ ਬੈਠ ਗਈ। ਕਹਿੰਦੀ, ਬਾਬਾ ਜੀ ਦੇ ਦਰਸ਼ਨ ਕਰਨੇ ਨੇ। ਬਹੁਤ ਸਾਰਾ ਇਕੱਠ ਹੋ ਗਿਆ ਤੇ ਬਾਬਾ ਜੀ ਦੇ ਚਰਨਾਂ 'ਚ ਹਾਜ਼ਰ ਹੋਏ। ਕਹਿਣ ਲੱਗੇ, ਸੁਣਾ ਬੀਬੀ ਕਿਵੇਂ ਆਈ? ਕਹਿੰਦੀ ਬਾਬਾ ਜੀ! ਚੜ੍ਹਾਈ ਕਰ ਗਈ ਸੀ। ਫੇਰ ਕਹਿੰਦੇ, ਕੀ ਹੋਇਆ? ਕਹਿੰਦੀ ਮਹਾਰਾਜ ਜੀ! ਮੈਨੂੰ ਧਰਮਰਾਜ ਦੇ ਦੂਤ ਲੈਣ ਵਾਸਤੇ ਆਏ। ਇੱਕ ਤਾਂ ਦੂਤ ਹੁੰਦੇ ਨੇ, ਇੱਕ ਜਮਦੂਤ ਹੁੰਦੇ ਨੇ। ਜਮਦੂਤ ਤਾਂ ਉਹਦੇ ਵਾਸਤੇ ਆਉਂਦੇ ਨੇ ਜਿਹੜੇ ਇੱਥੇ ਆ ਕੇ ਪਾਪ ਕਰਦੇ ਨੇ। ਮਾੜੇ ਕੰਮ ਕਰਦੇ ਨੇ, ਉਨ੍ਹਾਂ ਨੂੰ ਮਾਰਦੇ ਕੁੱਟਦੇ ਲੈ ਜਾਂਦੇ ਨੇ।

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥*
*ਅੰਗ - ੫੨●*
*ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ ॥*
*ਅੰਗ - ੫੧੩*

ਉਥੇ ਬੰਨ੍ਹ ਕੇ ਉਨ੍ਹਾਂ ਨੂੰ ਮਾਰਿਆ ਜਾਂਦਾ ਹੈ।

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਅੰਗ - ੧੨੮੧*

ਕਹਿੰਦੇ ਫੇਰ? ਕਹਿੰਦੀ ਬਾਬਾ ਜੀ! ਮੈਨੂੰ ਧਰਮਰਾਜ ਦੇ ਪੇਸ਼ ਕਰ ਦਿੱਤਾ। ਚਿਤ੍ਰਗੁਪਤਾ ਨੂੰ ਹੁਕਮ ਹੋਇਆ ਕਿ ਇਹਦਾ ਹਿਸਾਬ-ਕਿਤਾਬ ਦੱਸੋ? ਹੈਰਾਨ ਹੋ ਗਏ, ਧਰਮਰਾਜ ਨੂੰ ਕਹਿਣ ਲੱਗੇ ਕਿ ਮਹਾਰਾਜ! ਏਸ ਬੀਬੀ ਦਾ ਤਾਂ ਨਾਉਂ ਹੀ ਨਹੀਂ ਸਾਡੇ ਰਜਿਸਟਰ 'ਚ।

ਕਿਉਂਕਿ ਧਰਮਰਾਜ ਦੇ ਪਾਸ ਸਾਰੇ ਨਹੀਂ ਜਾਂਦੇ ਸਾਧਸੰਗਤ ਜੀ, ਇਹ ਖਿਆਲ ਕੱਢ ਦਿਓ ਕਿਤੇ ਸਾਰੇ ਹੀ ਕਹੀ ਜਾਣ। ਧਰਮਰਾਜ ਦੇ ਕੋਲ ਸਿਰਫ ਉਹ ਜਾਂਦੇ ਨੇ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅੰਗ - ੩੮*

ਕਿਉਂਕਿ ਧਰਮਰਾਜ ਦੇ ਕੋਲ ਦੋ ਚੀਜ਼ਾਂ ਨੇ, ਇੱਕ ਸਵਰਗ ਹੈ, ਇੱਕ ਨਰਕ ਹੈ। ਸਵਰਗ ਦੀ ਲੋਚਾ ਵਾਲੇ ਬੰਦੇ ਧਰਮਰਾਜ ਕੋਲ ਜਾਂਦੇ ਨੇ -

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥*
*ਅੰਗ - ੧੪੧੪*

ਮਹਾਰਾਜ ਕਹਿੰਦੇ, ਜਿਹੜੇ ਪੁੰਨ ਦਾਨ ਬੀਜ ਕੇ ਉਹਦਾ ਬਦਲਾ ਚਾਹੁੰਦੇ ਨੇ ਕਿ ਸਾਨੂੰ ਦਰਗਾਹ 'ਚ ਜਾ ਕੇ ਮਿਲੇ, ਆਹ ਬੀਜਦੇ ਹਾਂ ਤੇ ਆਹ ਮਿਲੇ। ਕਹਿੰਦੇ ਉਹ ਫੇਰ ਸੈਂਕੜੇ ਗੁਣਾਂ, ਹਜ਼ਾਰਾਂ ਗੁਣਾਂ ਹੋਇਆ-ਹੋਇਆ ਭੋਗਣ ਵਾਸਤੇ ਦਰਗਾਹ 'ਚ ਜਾਂਦੇ ਨੇ। ਉਨ੍ਹਾਂ ਨੂੰ ਜਾਣਾ ਪਵੇਗਾ। ਧਰਮਰਾਜ ਦਾ ਅਖਤਿਆਰ ਜਿਹੜਾ ਹੈ, ਚੌਰਾਸੀ ਨਰਕਾਂ ਦੇ ਉਤੇ ਜਾਂ ਅਠਾਰ੍ਹਾਂ ਨਰਕਾਂ ਦੇ ਉਤੇ, ਭੂਤ ਲੋਕ ਜਿਹੜੇ ਨੇ ਹੈਗੇ ਏਥੇ ਹੀ ਧਰਤੀ ਦੇ ਉਤੇ, ਦੁੱਖ ਭੋਗਦੀਆਂ ਰੂਹਾਂ ਫਿਰਦੀਆਂ ਨੇ, ਉਨ੍ਹਾਂ ਉਤੇ। ਤੀਸਰਾ ਹੈ ਸਵਰਗ ਲੋਕਾਂ ਦੇ ਉਤੇ। ਗੰਧਰਬ ਲੋਕ ਹੈ, ਦੇਵ ਗੰਧਰਬ ਲੋਕ ਹੈ, ਪਿੱਤਰ ਲੋਕ, ਸਵਰਗ ਲੋਕ, ਇੰਦਰ ਲੋਕ, ਪਰਜਾਪਤ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਲੋਕ, ਸ਼ਿਵ ਲੋਕ ਤੇ ਬੈਕੁੰਠ ਧਾਮ, ਇੱਥੇ ਤੱਕ ਜਿਹੜਾ ਕੈਂਪ ਹੈ ਧਰਮਰਾਜ ਦਾ। ਉਹ ਰੂਹਾਂ ਉਪਰ ਨੂੰ ਵੀ ਭੇਜਦਾ ਹੈ, ਹੇਠਾਂ ਨੂੰ ਵੀ ਭੇਜਦਾ ਹੈ ਅਤੇ ਇਸ ਧਰਤੀ 'ਤੇ ਵੀ ਸੁੱਟਦਾ ਹੈ। ਬਹੁਤਿਆਂ ਨੂੰ ਜਿਨ੍ਹਾਂ ਨੇ ਪਾਪ ਕਰੇ ਹੁੰਦੇ ਨੇ, ਉਨ੍ਹਾਂ ਦੇ ਫਲ ਲੈਣ ਵਾਲੇ ਛੇਤੀ-ਛੇਤੀ ਆ ਰਹੇ ਹੁੰਦੇ ਨੇ, ਉਨ੍ਹਾਂ ਨੂੰ ਛੇਤੀ-ਛੇਤੀ ਭੇਜ ਦਿੰਦੇ ਨੇ, ਕਿਸੇ ਨੂੰ ਮੁਰਗਾ ਬਣਾ ਦਿੱਤਾ, ਕਿਸੇ ਨੂੰ ਕੁੱਤਾ ਬਣਾ ਦਿੱਤਾ, ਕਿਸੇ ਨੂੰ ਬਲਦ ਬਣਾ ਦਿੱਤਾ, ਕਿਸੇ ਨੂੰ ਸੱਪ ਬਣਾ ਦਿੱਤਾ; ਉਹ ਜਲਦੀ ਭੇਜ ਦਿੰਦਾ ਹੈ। ਉਹ ਸਾਰੀ ਜਿਹੜੀ ਐਸੀ ਦੁਨੀਆਂ ਹੈ, ਤਮੋਗੁਣੀ ਤੇ ਰਜੋਗੁਣੀ ਦੁਨੀਆਂ ਇਹ ਧਰਮਰਾਜ ਕੋਲ ਜਾਂਦੀ ਹੈ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ ਅੰਗ - ੩੮*

ਤੇਰੇ ਕੋਲ ਸਿਰਫ ਉਹ ਆਉਣਗੇ, ਜਿਹੜੇ ਦਵੈਤ ਵਿੱਚ ਮਨਮੁਖ ਹੋ ਕੇ ਜੀਵਨ ਬਤੀਤ ਕਰਦੇ ਨੇ। ਜਿਹੜੇ ਗੁਰੂ ਦੇ ਦੱਸੇ ਹੋਏ ਅਸੂਲਾਂ ਦੇ ਮੁਤਾਬਿਕ ਜੀਵਨ ਨਹੀਂ ਬਿਤਾਉਂਦੇ, ਆਪਣੇ ਮਨ ਦੇ ਪਿੱਛੇ ਲਗ ਕੇ ਆਪਣੀ ਮੰਤਕ ਬਣਾ ਕੇ, ਆਪਣੀ ਮਨ ਦੀ ਹੁਸ਼ਿਆਰੀ ਦੇ ਨਾਲ ਜਿਹੜੇ ਦੁਨੀਆਂ ਦੇ ਅੰਦਰ ਜੀਉਂਦੇ ਨੇ, ਉਹ ਸਾਰੇ ਧਰਮਰਾਜ ਕੋਲ ਜਾਣਗੇ। ਜਾਂ ਉਹ ਜਾਣਗੇ ਜਿਹੜੇ ਪੁੰਨ-ਦਾਨ ਤਾਂ ਕਰਦੇ ਨੇ, ਪਰ ਬਦਲਾ ਚਾਹੁੰਦੇ ਨੇ। ਹੁਣ ਇਹ ਬੀਬੀ ਪੁੰਨ ਦਾਨ ਕਰਦੀ ਸੀ, ਸੇਵਾ ਕਰਦੀ ਸੀ ਗੁਰੂ ਦੀ, ਸੇਵਾ ਕਰਨ ਤੋਂ ਬਾਅਦ ਅਸੀਂ ਕਹਿੰਦੇ ਕੀ ਹਾਂ, ਰੋਜ਼ ਜਦੋਂ ਅਰਦਾਸ ਕਰਦਾ ਹੈ ਸਿੱਖ, ਨਿੱਤ ਕਰਦਾ ਹੈ ਇੱਕ ਅਵੇਸਲੀ ਚੇਤਨਤਾ ਦੇ ਨਾਲ ਕਰਦਾ ਹੈ, ਇੱਕ ਪੂਰੀ ਚੇਤਨਤਾ ਦੇ ਨਾਲ ਕਰਦਾ ਹੈ। ਪੂਰੀ ਚੇਤਨਾ ਦੇ ਨਾਲ ਕਹਿੰਦਾ ਹੈ ਕਿ ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ

ਤੋਂ ਜੋ ਆਪ ਦੀ ਕ੍ਰਿਪਾ ਦੇ ਨਾਲ ਬਾਣੀ ਪੜ੍ਹ ਹੋਈ ਹੈ, ਜੋ ਸ਼ੁੱਭ ਕਰਮ ਹੋਏ ਨੇ, ਇਹ ਸਾਰਿਆਂ ਨੂੰ ਆਪਣੇ ਖਜ਼ਾਨੇ 'ਚ ਦਾਖਲ ਕਰ ਲੈ, ਖਜ਼ਾਨੇ 'ਚ ਦਾਖਲ ਕਰਾ ਦਿੱਤੇ ਅਸੀਂ। ਸਤਿਗੁਰੂ ਦੇ ਖਾਤੇ 'ਚ ਜਮ੍ਹਾਂ ਕਰਾ ਦਿੱਤੇ। ਆਪਣਾ ਖਾਤਾ ਨਹੀਂ ਸਾਡਾ ਕਿ ਮੇਰੇ ਖਾਤੇ 'ਚ ਇੱਥੇ ਜਮ੍ਹਾਂ ਕਰ ਲੈ। ਉਹ ਜਿਹੜੇ ਉਨ੍ਹਾਂ ਦੇ ਫਲ ਨੇ ਗੁਰੂ ਦੇ ਕੋਲ ਚਲੇ ਜਾਂਦੇ ਨੇ, ਗੁਰੂ ਫੇਰ ਆਪਣੇ ਹਿਸਾਬ ਨਾਲ ਉਹਨੂੰ ਫਲ ਦਿੰਦਾ ਹੈ ਕਿ ਇਹਨੂੰ ਕੀ ਦੇਈਏ, ਇਹਦੇ ਐਨੇ ਪੁੰਨ ਜਮ੍ਹਾਂ ਹੋ ਗਏ। ਜੇ ਤਾਂ ਸੁਚੇਤ ਹੋ ਸਿੱਖ ਅਰਦਾਸ ਕਰਦਾ ਹੈ, ਫੇਰ ਤਾਂ ਚੰਗੇ ਕਰਮ ਜਿਹੜੇ ਨੇ ਉਹ ਸਾਰੇ ਗੁਰੂ ਕੋਲ ਜਾਂਦੇ ਨੇ, ਜਿਹੜੇ ਮਾੜੇ ਕਰਮ ਹੋ ਜਾਂਦੇ ਨੇ ਉਨ੍ਹਾਂ ਦੀ ਮਾਫੀ ਮੰਗਦਾ ਹੈ ਹਰ ਵਕਤ ਹੀ। ਹਰ ਵਕਤ ਹੀ ਕਹਿੰਦੇ ਹੈ ਕ੍ਰਿਪਾ ਕਰ ਮੈਨੂੰ ਬਖਸ਼ ਲੈ। ਸੋ ਉਹ ਓਧਰ ਨਹੀਂ ਜਾਂਦਾ ਹੈ ਕਿਉਂਕਿ ਕਰਮ ਬੀਜਦਾ ਨਹੀਂ ਹੈ, ਉਹ ਫੇਰ ਗੁਰੂ ਦੇ ਕੋਲ ਜਾਂਦੇ ਨੇ।

ਸੋ ਕਹਿਣ ਲੱਗੀ, ਬਾਬਾ ਜੀ! ਉਥੇ ਮੇਰਾ ਨਾਉਂ ਨਾ ਨਿਕਲਿਆ। ਉਨ੍ਹਾਂ ਨੇ ਕਿਹਾ ਕਿ ਇੱਥੇ ਤਾਂ ਨਾਉਂ ਹੈ ਨਹੀਂ ਇਸ ਬੀਬੀ ਦਾ। ਧਰਮਰਾਜ ਨੇ ਕਿਹਾ ਕਿ ਇਹ ਤਾਂ ਸਾਡੇ ਲੋਕ 'ਚ ਆਉਣ ਵਾਲੀ ਹੀ ਨਹੀਂ ਬੀਬੀ, ਇਹਨੇ ਤਾਂ ਗੁਰੂ ਨਾਨਕ ਦੇਵ ਦੇ ਲੋਕ 'ਚ ਜਾਣਾ ਹੈ ਇਸਨੇ। ਜਿੱਥੇ ਗੁਰੂ ਦੀ ਦਰਗਾਹ ਹੈ, 'ਵਾਰ-ਏ ਗਾਹ' ਖੁਦਾ, ਦਰਗਾਹੇ ਖਾਸ; ਬੈਕੁੰਠ ਧਾਮ ਤੋਂ ਉਤੇ, ਉਥੇ ਦਾ ਹੈ ਇਹ ਜੀਵ। ਇਹਤਾਂ ਗੁਰੂ ਦੀ ਸਿੱਖੀ ਧਾਰਨ ਕਰਨ ਵਾਲੀ ਹੈ ਆਤਮਾ। ਇਸ ਕਰਕੇ ਏਸਨੂੰ ਵਾਪਸ ਕਰੋ। ਕਹਿਣ ਲੱਗੀ, ਉਨ੍ਹਾਂ ਨੇ ਮੇਰੀ ਬੜੀ ਸੇਵਾ ਕਰੀ, ਬੜਾ ਆਦਰ ਕਰਿਆ। ਕਿਉਂਕਿ ਉਸਨੇ ਸੇਵਾ ਕਰੀ ਸੀ, ਸੇਵਾ ਕਰਨ ਦੇ ਨਾਲ ਦਰਗਾਹ 'ਚ ਮਾਣ ਮਿਲਦਾ ਹੈ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਉਥੇ ਜਾ ਕੇ ਮੋਢੇ ਨਹੀਂ ਸਿੰਗੋੜ ਕੇ ਤੁਰਦਾ, ਛਾਤੀ ਕੱਢ ਕੇ ਤੁਰਦਾ ਹੈ ਸੇਵਾ ਕਰੀ ਹੈ ਗੁਰੂ ਦੀ ਤੇ ਉਹਦਾ ਫਲ ਲੈਣ ਦਾ ਮੌਕਾ ਆ ਗਿਆ। ਮੈਂ ਕਿਹਾ ਕਿ ਮੈਨੂੰ ਦਰਗਾਹ ਤਾਂ ਦਿਖਾ ਦਿਓ। ਕਹਿੰਦੇ, ਸਰੀਰ ਤੇਰਾ ਅਗਨ ਭੇਟ ਨਾ ਹੋ ਜਾਵੇ, ਸੋ ਦੇਖਿਆ ਸਾਰਾ ਹਾਲ, ਕਹਿੰਦੀ ਮੈਨੂੰ ਦਿਖਾ ਦਿੱਤੀ ਦਰਗਾਹ, ਉਹ ਕਹਿਣ ਲੱਗੇ ਕਿ ਅਜੇ ਤਾਂ ਅੱਠ ਸਾਲ ਰਹਿੰਦੇ ਨੇ ਇਹਦੇ। ਵਾਪਸ ਕਰੋ, ਫੇਰ ਆਏਗੀ ਇਹ। ਸੋ ਜੋ ਗੁਰੂ ਦੇ ਬਣ ਜਾਂਦੇ ਨੇ, ਗੁਰੂ ਦੀ ਸੇਵਾ ਕਰਦੇ ਨੇ, ਗੁਰੂ ਦੇ ਉਪਦੇਸ਼ਾਂ ਦੇ ਮੁਤਾਬਿਕ ਆਪਣਾ ਜੀਵਨ ਧਾਰਨ ਕਰਦੇ ਨੇ। ਉਨ੍ਹਾਂ ਦਾ ਲੇਖਾ-ਪੱਤਾ ਗੁਰੂ ਨਾਨਕ ਦੀ ਦਰਗਾਹ 'ਚ ਹੋਇਆ ਕਰਦਾ ਹੈ। ਜੋ ਸੱਚਾ ਸਿੱਖ ਹੈ ਬਾਣੀ ਦੇ ਨਾਲ ਚੱਲਣ ਵਾਲਾ, ਉਹ ਸਤਿਗੁਰੂ ਦੇ ਦੇਸ਼ ਜਾਇਆ ਕਰਦਾ ਹੈ, ਧਰਮਰਾਜ ਦੇ ਦੇਸ਼ ਨਹੀਂ ਜਾਇਆ ਕਰਦਾ। ਮਹਾਂਪੁਰਸ਼ਾਂ ਨੂੰ ਮਿਲਦਾ ਹੈ ਜਿਨ੍ਹਾਂ ਨਾਲ ਪਿਆਰ ਹੁੰਦਾ ਹੈ, ਪਰ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਭਾਈ ਲਾਲੂ, ਭਾਈ ਦੁਰਗਾ, ਭਾਈ ਜਵੰਦਾ ਜੀ! ਇਹ ਜਿਹੜੀ ਸੇਵਾ ਹੈ ਇਹ ਭਾਗਾਂ ਤੋਂ ਬਗੈਰ ਨਹੀਂ ਮਿਲਿਆ ਕਰਦੀ। ਇੱਕ ਤਾਂ ਸਤਿਸੰਗ ਨਹੀਂ ਭਾਗਾਂ ਤੋਂ ਬਿਨਾਂ ਮਿਲਦਾ।

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫***

ਇੱਕ ਗੁਰੂ ਦੀ ਸੇਵਾ ਭਾਗਾਂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ, ਜਿਹਨੂੰ ਹੋ ਜਾਂਦੀ ਹੈ, ਉਹ ਭਾਗਾਂ ਵਾਲੇ ਪੁਰਸ਼ ਹੁੰਦੇ ਨੇ -

***ਧਾਰਨਾ - ਵੱਡਿਆਂ ਭਾਗਾਂ ਵਾਲੇ,***
***ਜਿਹੜੇ ਕਰਦੇ ਗੁਰਾਂ ਦੀ ਸੇਵਾ।***

ਨਿਸ਼ਕਾਮ ਸੇਵਾ, ਕੋਈ ਫਲ ਨਾ ਮੰਗਣ ਵਾਲੀ ਸੇਵਾ -

***ਸੇਵਾ ਕਰਤ ਹੋਇ ਨਿਹਕਾਮੀ ॥***
***ਤਿਸ ਕਉ ਹੋਤ ਪਰਾਪਤਿ ਸੁਆਮੀ ॥***
***ਅੰਗ - ੨੮੬***

ਕਿੱਡੀ ਵੱਡੀ ਪਦਵੀ ਹੈ ਜਿਹੜਾ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ। ਮਹਾਰਾਜ ਕਹਿੰਦੇ, ਭਾਗਾਂ ਵਾਲਿਆਂ ਨੂੰ ਮਿਲਦੀ ੈ -

***ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥***
***ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ ॥***
***ਨਾਮੇ ਉਧਰੇ ਕੁਲ ਸਬਾਏ ॥ ਅੰਗ - ੪੨੩***

ਆਪ ਵੀ ਤਰਦੇ ਨੇ ਤੇ ਕੁਲਾਂ ਨੂੰ ਵੀ ਤਾਰ ਦਿੰਦੇ ਨੇ।

***ਗੁਰ ਸੇਵਾ ਤੇ ਸਭ ਕੁਲ ਉਧਾਰੇ ॥ ਅੰਗ - ੪੨੩***

ਤੇ ਪਦਵੀ ਕਿੱਡੀ ਹੁੰਦੀ ਹੈ -

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - ੧੦੭੬***

ਵਾਹਿਗੁਰੂ 'ਚ ਲੀਨ ਹੋ ਜਾਂਦਾ ਹੈ ਸੇਵਾ ਕਰਨ ਵਾਲਾ। ਸਿਮਰਨ ਤੇ ਸੇਵਾ ਦੋ ਚੀਜ਼ਾਂ ਗੁਰੂ ਘਰ ਦੇ ਅੰਦਰ ਪ੍ਰਧਾਨ ਚੀਜ਼ਾਂ ਨੇ, ਜਹਾਜ਼ ਦੇ ਦੋ ਫੰਘ ਨੇ, ਜਾਂ ਦੋ ਪਹੀਏ ਨੇ, ਜਿਹੜੇ ਅਸਮਾਨ ਵਿੱਚ ਉਡਾ ਕੇ ਇਹਨੂੰ ਲੈ ਜਾਂਦੇ ਨੇ। ਸੋ ਸੇਵਾ ਕਰਨ ਵਾਲੇ ਨੂੰ ਨਹੀਂ ਪਤਾ ਹੁੰਦਾ ਕਿ ਇਹਦਾ ਫਲ ਕੀ ਹੋਏਗਾ।

ਥੋੜ੍ਹੀ ਦੇਰ ਪਹਿਲਾਂ ਇੱਥੋਂ ਰਤਵਾੜਾ ਸਾਹਿਬ ਸੰਗਤ ਗਈ, ਜਾ ਕੇ ਸੇਵਾ ਕਰੀ, ਸੇਵਾ ਵੀ ਕੀ ਕਰੀ, ਗਿੱਲਾ ਗੋਹਾ ਸਿਰ 'ਤੇ ਚੁੱਕ-ਚੁੱਕ ਕੇ ਖੇਤਾਂ 'ਚ ਸੁੱਟਿਆ। ਬੀਬੀਆਂ ਸੁੱਟ ਰਹੀਆਂ ਨੇ, ਜਿਨ੍ਹਾਂ ਦੇ ਕਿੰਨੇ-ਕਿੰਨੇ ਕੀਮਤੀ ਕੱਪੜੇ ਪਾਏ ਹੋਏ, ਭਾਈ ਸੁੱਟ ਰਹੇ ਨੇ ਪੜ੍ਹੇ ਲਿਖੇ। ਸਿੱਟ ਕੇ ਆ ਕੇ ਇਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਇਹਦਾ ਫਲ ਕੀ ਹੋਏਗਾ।

ਸੋ ਭਾਗਾਂ ਦੀ ਚੀਜ਼ ਹੋਇਆ ਕਰਦੀ ਹੈ ਸਾਧਸੰਗਤ ਜੀ! ਇਹ ਵਧਦੀ ਹੀ ਤੁਰੀ ਜਾਂਦੀ ਹੈ, ਅੱਗੇ-ਅੱਗੇ ਤੁਰੀ ਜਾਂਦੀ ਹੈ ਵਧਦੀ। ਮਹਾਰਾਜ ਕਹਿੰਦੇ, ਜੋ ਇਸ ਤਰ੍ਹਾਂ ਦੇ ਨਾਲ ਸੇਵਾ ਕਰਦਾ ਹੈ ਗੁਰਮੁਖੋ! ਭਾਈ ਲਾਲੂ, ਭਾਈ ਦੁਰਗਾ ਜੀ, ਭਾਈ ਜਵੰਦਾ ਜੀ! ਐਸ ਤਰ੍ਹਾਂ ਦੀ ਨਿਸ਼ਕਾਮ ਸੇਵਾ ਕਰਿਆ ਕਰੋ। ਇਹਦੇ 'ਚ ਤੁਸੀਂ ਕਾਰੋਬਾਰ ਵੀ ਕਰ ਸਕਦੇ ਓਂ ਤੇ ਸੇਵਾ ਵੀ ਕਰ ਸਕਦੇ ਓਂ।

ਹੁਣ ਦੂਸਰਾ ਜਿਹੜਾ ਸਾਡਾ ਉਪਦੇਸ਼ ਹੈ ਉਹਨੂੰ ਵੀ ਤੁਸੀਂ ਹਿਰਦੇ 'ਚ ਵਸਾਓ। ਉਹ ਇਹ ਹੈ ਕਿ ਜਦੋਂ ਬਾਣੀ ਪੜ੍ਹਨੀ ਹੈ, ਹਰੀ ਦਾ ਜਸ ਕਰਨਾ ਹੈ, ਉਸ ਵੇਲੇ ਇੱਕ ਚੀਜ਼ ਦੀ ਬੜੀ ਜ਼ਬਰਦਸਤ ਲੋੜ ਹੈ। ਜਿਹਦੇ ਨਾਲ ਫੇਰ ਬਾਣੀ ਥਾਂ ਪੈਂਦੀ ਹੈ। ਪੜ੍ਹੀ ਹੋਈ ਵੀ, ਸੁਣੀ ਹੋਈ ਵੀ, ਵਿਚਾਰੀ ਹੋਈ ਵੀ। ਕਹਿਣ ਲੱਗੇ, ਪਾਤਸ਼ਾਹ! ਉਹ ਕਿਹੜਾ ਸਾਧਨ ਹੈ, ਜਿਹਦੇ ਨਾਲ ਅਸੀਂ

ਬਾਣੀ ਪੜ੍ਹੀਏ ਤੇ ਸਾਡੀ ਸਾਰੀ ਬਾਣੀ ਥਾਂ ਪੈ ਜਾਵੇ। ਹਰੀ ਦਾ ਜਸ ਕਰੀਏ ਤੇ ਹਰੀ ਦਾ ਜਸ ਸਾਡਾ ਥਾਂ ਪੈ ਜਾਵੇ। ਤੇ ਲੇਖੇ ਪੈ ਜਾਵੇ -

***ਧਾਰਨਾ - ਜਸ ਕਰੋ ਵਾਹਿਗੁਰੂ ਦਾ ਪਿਆਰਿਓ***
***ਚਿੱਤ ਨੂੰ ਇਕਾਗਰ ਕਰਕੇ।***

ਕਹਿਣ ਲੱਗੇ, ਬਾਣੀ ਪੜ੍ਹਨੀ ਹੈ। ਜਪੁਜੀ ਸਾਹਿਬ ਪੜ੍ਹਨਾ ਹੈ, ਹੋਰ ਬਾਣੀਆਂ ਪੜ੍ਹਨੀਆ ਨੇ। ਬਾਣੀ ਦਾ ਕੀਰਤਨ ਕਰਨਾ ਹੈ, ਲੇਕਿਨ ਸਾਰਿਆਂ ਦੀ ਇੱਕ ਮੁੱਢਲੀ ਸ਼ਰਤ ਹੈ ਕਿ ਚਿੱਤ ਦੀ ਇਕਾਗਰਤਾ ਹੋਵੇ, ਫੁਰਨਾ ਕੋਈ ਨਾ ਆਵੇ, ਮਨ ਨੱਠੇ ਨਾ ਕਿਸੇ ਪਾਸੇ, ਔਰ ਸਾਵਧਾਨ ਰਹੇ।

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥ ਅੰਗ - ੨੯੫***

ਦੋ ਗੱਲਾਂ ਮਹਾਰਾਜ ਨੇ ਕਹੀਆਂ ਨੇ, ਇੱਕ ਤਾਂ ਸਾਵਧਾਨਤਾ ਹੋਵੇ। ਊਂਘਦਾ ਨਾ ਹੋਵੇ, ਸੁਸਤ ਨਾ ਬੈਠਾ ਹੋਵੇ, ਸਾਵਧਾਨ, ਫੌਜੀ ਕਾਸ਼ਨ ਹੈ 'ਸਾਵਧਾਨ'। ਜਦੋਂ ਫੌਜ ਦਾ ਕਮਾਂਡਰ ਸਾਵਧਾਨ ਕਹਿ ਦਿੰਦਾ ਹੈ, ਉਸ ਵੇਲੇ ਸਾਰੇ ਜਵਾਨ ਦੋਵੇਂ ਅੱਡੀਆਂ ਜੋੜ ਲੈਂਦੇ ਨੇ ਤੇ ਪੰਜੇ ਖੋਲ ਲੈਂਦੇ ਨੇ, ਹੱਥ ਪੱਟਾਂ ਦੇ ਨਾਲ ਲੱਗ ਜਾਂਦੇ ਨੇ। ਨਿਗ੍ਹਾਂ ਜਿਹੜੀ ਹੈ ਉਹ ਤਿੰਨ ਸੌ ਗਜ਼ 'ਤੇ ਦੇਖਣਾ ਸ਼ੁਰੂ ਕਰ ਦਿੰਦੀ ਹੈ। ਠੋਡੀ ਸਿੱਧੀ ਹੋ ਜਾਂਦੀ ਹੈ, ਨਾ ਏਧਰ ਦੇਖਦੇ ਨੇ, ਨਾ ਓਧਰ ਦੇਖਦੇ ਨੇ। ਮਹਾਰਾਜ ਕਹਿੰਦੇ, ਇਹ ਗੱਲ ਤਾਂ ਠੀਕ ਹੈ, ਇਹ ਗੱਲ ਸਾਨੂੰ ਵੀ ਚਾਹੀਦੀ ਹੈ 'ਸਾਵਧਾਨਤਾ' ਲੇਕਿਨ ਇਸ ਤੋਂ ਅੱਗੇ ਗੱਲ ਹੋਰ ਹੈ, ਜੇ ਸਾਵਧਾਨ ਹੋ ਗਿਆ, ਸਾਵਧਾਨ ਦੇ ਵਿੱਚ ਰਹਿਣ ਵਾਲਾ ਨੱਠ ਗਿਆ, ਫੇਰ ਸਾਵਧਾਨਤਾ ਕੀ ਕਰੇਗੀ। ਉਹ ਵੀ ਜ਼ਰੂਰੀ ਹੈ। ਚਿੱਤ ਵੀ ਇਕਾਗਰ ਹੋਵੇ। ਜਿੰਨਾਂ ਚਿਰ ਚਿੱਤ ਨਹੀਂ ਇਕਾਗਰ ਹੁੰਦਾ, ਓਨਾਂ ਚਿਰ ਲੇਖੇ 'ਚ ਨਹੀਂ ਗੱਲ ਪੈਂਦੀ।

ਗੁਰੂ ਨਾਨਕ ਪਾਤਸ਼ਾਹ ਨੇ ਇਹ ਗੱਲ ਸਾਨੂੰ ਪ੍ਰੈਕਟੀਕਲੀ ਸਭ ਤੋਂ ਪਹਿਲਾਂ ਸਮਝਾਈ ਹੈ। ਜਦੋਂ ਆਪ ਨੇ ਪਹਿਲੀ ਉਦਾਸੀ ਵਾਸਤੇ ਕਦਮ ਪੁੱਟਿਆ ਘਰ ਤੋਂ ਬਾਹਰ, ਪਹਿਲੀ ਗੱਲ ਸਾਨੂੰ ਆਹੀ ਸਮਝਾਈ ਹੈ, ਜੇ ਅਸੀਂ ਪਹਿਲਾ ਸਬਕ ਹੀ ਸਮਝ ਜਾਈਏ ਫੇਰ ਤਾਂ ਗੱਲ ਅਸੀਂ ਛੇਤੀ ਦੇ ਕੇ ਹੀ ਫੜ੍ਹ ਲਵਾਂਗੇ। ਕਿਉਂਕਿ ਆਪ ਨੂੰ ਪਤਾ ਸੀ ਕਿ ਪਹਿਲਾ ਸਬਕ ਕਿਸੇ ਕਿਤਾਬ ਦੇ ਵਿਚ ਹੁੰਦਾ ਹੈ, ਕ੍ਰੋਧ ਮਤ ਕਰੋ। ਪਹਿਲਾ ਸਬਕ ਹੋ ਗਿਆ ਕਿ ਕ੍ਰੋਧ ਨਹੀਂ ਕਰਨਾ। ਕਈਆਂ 'ਚ ਹੁੰਦਾ ਹੈ, ਝੂਠ ਮਤ ਬੋਲੋ। ਝੂਠ ਦੀ ਗੱਲ ਚੱਲ ਪਈ ਕਿ ਝੂਠ ਨਹੀਂ ਬੋਲਣਾ। ਏਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ ਪਹਿਲਾਂ ਸਬਕ ਜਦੋਂ ਸੰਸਾਰ ਨੂੰ ਉਪਦੇਸ਼ ਦੇਣ ਗਏ ਨੇ, ਦਿੱਤਾ ਹੈ, ਮਨ ਦੀ ਇਕਾਗਰਤਾ। ਦੂਸਰਾ ਸਬਕ ਦਿੱਤਾ, ਅਗਲੇ ਕਰਮ 'ਤੇ ਪੈਰ ਰੱਖ ਕੇ ਕਿ ਧਰਮ ਦੀ ਕਿਰਤ ਕਰਨੀ ਤੇ ਵੰਡ ਕੇ ਛੱਕਣਾ। ਗੁਰੂ ਨਾਨਕ ਪਾਤਸ਼ਾਹ ਦੀਆਂ ਉਦਾਸੀਆਂ ਸਾਰੀਆਂ ਤੁਸੀਂ ਵਿਚਾਰ ਲਓ, ਇੱਕ-ਇੱਕ ਉਦਾਸੀ ਜਿੱਥੇ ਇੱਕ ਕਦਮ ਪੁੱਟਿਆ ਉਥੇ ਨਾਲ ਦੀ ਨਾਲ ਉਪਦੇਸ਼ ਹੈ। ਕੋਈ ਇਕੱਠਾ ਕਰ ਲਵੇ ਜੇ ਉਨ੍ਹਾਂ ਨੂੰ ਸਾਮ੍ਹਣੇ ਲਿਆ ਦੇਵੇ। ਬੜੀ ਵੱਡੀ ਗੱਲ ਹੋ ਜਾਵੇ, ਸਾਨੂੰ ਰਸਤਾ ਮਿਲ ਜਾਵੇ। ਸਾਖੀਆਂ ਪੜ੍ਹਨ ਦੀ ਥਾਂ 'ਤੇ ਅਸੀਂ ਅਸਲੀ ਵਿਚਾਰ 'ਚ ਪੈ ਜਾਈਏ ਕਿ ਆਹ ਸੀ ਗੁਰੂ ਸਾਹਿਬ ਦਾ ਸਿਧਾਂਤ। ਇਹ ਤਾਂ ਇੱਥੋਂ ਚੱਲ ਕੇ ਫਲਾਣੇ-ਫਲਾਣੇ ਥਾਂ ਚੱਲ ਕੇ ਗਏ। ਪਰ ਐਨਾ ਸਮਾਂ ਹੋਵੇ ਕਿਸੇ ਕੋਲ ਤਾਂ ਉਹ ਵਿਚਾਰੇ ਇਸਨੂੰ।

ਸੋ ਗੁਰੂ ਨਾਨਕ ਪਾਤਸ਼ਾਹ, ਜਦੋਂ ਦਰਗਾਹ ਵਿਚ ਗਏ, ਵੇਈਂ ਨਦੀ 'ਚ ਚੁੱਭੀ ਲਾਈ। ਤਿੰਨ ਦਿਨ ਤੋਂ ਬਾਅਦ ਸ਼ਮਸ਼ਾਨ ਭੂਮੀ 'ਚ ਬੈਠੇ, ਇੱਕ ਬਚਨ ਕਰਦੇ ਨੇ -

***ਨਾ ਹਮ ਹਿੰਦੂ ਨ ਮੁਸਲਮਾਨ ॥***
***ਅਲਹ ਰਾਮ ਕੇ ਪਿੰਡੁ ਪਰਾਨ ॥ ਅੰਗ - ੧੧੩੬***

ਸਭ ਸੁਣੀ ਜਾਂਦੇ ਨੇ ਕਿ ਇਹ ਕਹੀ ਜਾਂਦਾ ਹੈ। ਵਸਤਰ ਕੇਵਲ ਤੇੜ ਇੱਕ ਕਪੀਨ ਹੈ। ਇੱਕ ਪਰਨਾ ਸੀਸ ਦੇ ਉਤੇ ਸਜਾਇਆ ਹੋਇਆ ਹੈ। ਹੋਰ ਕੋਈ ਵਸਤਰ ਨਹੀਂ। ਦਿਗੰਬਰ ਬੈਠੇ ਨੇ, ਵਸਤਰ ਕੋਈ ਨਹੀਂ ਪਹਿਨਿਆ ਹੋਇਆ। ਕਿਸੇ ਨਾਲ ਬੋਲਦੇ ਨਹੀਂ, ਕਿਸੇ ਨਾਲ ਕੋਈ ਗੱਲ ਨਹੀਂ ਕਰਦੇ। ਦੁਨੀਆਂ ਆਉਂਦੀ ਹੈ, ਦੇਖ-ਦੇਖ ਕੇ ਲੰਘੀ ਜਾਂਦੀ ਹੈ ਕਿ ਨਾਨਕ ਨਿਕਲ ਆਇਆ, ਨਾਨਕ ਨਿਕਲ ਆਇਆ। ਝੁੰਡਾਂ ਦੇ ਝੁੰਡ ਆਉਂਦੇ ਨੇ, ਦੇਖਦੇ ਨੇ, ਕਈ ਕਹਿੰਦੇ ਨੇ ਇਕ ਇਹਦੇ ਦਿਮਾਗ 'ਚ ਪਾਣੀ ਪੈ ਗਿਆ, ਦੇਖੋ ਹੈਰਾਨੀ ਦੀ ਗੱਲ ਹੈ ਤਿੰਨ ਦਿਨ ਬਾਅਦ ਫੇਰ ਜੀਉਂਦਾ ਨਿਕਲ ਆਇਆ। ਨਿਕਲਿਆ ਵੀ ਕਿੱਧਰ ਉਪਰਲੇ ਪਾਸੇ। ਕਈ ਕਹਿੰਦੇ ਨੇ ਕਿ ਮੱਛ ਫੜ ਕੇ ਲੈ ਗਿਆ ਹੋਣਾ ਹੈ ਇੱਥੇ ਛੁੱਟ ਗਿਆ ਮੱਛ ਤੋਂ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ। ਕੋਈ ਕਹਿੰਦਾ ਹੈ ਕਿ ਨਹੀਂ ਇਹਨੂੰ ਕੋਈ ਭੂਤਨਾ ਲਗ ਗਿਆ ਹੋਣਾ, ਕੋਈ ਓਪਰੀ ਹਵਾ ਲੈ ਗਈ ਇਹਨੂੰ। ਆਪਣੇ-ਆਪਣੇ ਖਿਆਲ, ਕਿਉਂਕਿ ਉਨ੍ਹਾਂ ਦੀ ਵਡੱਤਣ ਨੂੰ ਸੰਸਾਰ ਨੇ ਅਜੇ ਜਾਣਿਆ ਨਹੀਂ ਸੀ। ਸੰਸਾਰ ਹਮੇਸ਼ਾਂ ਮਹਾਂਪੁਰਸ਼ਾਂ ਨੂੰ ਉਦੋਂ ਜਾਣਦਾ ਹੈ ਜਦੋਂ ਉਹ ਸਰੀਰ ਛੱਡ ਕੇ ਅਲੋਪ ਹੋ ਜਾਣ। ਜੀਉਂਦੇ-ਜੀਉਂਦੇ ਕੋਈ ਨਹੀਂ ਜਾਣਦਾ। ਜੀਉਂਦਿਆਂ ਨੂੰ ਉਹ ਇੱਕ ਸਾਧਾਰਣ ਮਨੁੱਖ ਲੱਗਿਆ ਕਰਦੇ ਨੇ, ਜਦੋਂ ਗੁਰੂ ਮਹਾਰਾਜ ਸੰਸਾਰ 'ਤੇ ਸੀ, ਤਾਂ ਸਾਧਾਰਣ ਮਨੁੱਖ ਹੀ ਨਹੀਂ ਸੀ ਲਗਦੇ, ਗਲਤ ਮਨੁੱਖ ਲਗਦੇ ਸੀ, ਕੁਰਾਹੀਏ ਲਗਦੇ ਸੀ। ਬੇਤਾਲੇ ਲਗਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਜਾਂਦੇ ਨੇ, ਦੇਖਦੇ ਨੇ। ਸੋਹਣੀ ਖਬਰ ਹੋ ਗਈ ਉਨ੍ਹਾਂ ਲਈ, ਕਿ ਨਿਕਲ ਆਇਆ ਨਾਨਕ ਪਾਣੀ 'ਚੋਂ। ਨਵਾਬ ਨੂੰ ਪਤਾ ਲੱਗਿਆ, ਨਵਾਬ ਨੇ ਕਿਹਾ ਕਿ ਇਹ ਘਾਟਾ ਪਾ ਗਿਆ, ਇਹ ਦਰਿਆ 'ਚ ਜਾਣ ਕੇ ਡੁੱਬਿਆ ਹੈ। ਹਿਸਾਬ-ਕਿਤਾਬ ਕੀਤਾ, ਸੱਤ ਸੌ ਦੇ ਕਰੀਬ ਵਾਧਾ ਨਿਕਲਿਆ। ਸੱਤ ਸੌ ਰੁਪਿਆ ਉਨ੍ਹਾਂ ਦਿਨਾਂ ਦਾ ਇੱਕ ਰੁਪਿਆ ਹੁਣ ਦੇ ਚਾਰ ਸੌ ਜਾਂ ਪੰਜ ਸੌ ਰੁਪਏ ਜਿੰਨਾਂ ਮੁੱਲ ਰੱਖਦਾ ਸੀ। ਐਨਾ ਰੁਪਿਆ ਵਾਧਾ ਨਿਕਲ ਆਇਆ ਤੇ ਮੂਲ ਚੰਦ ਨੂੰ ਪਤਾ ਲੱਗਿਆ ਕਿ ਹਿਸਾਬ ਹੋ ਗਿਆ ਤੇ ਵੇਈਂ ਨਦੀ 'ਚੋਂ ਨਾਨਕ ਬਾਹਰ ਆ ਗਿਆ। ਪਰ ਹੁਣ ਘਰ ਨਹੀਂ ਜਾ ਰਿਹਾ, ਪੈਸਾ ਬਹੁਤ ਨਿਕਲ ਆਇਆ। ਜੇ ਨਵਾਬ ਨੇ ਪੁੱਛਿਆ ਤਾਂ ਉਹਨੇ ਇਹ ਕਹਿ ਦਿੱਤਾ ਕਿ ਸਾਧੂਆਂ ਨੂੰ ਲੁਟਾ ਦਿਓ। ਕਿਸੇ ਗੱਲ ਦਾ ਜਵਾਬ ਨਹੀਂ ਦਿੰਦਾ, ਘਰ ਨਹੀਂ ਜਾਂਦਾ, ਕਿਸੇ ਨਾਲ ਬੋਲ ਨਹੀਂ ਰਿਹਾ। ਇੱਕੋ ਗੱਲ ਕਹਿ ਦਿੰਦਾ ਹੈ, ਜਦੋਂ ਕੋਈ ਕੋਲ ਆਉਂਦਾ ਹੈ -

***ਚਲਦਾ......***

# ਬਾਂਧੈ ਭਗਤੁ ਨ ਛੂਟੈ ਮੋਹਿ

## (ਕਲਗੀਧਰ ਪਾਤਸ਼ਾਹ ਜੀ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਗੁਰੂ ਦਸਮੇਸ਼ ਪਿਤਾ ਜੀ ਦੇ ਸੰਸਾਰ ਵਿਚ ਆਉਣ ਦੇ ਸਮੇਂ ਭਾਰਤ ਵਰਸ਼ ਇਸਲਾਮੀ ਰਾਜ ਦੇ ਅਧੀਨ ਸੀ, ਔਰੰਗਜ਼ੇਬ ਦਾ ਕਰੂਰਤਾ ਭਰਿਆ ਰਾਜ ਸੀ। ਬਹੁਤ ਹੀ ਸਖਤੀ ਨਾਲ ਦਮਨ ਨੀਤੀ ਚਲ ਰਹੀ ਸੀ। ਅਜ਼ਾਦੀ ਨਾਲ ਜਿਉਂਣ ਦਾ ਹੱਕ ਖੋਹਿਆ ਜਾ ਚੁਕਿਆ ਸੀ। ਰਸਮਾਂ-ਰਿਵਾਜਾਂ, ਪੂਜਾ ਆਦਿ ਉਪਰ ਘਿਨੌਣੀਆਂ ਪਾਬੰਦੀਆਂ ਲੱਗੀਆਂ ਹੋਈਆਂ ਸਨ। ਆਦਮੀ ਦਾ ਰਿਸ਼ਤਾ ਵਾਹਿਗੁਰੂ ਜੀ ਨਾਲ ਪੂਰਨ ਤੌਰ ਤੇ ਸੁਤੰਤਰ ਹੋਇਆ ਕਰਦਾ ਹੈ ਅਤੇ ਆਪਣੀਆਂ ਭਾਵਨਾਵਾਂ, ਨਿਸ਼ਚਿਆਂ ਦੇ ਮੁਤਾਬਿਕ ਆਦਮੀ ਅੰਦਰੋਂ ਕੋਸ਼ਿਸ਼ ਕਰਦਾ ਹੈ ਕਿ ਮੈਂ ਆਪਣੇ ਪ੍ਰਭੂ ਨੂੰ ਰਿਝਾਵਾਂ, ਉਹ ਮੇਰੇ ਉਪਰ ਪ੍ਰਸੰਨ ਹੋਵੇ। ਉਸ ਵੇਲੇ ਭਾਰਤ ਵਰਸ਼ ਵਿਚੋਂ ਦੋ ਹੀ ਵਰਗ ਗਿਣੇ ਜਾਂਦੇ ਸਨ - ਇਕ ਹਿੰਦੂ, ਦੂਜੇ ਇਸਲਾਮ ਵਾਲੇ। ਭਾਰਤ ਵਰਸ਼ ਵਿਚ ਪ੍ਰਾਚੀਨ ਆਰੀਅਨ ਸਭਿਅਤਾ ਦਾ ਬੋਲਬਾਲਾ ਸੀ। ਵੇਦ ਸ਼ਾਸ਼ਤਰ ਗੀਤਾ ਆਦਿ ਦੀ ਫਿਲਾਸਫੀ ਨੂੰ ਵਿਚਾਰਿਆ ਜਾਂਦਾ ਸੀ ਅਤੇ ਇਨ੍ਹਾਂ ਮਹਾਂਪੁਰਖਾਂ ਦੇ ਬਚਨਾਂ ਦੀ ਸੇਧ ਵਿਚ ਆਪਣੇ ਜੀਵਨ ਨੂੰ ਪ੍ਰਭੂ ਦੇ ਦਰ ਤੱਕ ਪਹੁੰਚਾਉਣ ਦਾ ਜਤਨ ਕੀਤਾ ਜਾਂਦਾ ਸੀ। ਕਿਤੇ ਪ੍ਰਿਤਮਾ ਬਣਾ ਕੇ ਵਾਹਿਗੁਰੂ ਜੀ ਦੀਆਂ ਅਵਤਾਰ ਸ਼ਕਤੀਆਂ ਦੀ ਪੂਜਾ ਹੁੰਦੀ ਸੀ, ਕਿਤੇ ਆਦਿ ਸ਼ਕਤੀਆਂ ਦੀਆਂ ਪ੍ਰਿਤਮਾ ਬਣਾ ਕੇ ਪ੍ਰਤੀਕ ਦੇ ਤੌਰ ਤੇ ਉਨ੍ਹਾਂ ਤੋਂ ਸ਼ਕਤੀਆਂ ਪ੍ਰਾਪਤ ਕੀਤੀਆਂ ਜਾਇਆ ਕਰਦੀਆਂ ਸਨ। ਭਾਵੇਂ ਸਮੇਂ ਦੇ ਫੇਰ ਨਾਲ ਬਹੁਤ ਹੀ ਅੰਧਕਾਰਮਈ ਕਰਮਕਾਂਡ ਪ੍ਰਚਲਤ ਹੋ ਗਏ ਸਨ ਅਤੇ ਇਕ ਅਕਾਲਪੁਰਖ ਦੀ ਪੂਜਾ ਨੂੰ ਭੁਲਾਇਆ ਜਾ ਰਿਹਾ ਸੀ। ਵਾਹਿਗੁਰੂ ਜੀ ਦੇ ਪਿਆਰ ਦੀ ਥਾਂ ਸਮੇਂ-ਸਮੇਂ ਸਿਰ ਆਏ ਅਵਤਾਰਾਂ ਨੇ ਲੈ ਲਈ ਸੀ। ਸਾਧਕਾਂ ਦਾ ਬ੍ਰਹਮਦ੍ਰਿਸ਼ਟੀ ਤੋਂ ਪਤਨ ਹੋ ਕੇ ਮਾਇਆ ਦੇ ਅੰਧਕਾਰ ਵਿਚ ਪ੍ਰਵੇਸ਼ ਹੋ ਚੁਕਿਆ ਸੀ। ਕਰਤੇ ਦੀ ਥਾਂ ਤੇ ਕ੍ਰਿਤਮ ਪੂਜਿਆ ਜਾਣ ਲੱਗ ਗਿਆ ਸੀ, ਨਿਸ਼ਚੇ ਵੰਡੇ ਗਏ ਸਨ। ਆਤਮ ਸਤਾ ਤੱਕ ਜੀਵ ਦੀ ਪਹੁੰਚ ਅਧੂਰੀ ਹੋ ਗਈ ਸੀ। ਇਕ ਤਰ੍ਹਾਂ ਦੇ ਨਾਲ ਮਹਾਨ ਅੰਧਕਾਰ ਛਾਇਆ ਹੋਇਆ ਸੀ। ਜਗਿਆਸੂ ਬੇਵਸ ਸੀ, ਉਸਨੂੰ ਕੋਈ ਆਸਰਾ ਨਹੀਂ ਸੀ ਮਿਲ ਰਿਹਾ। ਰਾਜਸੀ ਕਰੜੀਆਂ ਬੰਧਸ਼ਾਂ ਦੇ ਕਾਰਨ ਜੀਵ ਦੇ ਨਿਜੀ ਪ੍ਰਭੂ ਸਬੰਧਾਂ ਵਿਚ ਰੋਕ ਪੈ ਚੁਕੀ ਸੀ। ਹਿੰਦੂ ਸਮਾਜ, ਜ਼ਬਰੀ ਮਜ਼ਹਬ ਤਬਦੀਲੀ (ਤਬਲੀਗ) ਦਾ ਪੂਰੀ ਤਰ੍ਹਾਂ ਸ਼ਿਕਾਰ ਹੋਇਆ ਹੋਇਆ ਅਤਿ ਹੀ ਪੀੜਿਤ ਸੀ।

ਦੂਜੇ ਪਾਸੇ ਉਸ ਵੇਲੇ ਦਾ ਸ਼ਾਸ਼ਕ ਵਰਗ ਸੱਚਮੁਚ ਹੀ ਬੁੱਚੜ ਦਾ ਰੂਪ ਧਾਰਨ ਕਰ ਚੁਕਿਆ ਸੀ, ਪਰਜਾ ਨੂੰ ਕੋਹ੍-ਕੋਹ੍ ਕੇ, ਉਸ ਦਾ ਖੂਨ ਨਿਚੋੜ ਕੇ ਰੱਤ ਪੀਣਾ ਹੋ ਚੁਕਿਆ ਸੀ। ਭਾਰਤ ਵਾਸੀਆਂ ਦੇ ਮਹਾਨ ਮੰਦਰ ਗਿਰਾਏ ਜਾ ਰਹੇ ਸਨ ਉਨ੍ਹਾਂ ਦੀ ਪੁਕਾਰ ਕੋਈ ਸੁਣਨ ਵਾਲਾ ਨਹੀਂ ਸੀ। ਉਹ ਬਾਰ-ਬਾਰ ਪੁਕਾਰ ਕਰਦੇ ਸਨ ਕਿ ਹੇ ਪ੍ਰਭੂ! ਤੂੰ ਦਰੋਪਤੀ ਦੀ ਸਭਾ ਵਿਚ ਲਾਜ ਰੱਖੀ, ਅੱਜ ਲੱਖਾਂ ਦਰੋਪਤੀਆਂ ਦੀ ਪਤਿ ਲਾਹੀ ਜਾ ਰਹੀ ਹੈ ਤੂੰ ਕਿਉਂ ਨਹੀਂ ਬਹੁੜਦਾ? ਹੇ ਪ੍ਰਭੂ! ਤੂੰ ਤਾਂ ਇਕ ਹਾਥੀ ਦੀ ਰਖਸ਼ਾ ਕਰਨ ਵਾਸਤੇ ਤੰਦੂਏ ਦੇ ਤੰਦ ਕੱਟ ਕੇ ਉਸਨੂੰ ਬਚਾਅ ਲਿਆ ਸੀ, ਅੱਜ ਸਾਨੂੰ ਇਨਸਾਨਾਂ ਨੂੰ ਉਸ ਤੋਂ ਕਿਤੇ ਵੱਧ ਤੰਦੂਆਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਤੂੰ ਨਾਮਦੇਵ ਦਾ ਦੁੱਧ ਪੀਣ ਵਾਸਤੇ ਪ੍ਰਿਤਮਾ ਵਿਚੋਂ ਪ੍ਰਗਟ ਹੋ ਗਿਆ ਸੀ ਅਤੇ ਧੰਨੇ ਦਾ ਪ੍ਰਸ਼ਾਦਾ ਛਕਣ ਲਈ ਪੰਡਤ ਵਲੋਂ ਦਿਤੇ ਇਕ ਅਨਘੜ੍ਹ ਪੱਥਰ ਵਿਚੋਂ ਪ੍ਰਗਟ ਹੋ ਗਿਆ ਸੀ। ਅੱਜ ਕੀ ਹੋ ਗਿਆ ਕਿ ਅਸਾਨੂੰ ਸਾਡੀਆਂ ਪ੍ਰਾਰਥਨਾਵਾਂ ਦਾ ਕੋਈ ਉਤਰ ਨਹੀਂ ਮਿਲ ਰਿਹਾ। ਇਹ ਸ਼ਾਸ਼ਕ ਜ਼ਾਲਮ ਵਰਗ ਪੂਰੇ ਅਨਿਆਂ ਤੇ ਤੁਲਿਆ ਹੋਇਆ ਧਰਮ ਦੇ ਪੜਦੇ ਓਹਲੇ ਅਤਿ ਘਿਨੌਣੇ ਪਾਪ ਕਰ ਰਿਹਾ ਹੈ। ਕੀ ਇਨ੍ਹਾਂ ਨੂੰ ਤੂੰ ਰੋਕ ਨਹੀਂ ਸਕਦਾ? ਇਹ ਅਰਦਾਸਾਂ, ਇਹ ਲੇਲ੍ਹੜੀਆਂ ਭਾਰਤ ਵਾਸੀਆਂ ਦੇ ਹਿਰਦੇ ਵਿਚੋਂ ਨਿਕਲ ਰਹੀਆਂ ਸਨ। ਇਸਨੂੰ ਰੋਕ ਪਾਉਣ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਪਵਿੱਤਰ ਬਲੀਦਾਨ ਦੇ ਕੇ ਧਰਤੀ ਤੇ ਆਪਣਾ ਪਵਿਤ੍ਰ ਖੂਨ ਡੋਲ੍ਹਿਆ। ਭਾਈ ਮਤੀ ਦਾਸ ਜੀ ਦਾ ਸਰੀਰ ਆਰੇ ਨਾਲ ਦੋ ਫਾੜ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਆਲੂਆਂ ਵਾਂਗ ਉਬਾਲ ਦਿਤਾ ਗਿਆ। ਭਾਈ ਸਤੀਦਾਸ ਜੀ ਨੂੰ ਰੂੰ ਵਿਚ ਵਲ੍ਹੇਟ ਕੇ ਅੱਗ ਲਾ ਦਿਤੀ ਗਈ। ਇਸ ਪਵਿੱਤਰ ਬਲੀਦਾਨ ਨੇ ਭਾਰਤ ਵਾਸੀਆਂ ਨੂੰ ਝੰਜੋੜ ਕੇ ਰੱਖ ਦਿਤਾ। ਜਾਗੀਆਂ ਹੋਈਆਂ ਰੂਹਾਂ ਕੁਝ ਕਰੋ ਜਾਂ ਮਰੋ ਦੇ ਸਿਧਾਂਤ ਨੂੰ ਅਪਣਾਉਣ ਲਈ ਗੁਰੂ ਦਸਮੇਸ਼ ਪਿਤਾ ਦੀ ਅਗਵਾਈ ਨੂੰ ਲੋਚ ਰਹੀਆਂ ਸਨ। ਗੁਰੂ ਮਹਾਰਾਜ ਜੀ ਬਾਣੀ ਦੇ ਅੰਦਰ ਜ਼ਿਕਰ ਕਰਦੇ ਫੁਰਮਾਉਂਦੇ ਹਨ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥*
*ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥*

*ਪੰਨਾ - 145*

ਭਾਈ ਗੁਰਦਾਸ ਜੀ ਨੇ ਵੀ ਇਸ ਸਮੇਂ ਨੂੰ ਭਾਂਪਦਿਆਂ ਹੋਇਆਂ ਆਪਣੀਆਂ ਵਾਰਾਂ ਵਿਚ ਲਿਖਿਆ ਹੈ -

*ਕਲਿ ਆਈ ਕੁੱਤੇ ਮੁਹੀ*
*ਖਾਜ ਹੋਆ ਮੁਰਦਾਰ ਗੁਸਾਈ।*
*ਰਾਜੇ ਪਾਪ ਕਮਾਂਵਦੇ*
*ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨ*
*ਕੂੜ ਕੁਸੱਤ ਮੁਖਹੁ ਆਲਾਈ।*
*ਚੇਲੇ ਸਾਜ ਵਜਾਇੰਦੇ*
*ਨੱਚਣ ਗੁਰੂ ਬਹੁਤ ਬਿਧ ਭਾਈ।*
*ਸੇਵਕ ਬੈਠਨ ਘਰਾਂ ਵਿਚ*

*ਗੁਰ ਉੱਠ ਘਰੀਂ ਤਿਨਾੜੇ ਜਾਈ।*
*ਕਾਜ਼ੀ ਹੋਏ ਰਿਸ਼ਵਤੀ*
*ਵੱਢੀ ਲੈ ਕੇ ਹੱਕ ਗਵਾਈ।*
*ਇਸਤ੍ਰੀ ਪੁਰਖੈ ਦਾਮ ਹਿਤ*
*ਭਾਵੇਂ ਆਇ ਕਿਥਾਊਂ ਜਾਈ।*
*ਵਰਤਿਆ ਪਾਪ ਸਭਸੁ ਜਗ ਮਾਂਹੀ॥*
*ਭਾਈ ਗੁਰਦਾਸ ਜੀ, ਵਾਰ - 1/30*

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਗੁਰੂ ਪਿਆਰੇ ਸਿੱਖਾਂ ਵਿਚ ਇਕ ਨਵਾਂ ਜੋਸ਼ ਅਤੇ ਉਭਾਰ ਆਇਆ, ਜਾਗੀਆਂ ਹੋਈਆਂ ਰੂਹਾਂ ਜਿਨ੍ਹਾਂ ਨੇ ਮੌਤ ਦੀ ਖਾਈ ਪਾਰ ਕਰਕੇ ਉਰਾਰ ਅਤੇ ਪਾਰ ਦਾ ਅਨੁਭਵ ਪ੍ਰਾਪਤ ਕੀਤਾ ਹੋਇਆ ਸੀ ਉਹ ਕਹਿੰਦੇ ਸਨ ਕਿ –

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨ ਹੈ ਪਰਾ ਹਮਾਰੈ ਬਾਰ॥*
*ਪੰਨਾ - 1367*

ਉਨ੍ਹਾਂ ਦੇ ਜੀਵਨ ਵਿਚ ਭੈ ਦੇਣਾ ਅਤੇ ਭੈ ਮੰਨਣਾ ਦੋਵੇਂ ਹੀ ਗਿਰਾਵਟ ਦੀਆਂ ਨਿਸ਼ਾਨੀਆਂ ਪ੍ਰਤੀਤ ਦਿੰਦੀਆਂ ਸਨ। ਉਹ ਨਾ ਕਿਸੇ ਨੂੰ ਭੈ ਦਿੰਦੇ ਸਨ ਤੇ ਨਾ ਕਿਸੇ ਤੋਂ ਭੈ ਖਾਂਦੇ ਸਨ। ਜਦੋਂ ਗੁਰੂ ਦਸਮੇਸ਼ ਪਿਤਾ ਜੀ ਗੁਰਗੱਦੀ ਤੇ ਬੈਠੇ ਉਸ ਵੇਲੇ ਬਹੁਤ ਭਾਰੀ ਗਿਣਤੀ ਵਿਚ ਇਕੱਠ ਹੋ ਜਾਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਅਸਰ ਹਕੂਮਤ ਦੀ ਸੋਚ ਤੋਂ ਬਿਲਕੁਲ ਹੀ ਪ੍ਰਤੀਕੂਲ ਸੀ। ਉਨ੍ਹਾਂ ਦੇ ਅੰਦਰੋਂ ਡਰ ਬਿਲਕੁਲ ਨਿਕਲ ਚੁਕਿਆ ਸੀ। ਨਿਰਭਉ ਨੂੰ ਸਿਮਰ ਕੇ ਨਿਰਭੈ ਅਵਸਥਾ ਵਿਚ ਪ੍ਰਵੇਸ਼ ਕਰਕੇ ਆਖ ਰਹੇ ਸਨ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ।।*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਪੰਨਾ - 1365*

ਇਹ ਗੁਰਸਿੱਖਾਂ ਦਾ ਜੋਸ਼ ਅਤੇ ਉਭਾਰ ਮਾਰੂ ਨਹੀਂ ਸੀ ਸਗੋਂ ਚੜ੍ਹਦੀ ਕਲਾ ਦਾ ਪ੍ਰਤੀਕ ਸੀ ਜਿਨ੍ਹਾਂ ਦਾ ਨਿਸ਼ਚਾ ਸੀ ਕਿ ਆਪ ਸੁਤੰਤਰਤਾ ਦੇ ਨਾਲ ਜੀਵੋ ਅਤੇ ਦੂਸਰਿਆਂ ਨੂੰ ਜਿਉਂਣ ਦਾ ਮੌਕਾ ਦੇਵੋ। ਆਪਣੇ ਅਸੂਲਾਂ ਨੂੰ ਜ਼ੋਰ-ਜਬਰ ਤੋਂ ਡਰ ਕੇ ਤਿਆਗਣ ਨਾਲੋਂ ਆਪਣੇ ਜੀਵਨ ਦਾ ਬਲੀਦਾਨ ਦੇਣਾ ਬਹੁਤ ਹੀ ਲਾਭਦਾਇਕ ਹੈ। ਗੁਰਸਿੱਖ ਇਸ ਹਾਲ ਵਿਚੋਂ ਲੰਘ ਰਹੇ ਸਨ ਪਰ ਕਈ ਮਸੰਦ ਪੂਜਾ ਦਾ ਧਾਨ ਖਾ ਕੇ ਸ਼ਰਧਾਹੀਨ ਹੋ ਚੁੱਕੇ ਸਨ ਪਰ ਇਹ ਨਹੀਂ ਜਾਣਦੇ ਸਨ ਕਿ ਦਸਵੇਂ ਗੁਰੂ ਵੀ, ਗੁਰੂ ਨਾਨਕ ਦੇਵ ਹੀ ਹਨ। ਉਸ ਵੇਲੇ ਇਨ੍ਹਾਂ ਸ਼ਰਧਾਹੀਣਾਂ ਦੇ ਨਿਸ਼ਚਿਆਂ ਵਿਚੋਂ ਬੇਪ੍ਰਤੀਤੀ ਨੂੰ ਕੱਢਣ ਲਈ ਕਈ ਕੌਤਕ ਹੁੰਦੇ ਰਹਿੰਦੇ ਸਨ ਜਿਵੇਂ ਕਿ ਭਾਈ ਦੁਲੱਚਾ ਮਸੰਦ ਬਹੁਤ ਵੱਡੇ ਕੱਦ ਵਾਲਾ ਅਤੇ ਵੱਡੀ ਪਗੜੀ ਵਾਲਾ, ਜੋ ਆਪਣੇ ਆਪ ਨੂੰ ਮੁਖੀਆਂ ਦੀ ਪਹਿਲੀ ਕਤਾਰ ਵਿਚ ਸਮਝਦਾ ਸੀ, ਨੂੰ ਸੁਮੱਤ ਦਿਤੀ। ਉਹ ਆਪਣੀਆਂ ਸੰਗਤਾਂ ਦਾ ਦਸਵੰਧ ਲੈ ਕੇ ਗੁਰੂ ਕੇ ਖਜ਼ਾਨੇ ਵਿਚ ਦਾਖਲ ਕਰਾਇਆ ਕਰਦਾ ਸੀ ਅਤੇ ਵਿਚੋਂ ਚੰਗੀਆਂ ਭੇਟਾਵਾਂ ਆਪ ਰੱਖ ਲਿਆ ਕਰਦਾ ਸੀ। ਉਸ ਦਾ ਨਿਸ਼ਚਾ ਬਹੁਤ ਹੱਦ ਤੱਕ ਗਿਰ ਚੁਕਿਆ ਸੀ। ਉਹ ਖੁਲ੍ਹੇ ਆਮ ਗੁਰਸਿੱਖਾਂ ਨੂੰ ਕਹਿ ਦਿੰਦਾ ਸੀ ਕਿ ਜੇ ਗੁਰੂ ਤੇਗ ਬਹਾਦਰ ਜੀ ਵਿਚ ਸ਼ਕਤੀ ਹੁੰਦੀ ਤਾਂ ਉਹ ਕਾਤਲਾਂ ਨੂੰ ਸ਼ਕਤੀਹੀਣ ਕਰ ਦਿੰਦੇ ਜਿਵੇਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਬਗਦਾਦ ਵਿਚ ਪੱਥਰ ਮਾਰਨ ਆਇਆਂ ਦੇ ਹੱਥ ਉਥੇ ਹੀ ਰੋਕ ਦਿਤੇ ਅਤੇ ਸਭਨਾਂ ਨੂੰ ਜੜ੍ਹ ਬਣਾ ਦਿਤਾ ਅਤੇ ਕਈ ਵਾਰੀ ਇਹ ਵੀ ਕਹਿ ਦਿੰਦਾ ਸੀ ਕਿ ਅਸੀਂ ਤਾਂ ਜਿਸਨੂੰ ਵੀ ਗੱਦੀ ਤੇ ਬਿਠਾ ਦੇਈਏ ਉਹੋ ਗੁਰੂ ਬਣ ਜਾਂਦਾ ਹੈ। ਗੁਰੂ ਦਸਮੇਸ਼ ਪਿਤਾ ਉਪਰ ਉਸਦੀ ਸ਼ਰਧਾ ਨਹੀਂ ਸੀ। ਉਸ ਨੇ ਭਾਈ ਰੂਪਾ ਜੀ ਵਲੋਂ ਭੇਜੀਆਂ ਹੋਈਆਂ ਭੇਟਾਵਾਂ ਚੋਰੀ ਕਰਕੇ ਬਾਕੀ ਦੀਆਂ ਗੁਰੂ ਮਹਾਰਾਜ ਦੇ ਚਰਨਾਂ ਵਿਚ ਭੇਟਾ ਕਰ ਦਿਤੀਆਂ ਅਤੇ ਇਨ੍ਹਾਂ ਭੇਟਾਵਾਂ ਵਿਚੋਂ 58 ਵਧੀਆ ਮੋਤੀ ਤੇ 26 ਮੋਹਰਾਂ ਘਰ ਹੀ ਰੱਖ ਆਇਆ ਸੀ, ਕੜਿਆਂ ਦੀ ਜੋੜੀ ਤੇ ਕੁਝ ਮੋਹਰਾਂ ਜੋ ਆਪਣੀ ਪਗੜੀ ਵਿਚ ਛੁਪਾ ਲਈਆਂ ਅਤੇ ਆਪਣੀ ਚਲਾਕੀ ਨੂੰ ਅੰਦਰ ਰਖਦਾ ਹੋਇਆ ਉਤੋਂ ਭੋਲਾ ਬਣ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰ ਰਿਹਾ ਸੀ। ਮਹਾਰਾਜ ਜੀ ਨੇ ਉਸ ਦੇ ਇਸ ਕਪਟ ਨੂੰ ਦੇਖ ਕੇ ਫੁਰਮਾਨ ਕੀਤਾ, "ਦੁਲੱਚਿਆ! ਮੇਰੇ ਵਾਸਤੇ ਵੀ ਕੁਝ ਲਿਆਇਆ ਹੈਂ?" ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਅਸੀਂ ਤਾਂ ਤੁਹਾਡੇ ਬਿਨਾਂ ਦਮਾਂ ਤੋਂ ਚਾਕਰ ਹਾਂ ਜੋ ਸੰਗਤਾਂ ਸਾਨੂੰ ਦਿੰਦੀਆਂ ਹਨ ਉਹ ਤੁਹਾਡੀ ਭੇਟਾ ਵਿਚ ਲਿਆ ਰਖਦੇ ਹਾਂ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਤੂੰ ਚੰਗੀ ਤਰ੍ਹਾਂ ਯਾਦ ਕਰ ਲੈ, ਕਿਸੇ ਦੀ ਭੇਟਾ ਲਾਲਚ ਵਸ ਆ ਕੇ ਤੂੰ ਆਪਣੇ ਪਾਸ ਤਾਂ ਨਹੀਂ ਰੱਖੀ ਹੋਈ? ਇਹ ਬਚਨ ਸੁਣ ਕੇ ਅੰਦਰੋਂ ਕੁਝ ਕੰਬਿਆ ਅਤੇ ਥੋੜ੍ਹੀ ਦੇਰ ਲਈ ਸੋਚਿਆ ਕਿ ਇਹ ਗੁਰੂ ਕਿਤੇ ਸ਼ਕਤੀ ਵਾਲਾ ਨਾ ਹੋਵੇ ਅਤੇ ਫੇਰ ਬੇਪ੍ਰਤੀਤੀ ਨੇ ਇਸ ਦੇ ਮਨ ਨੂੰ ਕਾਬੂ ਕਰ ਲਿਆ। ਕਹਿਣ ਲੱਗਿਆ, "ਗੁਰੂ ਜੀ! ਤੁਸੀਂ ਬਾਲਕ ਹੋਂ, ਅਸੀਂ ਬਹੁਤ ਹੰਢੇ ਹੋਏ ਪਹਿਲੇ ਗੁਰੂਆਂ ਦੇ ਨਾਲ ਤੋਂ ਚਲੇ ਆ ਰਹੇ ਹਾਂ, ਗੁਰੂ ਘਰ ਦੇ ਸੇਵਕ ਹਾਂ। ਅਸੀਂ ਦਿਨ ਰਾਤ ਸੰਗਤਾਂ ਵਿਚ ਤੁਹਾਡੇ ਗੁਣ ਗਾ-ਗਾ ਕੇ ਸੁਣਾਉਂਦੇ ਹਾਂ ਤਾਂ ਕਿਤੇ ਉਨ੍ਹਾਂ ਨੂੰ ਨਿਸ਼ਚਾ ਆਉਂਦਾ ਹੈ। ਗੁਰੂ ਜੀ ਤੁਸੀਂ ਅਜੇ ਬਾਲਕ ਬੁੱਧੀ ਵਿਚ ਹੋਂ, ਤੁਹਾਨੂੰ ਇਸ ਗੱਲ ਦਾ ਖਿਆਲ ਕਰ ਲੈਣਾ ਚਾਹੀਦਾ ਹੈ ਕਿ ਮੇਰੇ ਵਰਗੇ ਅਨਿੰਨ ਸੇਵਕ ਉਪਰ ਸ਼ੱਕ ਨਹੀਂ ਕਰਨਾ ਚਾਹੀਦਾ।" ਇਹ ਅੱਖਰ ਉਸ ਨੇ ਐਨੇ ਜ਼ੋਰ ਨਾਲ ਬੋਲੇ ਕਿ ਸਾਰੀ ਸੰਗਤ ਨੇ ਸੁਣ ਲਏ। ਗੁਰੂ ਮਹਾਰਾਜ ਜੀ ਮੁਸਕਰਾਏ ਅਤੇ ਕਿਹਾ ਕਿ ਦੁਲੱਚਿਆ! ਗੁਰੂ ਹਮੇਸ਼ਾ ਸਿੱਖ ਦੇ ਪੜਦੇ ਢੱਕਦਾ ਆਇਆ ਹੈ ਉਸਦੀਆਂ ਕਮਜ਼ੋਰੀਆਂ ਨੂੰ ਉਦੋਂ ਤੱਕ ਛੁਪਾ ਕੇ ਰਖਦਾ ਹੈ ਜਦੋਂ ਤੱਕ ਕਿ ਅਵੱਸ਼ਕ ਨਾ ਹੋ ਜਾਵੇ ਕਿ ਇਸ ਸਿੱਖ ਦਾ ਭਲਾ ਇਸਦੀਆਂ ਕਮਜ਼ੋਰੀਆਂ ਪ੍ਰਗਟ ਕਰਨ ਵਿਚ ਹੀ ਹੈ। ਗੁਰੂ ਮਹਾਰਾਜ ਜੀ ਨੇ ਆਪਣੀ ਛਟੀ ਦੇ ਨਾਲ ਉਸ ਦੀ ਭਾਰੀ ਪੱਗ ਸਿਰ ਤੋਂ ਗਿਰਾ ਦਿਤੀ, ਉਸ ਪੱਗ ਦੇ ਪੇਚ ਖੁਲ੍ਹ ਗਏ ਅਤੇ ਉਨ੍ਹਾਂ ਵਿਚੋਂ ਜੜਾਊ ਕੰਗਣ ਅਤੇ ਕੁਝ ਮੋਹਰਾਂ ਛਣ-ਛਣ ਕਰਕੇ ਧਰਤੀ ਤੇ ਗਿਰ ਪਈਆਂ। ਸਾਰੀ ਸੰਗਤ ਹੈਰਾਨ ਹੋ ਗਈ ਅਤੇ ਆਪ ਦੀ ਆਤਮਕ ਸ਼ਕਤੀ ਤੋਂ ਪ੍ਰਭਾਵਿਤ ਹੋ ਕੇ ਨਿਸ਼ਚੇ ਦੇ ਘਰ ਵਿਚ ਆ ਗਈ। ਦੁਲੱਚੇ ਮਸੰਦ ਨੇ ਰੋ-ਰੋ ਕੇ ਹੰਝੂਆਂ ਦੇ ਰਾਹੀਂ ਆਪਣੇ ਅੰਤਸ਼ਕਰਣ ਦੀ ਮੈਲ ਧੋਤੀ ਅਤੇ ਗੁਰੂ ਮਹਾਰਾਜ ਜੀ ਤੋਂ ਭੁੱਲ ਬਖਸ਼ਾਉਣ ਲਈ ਤਰਲੇ ਲੈਂਦਾ ਰਿਹਾ। ਭਾਈ ਗੁਰਦਿਤਾ ਜੀ ਦੇ ਛੋਟੇ ਭਰਾ ਭਾਈ ਹਰਦਿੱਤਾ ਜੀ, ਬਾਬੇ ਬੁੱਢੇ ਕੀ ਅੰਸ ਵਿਚੋਂ, ਨੇ ਬੇਨਤੀ ਕਰਕੇ ਬਖਸ਼ਾ ਦਿਤਾ। ਉਸ ਵੇਲੇ

ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਗੁਰਸਿੱਖੋ! ਸਿੱਖੀ ਵਿਚ ਕਈ ਭੇਦ ਹਨ। ਇਕ ਭੇਖ ਦੇ ਸਿੱਖ ਹਨ, ਇਕ ਦੇਖਾ-ਦੇਖੀ ਦੇ ਸਿੱਖ ਹਨ, ਇਕ ਹਿਰਸ ਦੇ ਸਿੱਖ ਹਨ, ਇਕ ਗੁਰਾਂ ਨੂੰ ਪਿਆਰ ਕਰਨ ਵਾਲੇ ਤੇ ਉਨ੍ਹਾਂ ਦੇ ਬਚਨਾਂ ਤੋਂ ਘੋਲ ਘੁਮਾਉਣ ਵਾਲੇ ਸਿਦਕੀ ਸਿੱਖ ਹਨ। ਇਕ ਉਹ ਸਿੱਖ ਹਨ ਜਿਨ੍ਹਾਂ ਦੇ ਮਨ ਵਿਚ ਗੁਰੂ ਤੇ ਪ੍ਰਮੇਸ਼ਰ ਲਈ ਕੋਈ ਫਰਕ ਨਹੀਂ ਹੁੰਦਾ ਅਤੇ ਗੁਰੂ ਨੂੰ ਪ੍ਰਮੇਸ਼ਰ ਦਾ ਸਰਗੁਣ ਸਰੂਪ ਜਾਣ ਕੇ ਪੂਜਦੇ ਹਨ ਜਿਵੇਂ ਕਿ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਪੰਨਾ - 442*

ਅਜਿਹੀਆਂ ਅਨੇਕਾਂ ਘਟਨਾਵਾਂ ਹੋਈਆਂ ਜਿਨ੍ਹਾਂ ਤੋਂ ਗੁਰਸਿੱਖਾਂ ਦਾ ਡੋਲਦਾ ਨਿਸ਼ਚਾ ਦਿਨੋ-ਦਿਨ ਗੁਰੂ ਮਹਾਰਾਜ ਦੀ ਕਿਸ਼ੋਰ ਅਵਸਥਾ ਦੇ ਸਮੇਂ ਤੋਂ ਹੀ ਦ੍ਰਿੜ੍ਹ ਹੁੰਦਾ ਚਲਿਆ ਗਿਆ ਕਿਉਂਕਿ ਗੁਰੂ ਅਤੇ ਸਿੱਖ ਦਾ ਨਿਸ਼ਚਾ ਪ੍ਰਤੀਤ ਉਪਰ ਨਿਰਭਰ ਹੈ-

*ਜਾ ਕੈ ਮਨਿ ਗੁਰ ਕੀ ਪਰਤੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥*
*ਪੰਨਾ - 283*

ਇਕ ਵਾਰੀ ਗੁਰੂ ਅੰਗਦ ਪਾਤਸ਼ਾਹ ਜੀ ਨੇ ਭਾਈ ਬਾਲਾ ਜੀ ਨੂੰ ਪੁਛਿਆ ਕਿ ਭਾਈ ਬਾਲਾ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਜਿਥੇ ਤੱਕ ਵੀ ਸ੍ਰਿਸ਼ਟੀ ਹੈ ਉਸ ਵਿਚ ਵਿਚਰਦਿਆਂ ਉਨ੍ਹਾਂ ਦੇ ਅਨੇਕਾਂ ਕੌਤਕ ਦੇਖੇ, ਕਿਤੇ ਕੌੜਾ ਰੀਠਾ ਮਿਠਾ ਹੁੰਦਾ ਵੇਖਿਆ, ਕਿਤੇ ਵਲੀ ਕੰਧਾਰੀ ਵਲੋਂ ਸੁੱਟੇ ਪੱਥਰ ਨੂੰ ਮੋਮ ਵਰਗਾ ਤੇ ਰੂੰ ਵਰਗਾ ਹਲਕਾ ਹੋਇਆ ਤੱਕਿਆ, ਕਿਤੇ ਕੌਡੇ ਰਾਕਸ਼ ਵਰਗਿਆਂ ਨੂੰ ਦੇਵਤਾ ਬਣਦਾ ਤੱਕਿਆ, ਕਿਤੇ ਸੱਜਣ ਠੱਗ ਵਰਗਿਆਂ ਨੂੰ ਭਾਈ ਸੱਜਣ ਹੁੰਦਾ ਵੇਖਿਆ ਅਤੇ ਅਨੇਕਾਂ ਗੋਸ਼ਟਾਂ ਪੁਜੇ ਹੋਏ ਪੀਰਾਂ, ਫਕੀਰਾਂ ਨਾਲ ਹੁੰਦੀਆਂ ਸੁਣੀਆਂ; ਤੁਸੀਂ ਇਹ ਤਾਂ ਦੱਸੋ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਤੁਸੀਂ ਕੀ ਸਮਝਦੇ ਰਹੇ ਹੋ? ਭਾਈ ਬਾਲਾ ਜੀ ਨੇ ਦੋਨੋਂ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਬੇਨਤੀ ਕੀਤੀ, "ਪਾਤਸ਼ਾਹ! ਉਹ ਤਾਂ ਪੂਰਨ ਸੰਤ ਸਨ।" ਮਹਾਰਾਜ ਜੀ ਨੇ ਕਿਹਾ ਕਿ ਭਾਈ ਤੂੰ ਸੰਤ ਹੋਇਆ। ਜਿਹੋ ਜਿਹਾ ਕੋਈ ਗੁਰੂ ਉਪਰ ਨਿਸ਼ਚਾ ਕਰਦਾ ਹੈ ਉਹੋ ਜਿਹਾ ਹੀ ਹੋ ਜਾਂਦਾ ਹੈ ਕਿਉਂਕਿ ਗੁਰੂ ਸਮਰੱਥ ਤੇ ਸਰਬੱਗ ਹੁੰਦਾ ਹੈ। ਬਾਬਾ ਬੁੱਢਾ ਜੀ ਵਲ ਨਿਗ੍ਹਾ ਕਰਕੇ ਦੇਖਿਆ ਤੇ ਆਪ ਨੇ ਕਿਹਾ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਬਹੁਤ ਸਮਾਂ ਨੇੜੇ ਰਹਿ ਕੇ, ਮੇਰੇ ਆਉਣ ਤੋਂ ਵੀ ਬਹੁਤ ਪਹਿਲਾਂ ਤੋਂ ਤੁਸੀਂ ਪਾਤਸ਼ਾਹ ਜੀ ਦੇ ਪਿਆਰ ਦਾ ਅਨੰਦ ਮਾਣਦੇ ਰਹੇ ਹੋਂ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਬਾਬਾ ਜੀ ਨੇ ਫੁਰਮਾਇਆ ਕਿ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸਨ। ਮਹਾਰਾਜ ਜੀ ਨੇ ਕਿਹਾ ਕਿ ਭਾਈ! ਤੂੰ ਬ੍ਰਹਮਗਿਆਨੀ ਹੋਇਆ। ਹੋਰ ਗੁਰਸਿੱਖਾਂ ਨੂੰ ਵੀ ਪੁਛਿਆ, ਅਨੇਕ ਕਿਸਮ ਦੇ ਉਤਰ ਮਿਲੇ। ਅੰਤ ਵਿਚ ਸਾਰਿਆਂ ਨੇ ਗੁਰੂ ਅੰਗਦ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਆਪ ਕੁਝ ਮਿੰਟਾਂ ਲਈ ਖਾਮੋਸ਼ ਹੋ ਗਏ, ਨੈਣ ਬੰਦ ਕਰ ਲਏ, ਚਿਹਰੇ ਦੀ ਰੰਗਤ ਬਦਲ ਗਈ, ਸੁਆਸ ਬਹੁਤ ਧੀਮਾ ਹੋ ਗਿਆ, ਜਦੋਂ ਆਪ ਜੀ ਨੇ ਨੇਤਰ ਖੋਲ੍ਹੇ, ਨੇਤਰਾਂ ਵਿਚੋਂ ਦੋ ਹੰਝੂ ਤਿਲ੍ਹਕ ਕੇ ਨੂਰਾਨੀ ਦਾਹੜੇ ਵਲ ਨੂੰ ਆ ਰਹੇ ਸਨ। ਆਪ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਗੁਰੂ ਨਾਨਕ ਪਾਤਸ਼ਾਹ ਜੀ ਤਾਂ ਆਪ ਹੀ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਪ੍ਰਮੇਸ਼ਰ ਸਨ। ਉਨ੍ਹਾਂ ਵਿਚ ਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਸੀ। ਅਸੀਂ ਤਾਂ ਉਨ੍ਹਾਂ ਨੂੰ ਮਾਲਕ-ਏ-ਕੁੱਲ ਕਰਕੇ ਜਾਤਾ। ਉਹ ਸਾਰੀ ਸ੍ਰਿਸ਼ਟੀ ਦੇ ਕਰਤਾ ਧਰਤਾ ਸਨ।

*ਆਪਿ ਨਰਾਇਣੁ ਕਲਾ ਧਾਰਿ*
*ਜਗ ਮਹਿ ਪਰਵਰਿਯਉ॥ ਪੰਨਾ - 1395*

ਐਡੇ ਉਚੇ ਨਿਸ਼ਚੇ ਦੀ ਗੱਲ ਸੁਣ ਕੇ ਸਾਰੀ ਸੰਗਤ ਦੇ ਸੀਸ ਪਿਆਰ ਨਾਲ ਝੁਕ ਗਏ। ਉਸ ਸਮੇਂ ਮਹਾਰਾਜ ਜੀ ਨੇ ਫੁਰਮਾਇਆ ਕਿ ਪਿਆਰਿਓ! ਆਪਣੀਆਂ ਭਾਵਨਾਵਾਂ ਦੇ ਮੁਤਾਬਿਕ ਗੁਰੂ ਉਪਰ ਨਿਸ਼ਚਿਆਂ ਨੂੰ ਚਾਰ ਅਵਸਥਾਵਾਂ ਵਿਚ ਵੰਡਿਆ ਜਾ ਸਕਦਾ ਹੈ।

1. ਮੇਰਾ ਗੁਰੂ ਪੂਰਨ ਸੰਤ ਹੈ।

2. ਮੇਰਾ ਗੁਰੂ ਸਾਰਿਆਂ ਸੰਤਾਂ ਤੋਂ ਸ੍ਰੇਸ਼ਟ ਅਤੇ ਸਭ ਤੋਂ ਵੱਡਾ ਸੰਤ ਹੈ।

3. ਮੇਰਾ ਗੁਰੂ ਪ੍ਰਮੇਸ਼ਰ ਵਰਗਾ ਹੀ ਹੈ। ਉਸ ਵਿਚ ਅਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ। ਅਜਿਹੇ ਨਿਸ਼ਚੇ ਵਾਲੇ ਗੁਰੂ ਨੂੰ ਪ੍ਰਮੇਸ਼ਰ ਕਰਕੇ ਮੰਨਦੇ ਹਨ।

4. ਮੇਰਾ ਗੁਰੂ ਤਾਂ ਸਾਖਸ਼ਾਤ ਪਾਰਬ੍ਰਹਮ ਸੰਸਾਰ ਦੇ ਜੀਵਾਂ ਦੀ ਕਲਿਆਣ ਕਰਨ ਵਾਸਤੇ ਸਰੀਰਧਾਰੀ ਹੋਇਆ ਹੈ, ਇਹ ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ। ਇਹ ਸਾਰਾ ਸ੍ਰਿਸ਼ਟੀ ਦਾ ਖੇਲ੍ਹ ਇਸਦੇ ਹੁਕਮ ਵਿਚ ਹੀ ਹੋ ਰਿਹਾ ਹੈ। ਇਹ ਸੁਣ ਕੇ ਸਾਰਿਆਂ ਨੇ ਗੁਰੂ ਮਹਾਰਾਜ ਨੂੰ ਸੀਸ ਨਿਵਾਇਆ ਤੇ ਕਿਹਾ, ਸੱਚੇ ਪਾਤਸ਼ਾਹ! ਆਪ ਦਾ ਐਡਾ ਨਿਸ਼ਚਾ ਹੀ ਹੈ ਕਿ ਅਸੀਂ ਸਾਰੇ ਆਪ ਤੋਂ ਪਹਿਲਾਂ ਗੁਰੂ ਚਰਨਾਂ ਵਿਚ ਆਏ ਹੋਏ ਸਾਂ ਪਰ ਆਪ ਦੇ ਅਤਿ ਉਚੇ ਨਿਸ਼ਚੇ ਨੇ ਆਪ ਨੂੰ ਪਾਰਬ੍ਰਹਮ ਪ੍ਰਮੇਸ਼ਰ ਬਣਾ ਦਿਤਾ ਹੈ।

ਸੋ ਇਸ ਤਰ੍ਹਾਂ ਗੁਰੂ ਤੇ ਸਿੱਖ ਦਾ ਸਬੰਧ ਪੂਰਨ ਸ਼ਰਧਾ ਕਰਕੇ ਹੀ ਹੁੰਦਾ ਹੈ। ਸਿੱਖਾਂ ਦੇ ਡੋਲਦੇ ਨਿਸ਼ਚਿਆਂ ਨੂੰ ਮੁੜ ਕੇ ਸਥਿਰ ਕਰਨ ਵਾਸਤੇ ਗੁਰੂ ਅਗੰਮ ਦੀ ਕ੍ਰਿਆ ਕਰਕੇ ਨਿਸ਼ਚੇ ਬੰਨ੍ਹਵਾ ਦਿੰਦੇ ਹਨ।

ਇਕ ਵਾਰੀ ਦੀ ਗੱਲ ਹੈ ਕਿ ਗੁਰੂ ਦਸ਼ਮੇਸ਼ ਪਿਤਾ ਗੱਦੀ ਤੇ ਸ਼ਸ਼ੋਭਤ ਹੋ ਕੇ ਸੰਗਤਾਂ ਨੂੰ ਆਪਣੇ ਅਤਿ ਸੁੰਦਰ ਦਰਸ਼ਨ ਦੇ ਰਹੇ ਸਨ। ਆਪ ਦੇ ਖਿੱਚਾਂ ਭਰੇ ਨੈਣਾਂ ਦੀ ਮਸਤੀ ਨੂੰ ਕੋਈ ਤੱਕ ਨਹੀਂ ਸੀ ਸਕਦਾ। ਜਿਨ੍ਹਾਂ ਨੇ ਇਕ ਵਾਰੀ ਤੱਕ ਲਿਆ ਉਹਦੇ ਅੰਦਰ ਇਹ ਸਰੂਪ ਪ੍ਰਵੇਸ਼ ਕਰ ਜਾਇਆ ਕਰਦਾ ਸੀ। ਉਹ ਬਿਨਾਂ ਤਪ ਸਾਧਣ ਦੇ ਹੀ ਧਿਆਨ ਮੰਡਲ ਵਿਚ ਪ੍ਰਵੇਸ਼ ਕਰ ਜਾਇਆ ਕਰਦਾ ਸੀ। ਜਿਵੇਂ ਚਕੋਰ ਇਕ ਟੱਕ ਲਾ ਕੇ ਚੰਦਰਮਾ ਨੂੰ ਦੇਖਦਾ ਹੈ ਤੇ ਚੱਕਵੀ ਸੂਰਜ ਵੱਲ ਵੇਖਦੀ ਹੈ ਇਵੇਂ ਗੁਰਸਿੱਖ ਇਕ ਟੱਕ ਗੁਰੂ ਪਿਆਰ, ਗੁਰੂ ਦੇ ਦੀਦਾਰੇ ਆਪਣੇ ਹਿਰਦੇ ਵਿਚ ਵਸਾ ਰਹੇ ਸਨ। ਉਸ ਸਮੇਂ ਇਕ ਕਲੰਦਰ ਰਿੱਛ ਲੈ ਕੇ ਤਮਾਸ਼ਾ ਦਿਖਾਉਣ ਦਾ ਫੁਰਨਾ ਕਰਕੇ ਗੁਰੂ ਮਹਾਰਾਜ ਦੇ ਦਰਬਾਰ ਦੇ ਨੇੜੇ ਆ ਕੇ ਖੜ੍ਹਾ

ਹੋ ਗਿਆ। ਉਸ ਕਲੰਦਰ ਨੇ ਬੇਨਤੀ ਕੀਤੀ ਕਿ ਮਹਾਰਾਜ! ਜੇ ਹੁਕਮ ਹੋਵੇ ਤਾਂ ਮੈਂ ਇਸ ਰਿੱਛ ਦੇ ਕੌਤਕ ਵਿਖਾਵਾਂ। ਭਾਵੇਂ ਗੁਰਮਤਿ ਵਿਚ ਕੌਤਕ, ਕੋਡ-ਤਮਾਸਿਆਂ ਨੂੰ ਨਰਕ ਬਰਾਬਰ ਦਸਿਆ ਹੋਇਆ ਹੈ –

*ਕਉਤਕ ਕੋਡ ਤਮਾਸਿਆ*
*ਚਿਤਿ ਨ ਆਵਸੁ ਨਾਉ॥*
*ਨਾਨਕ ਕੋੜੀ ਨਰਕ ਬਰਾਬਰੇ*
*ਉਜੜੁ ਸੋਈ ਥਾਉ॥ ਪੰਨਾ - 707*

ਇਹ ਕਿਉਂ ਲਿਖਿਆ ਹੈ ਇਸ ਉਪਰ ਵਿਚਾਰ ਕਰਨ ਦੀ ਲੋੜ ਹੈ। ਸਾਰਾ ਸੰਸਾਰ ਤਮਾਸ਼ੇ ਦੇਖਦਾ ਹੈ, ਟੀ.ਵੀ ਤੇ ਨਾਟਕ ਦੇਖਦਾ ਹੈ, ਤਕਦਾ-ਤਕਦਾ ਐਨਾ ਮਸਤ ਹੋ ਜਾਂਦਾ ਹੈ ਕਿ ਉਸ ਦੇ ਅੰਦਰ ਮਨੋਕਲਪਤ ਘਟਨਾਵਾਂ ਮੂਰਤੀਵਾਨ ਹੋ ਜਾਂਦੀਆਂ ਹਨ ਅਤੇ ਅਧੂਰੀ ਸਿਖਿਆ ਦੁਖ ਦਾ ਕਾਰਨ ਬਣਦੀ ਸੁਖ ਖੋਹ ਲੈਂਦੀ ਹੈ। ਇਹ ਕਿਉਂ ਹੈ? ਗੁਰਸਿੱਖਾਂ ਦੇ ਅੰਦਰ ਨਾਮ ਜਪਣ ਦੇ ਬਲ ਨਾਲ ਕੁੰਡਲਨੀ ਸਿਰਝ ਜਾਇਆ ਕਰਦੀ ਹੈ ਅਤੇ ਇਕ ਅਤਿ ਮਿੱਠੀ ਜੋਤ ਸਦਾ ਹੀ ਜਗਦੀ ਰਹਿੰਦੀ ਹੈ ਜਿਵੇਂ ਬਿਨਾਂ ਤੇਲ ਬੱਤੀ ਦੇ ਕੋਈ ਦੀਵਾ ਜਲਦਾ ਹੋਵੇ, ਉਸਦੀ ਠੰਢੀ ਰੌਸ਼ਨੀ ਅੰਗ-ਅੰਗ ਵਿਚ ਖੇੜਾ ਪੈਦਾ ਕਰਦੀ ਹੈ ਅਤੇ ਹਿਰਦੇ ਕਮਲ ਰੂਪੀ ਫੁੱਲ ਨੂੰ ਸਿੱਧਾ ਕਰ ਦਿੰਦੀ ਹੈ ਜਿਸ ਵਿਚ ਹਰ ਸਮੇਂ ਅੰਮ੍ਰਿਤ ਝਰਦਾ ਰਹਿੰਦਾ ਹੈ ਜੋ ਦੁਖਾਂ ਚਿੰਤਾਵਾਂ, ਢਹਿੰਦੀਆਂ ਕਲਾਂ ਅਤੇ ਸਰੀਰਕ ਦੁੱਖਾਂ ਰੋਗਾਂ ਨੂੰ ਨੇੜੇ ਨਹੀਂ ਆਉਣ ਦਿੰਦੀ ਅਤੇ ਇਕ ਵਿਗਾਸ (ਖੇੜੇ) ਦਾ ਮੰਡਲ ਬਣਿਆ ਰਹਿੰਦਾ ਹੈ ਜਿਵੇਂ ਕਿ –

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥ ਪੰਨਾ - 3*

ਜਿਹੜਾ ਵੀ ਕੋਈ ਦ੍ਰਿਸ਼, ਕੋਈ ਲੈਕਚਰ, ਕੋਈ ਕਥਾ ਇਸ ਦੇ ਅੰਦਰ ਲਟ-ਲਟ ਬਲਦੀ ਜੋਤ ਨੂੰ ਮੱਧਮ ਕਰਦੀ ਹੈ, ਉਹ ਉਸਦਾ ਪਤਨ ਦਾ ਕਾਰਨ ਹੋਇਆ ਕਰਦਾ ਹੈ ਅਤੇ ਸੁਰਤੀ ਮਹਾਨ ਰਸਾਂ ਵਿਚੋਂ ਤਿਲ੍ਹਕਦੀ-ਤਿਲ੍ਹਕਦੀ ਕੁ-ਰਸਾਂ ਵਿਚ ਚਲੀ ਜਾਇਆ ਕਰਦੀ ਹੈ। ਇਹ ਕੁ-ਰਸ ਆਤਮ ਜੋਤ ਦੁਆਲੇ ਵਲਗਣਾਂ ਖੜ੍ਹੀਆਂ ਕਰਦੇ ਹਨ ਅਤੇ ਮਹਾਨ ਖੇੜਿਆਂ ਵਿਚੋਂ ਸੁਰਤ ਨੂੰ ਨਿਖੇੜ ਕੇ ਦੁਖਾਂ ਦੇ ਵਿਚ ਪ੍ਰਵੇਸ਼ ਕਰਾ ਦਿਆ ਕਰਦੇ ਹਨ। ਇਸ ਕਰਕੇ ਮਹਾਂਪੁਰਸ਼, ਗੁਰਸਿੱਖ, ਸਾਧਕ ਜਗਿਆਸੂ ਇਸ ਲਟ-ਲਟ ਬਲਦੀ ਜੋਤ ਅਤੇ ਮਹਾਨ ਮਿੱਠੀ ਸ਼ਬਦ ਧੁਨ ਤੋਂ ਕਿਸੇ ਕੀਮਤ ਵਿਚ ਵੀ ਦੂਰ ਨਹੀਂ ਜਾਇਆ ਕਰਦਾ। ਇਸ ਕਰਕੇ ਇਨ੍ਹਾਂ ਕੌਤਕ, ਤਮਾਸ਼ਿਆਂ ਨੂੰ ਨਰਕ ਦੀ ਬਰਾਬਰੀ ਦਿਤੀ ਗਈ ਹੈ।

ਕਬੀਰ ਸਾਹਿਬ ਜੀ ਇਕ ਵਾਰੀ ਕਾਸ਼ੀ ਵਿਚ ਲੱਗਿਆ ਮੇਲਾ ਦੇਖਣ ਚਲੇ ਗਏ। ਜਦੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਬਹੁਤ ਸਾਰੇ ਸ਼ਰਧਾਲੂਆਂ ਨੇ ਪੁਛਿਆ ਕਿ ਮੇਲੇ ਵਿਚ ਕੀ ਦੇਖਿਆ ਸੀ। ਤਾਂ ਆਪ ਨੇ ਫੁਰਮਾਇਆ ਕਿ ਮੈਂ ਤਾਂ ਮੇਲੇ ਵਿਚ ਕੁਝ ਵੀ ਨਹੀਂ ਦੇਖਿਆ, ਇਕ ਉਜਾੜ ਵਿਚ ਘੁੰਮ ਕੇ ਆਇਆ ਹਾਂ, ਉਜਾੜਾਂ ਵਿਚ ਕੰਡੇਦਾਰ ਝਾੜੀਆਂ ਤੇ ਉਗੜੀ-ਦੁਗੜੀ ਧਰਤੀ ਹੋਇਆ ਕਰਦੀ ਹੈ, ਜਿਸਨੂੰ ਤੁਸੀਂ ਮੇਲਾ ਆਖਦੇ ਹੋ। ਇਸ ਵਿਚ ਵੀ ਅਨੇਕਾਂ ਪ੍ਰੇਮੀਆਂ ਵਿਚੋਂ ਈਰਖਾ ਦੀਆਂ ਲਾਟਾਂ, ਤ੍ਰਿਸ਼ਨਾ ਦੇ ਭਾਂਬੜ ਅਤੇ ਕੁਕਰਮਾਂ ਦੀਆਂ ਸੋਚਾਂ ਰੂਪੀ ਮੈਲੇ-ਕੁਚੈਲੇ ਖਿਆਲ ਨਿਕਲਦੇ ਰਹਿੰਦੇ ਹਨ। ਇਸ ਲਈ ਮੈਂ ਤਾਂ ਇਕ ਅਜਿਹਾ ਉਜਾੜ ਦੇਖ ਕੇ ਆਇਆ ਹਾਂ ਜਿਥੇ ਕੁ-ਰਸ ਹੀ ਕੁ-ਰਸ ਹਨ। ਜਦੋਂ ਪੁਛਿਆ ਗਿਆ ਕਿ ਫੇਰ ਆਪ ਜਾਣਦੇ ਹੋਏ ਵੀ ਕਿਉਂ ਮੇਲੇ ਵਿਚ ਗਏ? ਤਾਂ ਆਪ ਜੀ ਨੇ ਕਿਹਾ ਕਿ ਮੈਂ ਤਾਂ ਇਸ ਆਸ਼ੇ ਨੂੰ ਮੁਖ ਰੱਖ ਕੇ ਗਿਆ ਸੀ ਕਿ ਕੋਈ ਰੱਬ ਦਾ ਪਿਆਰਾ ਮਿਲ ਜਾਵੇਗਾ, ਉਸ ਦੇ ਦਰਸ਼ਨ ਹੋਣ ਨਾਲ ਮੈਂ ਵੀ ਬਖਸ਼ਿਆ ਜਾਵਾਂਗਾ ਅਤੇ ਆਪ ਜੀ ਨੇ ਫੁਰਮਾਨ ਕੀਤਾ –

*ਕਬੀਰ ਜਹ ਜਹ ਹਉ ਫਿਰਿਓ*
*ਕਉਤਕ ਠਾਓ ਠਾਇ॥*
*ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ॥*
*ਪੰਨਾ - 1365*

ਸੋ ਇਸ ਤਰ੍ਹਾਂ ਭਾਵੇਂ ਗੁਰੂ ਹਾਜ਼ਰੀ ਵਿਚ ਰਿੱਛ ਦਾ ਤਮਾਸ਼ਾ ਬਿਰਤੀਆਂ ਨੂੰ ਉਖੇੜਨ ਵਾਲਾ ਹੀ ਸਾਬਤ ਹੁੰਦਾ ਹੈ ਪਰ ਗੁਰੂ ਮਹਾਰਾਜ ਜੀ ਦੇ ਦਿਬ ਨੈਣਾਂ ਨੇ ਰਿੱਛ ਦੇ ਅੰਦਰ ਫਸੀ ਇਕ ਸਿੱਖ ਰੂਹ ਨੂੰ ਤੱਕਿਆ ਜੋ ਕਿਸੇ ਗੁਰਸਿੱਖ ਦੇ ਸਰਾਪ ਦੇ ਕਾਰਨ ਰਿੱਛ ਜੂਨੀ ਵਿਚ ਦੁਖ ਪਾ ਰਹੀ ਸੀ। ਕਲੰਦਰ ਨੂੰ ਹੁਕਮ ਹੋ ਗਿਆ ਕਿ ਤਮਾਸ਼ਾ ਵਿਖਾ। ਉਸ ਕਲੰਦਰ ਨੇ ਚਮੜੇ ਦੇ ਕਪੜੇ ਪਹਿਨੇ ਹੋਏ ਸਨ, ਰਿੱਛ ਦੇ ਮੂੰਹ ਉਪਰ ਕੱਸ ਕੇ ਮੂਹਰੀ ਪਾਈ ਹੋਈ ਸੀ। ਤਮਾਸ਼ਾ ਸ਼ੁਰੂ ਹੋ ਗਿਆ, ਕਦੇ ਕਲੰਦਰ ਘੋਲ ਵਿਚ ਹੇਠਾਂ ਗਿਰ ਜਾਂਦਾ ਹੈ, ਅਤੇ ਕਦੇ ਰਿੱਛ ਕਲੰਦਰ ਦੇ ਹੇਠਾਂ ਆ ਜਾਂਦਾ ਸੀ। ਰਿੱਛ ਬਹੁਤ ਤਕੜਾ ਸੀ, ਕਲੰਦਰ ਵੀ ਬਹੁਤ ਹੁਸ਼ਿਆਰ ਸੀ। ਸੰਗਤਾਂ ਖਿੜ-ਖਿੜਾ ਕੇ ਹੱਸ ਰਹੀਆਂ ਸਨ। ਗੁਰੂ ਮਹਾਰਾਜ ਜੀ ਦਾ ਚੌਰ ਬਰਦਾਰ ਭਾਈ ਕੀਰਤੀਆ ਵੀ ਇਸ ਹਾਸੇ ਵਿਚ ਸੰਮਿਲਤ ਹੋ ਕੇ ਸਭ ਨਾਲੋਂ ਵੱਧ ਉਚੀ-ਉਚੀ ਹੱਸ ਰਿਹਾ ਸੀ। ਗੁਰੂ ਮਹਾਰਾਜ ਜੀ ਅਜੇ ਕਿਸ਼ੋਰ ਅਵਸਥਾ ਵਿਚ ਹੀ ਸਨ ਜੋ 10 ਤੋਂ 15 ਸਾਲ ਤੱਕ ਦੀ ਹੋਇਆ ਕਰਦੀ ਹੈ। ਉਹ ਭਾਈ ਕੀਰਤੀਏ ਵਲ ਨੂੰ ਪਿਛੇ ਮੁੜ ਕੇ ਕਹਿਣ ਲੱਗੇ, "ਕੀਰਤੀਆ! ਤੂੰ ਨਾ ਹੱਸ, ਸੰਗਤ ਨੂੰ ਹੱਸ ਲੈਣ ਦੇ।" ਕਈਆਂ ਦੇ ਮਨਾਂ ਵਿਚ ਸੰਸਾ ਪੈਦਾ ਹੋ ਗਿਆ ਕਿ ਗੁਰੂ ਛੇਵੇਂ ਪਾਤਸ਼ਾਹ ਦੇ ਕੌਤਕ ਦੇਖ ਕੇ ਗੁਰਸਿੱਖ ਇਸ ਪ੍ਰਿਵਰਤਨ ਨੂੰ ਸਹਿਨ ਨਹੀਂ ਕਰ ਸਕੇ ਸਨ ਅਤੇ ਪਹਿਲਵਾਨਾਂ ਦੇ ਘੋਲ, ਸ਼ੇਰਾਂ ਦੇ ਸ਼ਿਕਾਰ, ਬਾਜਾਂ ਦਾ ਰੱਖਣਾ ਪਸੰਦ ਨਾ ਕਰਕੇ adjust ਨਹੀਂ ਹੋ ਸਕੇ ਸਨ। ਇਵੇਂ ਹੀ ਕੁਝ ਸਮੇਂ ਲਈ ਮਸੰਦਾਂ ਦੇ ਮਨ ਵਿਚ ਅਜਿਹੀਆਂ ਹੀ ਗੱਲਾਂ ਪੈਦਾ ਹੋਈਆਂ ਜੋ ਸ਼ੰਕਿਆਂ ਵਿਚ ਗ੍ਰਸਤ ਕਰ ਰਹੀਆਂ ਸਨ ਕਿਉਂਕਿ ਪੂਜਾ ਦੇ ਧਾਨ ਵਿਚ ਇਕ ਜ਼ਬਰਦਸਤ ਨੁਕਸ ਹੈ ਕਿ ਜੋ ਇਸਨੂੰ ਖਾਂਦਾ ਹੈ ਉਹਦੇ ਨਾਲ ਤਿੰਨ ਗੱਲਾਂ ਵਾਪਰ ਜਾਂਦੀਆਂ ਹਨ –

*ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ,*
*ਮਤ ਮਾਰਨ, ਹੱਡ ਗਾਲਣ,*
*ਭਜਨ ਕਰਨ ਨ ਦੇਣ।*

ਪਰ ਫੇਰ ਵੀ ਭਾਈ ਕੀਰਤੀਏ ਨਾਲ ਹੋਈ ਗੱਲਬਾਤ ਧਿਆਨ ਨਾਲ ਸੁਣ ਰਹੇ ਸਨ ਅਤੇ ਸਮਝਦੇ ਸਨ ਕਿ ਗੁਰੂ

*(ਬਾਕੀ ਪੰਨਾ **37** 'ਤੇ)*



## Sant Waryam Singh Memorial Public High School, Ratwara Sahib

# Literary Vision

## Introduction



Sant Waryam Singh Memorial Public High School was established in the memory of His Holiness by Sant Mata Ranjit Kaur Ji in 2002. It is an English Medium Co-Educational school and is affiliated to PSEB, Mohali. With the mission to give the best in education, the seedling that was planted seven years ago with the handful of student and staff has grown into a huge tree with about 700 students and a galaxy of dedicated staff.



With benevolent blessing of Honorable Biji (Mata Ranjit Kaur Ji), the school management, Baba Harpal Singh Ji and Director Education S. Kulwant Singh Gill, who's approach towards imparting education is based on religious beliefs as per sikh tenets. The management has wider outlook and desires to impart among the students a sense of responsibility towards social and scientific issues like research, environment, adolescent problems and other relevant issue concerning students, among the younger students we believe in inculcating a sense of discipline within the boundaries of freedom.

Keeping in mind about the religious land, the moral and spiritual values are inculcated in the students by means of Gurbani recitation and organizing divinity competitions. In addition to this, the school has also shown excellence in the sports & curricular activities. Every effect is made to mould the students to be capable achievers in the various walks of life by the Management and Staff.



# Achievements

Co- Curricular Activities

With the blessings of honorable Biji (Sant Mata Ranjit Kaur Ji). The Principal Ms. Gurpreet Kaur has made the platform to explore the talents of the rural children by encouraging them to participate in various cultural activities like Art & Craft, Shabad Gayan, Speech, Declamation, Dance, Singing etc. These students have shown excellence not only at the District Level but also at State Level.




## Block - Level Achievements

- The students got 1st position in the Shabad Gayan competition.
- Pritpal Singh of class 5th got 1st position in folk song.
- Navneet Kaur of class 5th got 1st position in speech.
- Lovepreet Kaur of class 3rd got 1st position in folk dance.
- Harkaran Singh and Sarpreet Kaur of class 5th got 2nd position in drawing and handwriting competitions respectively.

## District Level Achievements

- The students of Group I got 1st position in Shabad Gayan, Group II got 2nd position & Group III got 3rd position in competition held at Paragon Senior Secondary School, Mohali.
- Pritpal Singh of class 5th and Harpreet Singh of class 7th achieved 1st & 2nd position respectively in folk song.
- Maninder Kaur & Amarjot Kaur of class 7th & 8th and Harpreet Singh, Parminder Singh and Gaganpreet Singh of class 10th got 3rd position Kavishri.
- The students of class 8th Kuljit Kaur & Ramandeep Kaur got 1st position in Var.
- 1st position was achieved by Sukhveet Kaur of class 7th & 2nd position was achieved by Navneet Kaur of class 5th in speech.
- Lovepreet Kaur of class 3rd achieved 1st position in folk dance.
- Pavneet Kaur of class 6th achieved 1st position in poetry recitation competition.

## Regional Level Competitions



- The Group I & III achieved 3rd positions in Shabad Gayan and Group I achieved Ist position in Shabad Gayan.
- Pavneet Kaur of class 6th achieved 1st position in Poetry Recitation Competition.
- The Bhangra Team of middle & secondary level of the school achieved 3rd position.

## State Level Participation



- The Bhangra Group of middle & secondary level participated in State Level Competition.
- The team of primary level, middle level & secondary level of Shabad Gayan also participated at State Level.

# Achievements at Sports Level

## Block Level

- The Kho- Kho team of Girls of primary wing clinched 2nd position whereas the Kho-Kho team of Boys clinched 1st position.
- The Kabaddi team of Girls of primary wing clinched 1st position whereas the Boys team achieved 3rd position.



- Jashanpreet Kaur, Pavneet Kaur, Ramanpreet Kaur and Simranjit Kaur of class VI clinched 2nd position in relay race whereas Jaspreet Singh, Gurpreet Singh, Amritpal Singh and Parminder Singh of class IX clinched 3rd position.
- The Girls and Boys of primary wing clinched 1st position in Gymnastic.
- The Boys of Kushti scored 1st position.

## Zonal Tournament



- The Handball team of boys U-19 & U-17 clinched 1st position and the handball team of girls U-17 also clinched the 1st position.
- The Handball team of boys as well as of girls U-19 clinched 1st position.
- The Kabaddi team of girls U-17 clinched 1st position whereas the Kabaddi team of boys U-14 scored 3rd position.
- The Badminton team of boys U-17 and the badminton team of girls U-14 clinched 2nd position.
- The participants of Chess team U-17 category got 1st position.
- Amandeep Kaur scored 1st position in U-14 girls category in Shotput while Harjit Kaur scored 2nd position. In boys category Amandeep Singh scored 1st position while Sukhpreet remained at 3rd position in Discus Throw in U14 boys category.
- Ikwinder Kaur (Triple Jump U-17 girls category) remained first and Sukhjinder Kaur (3000 mt walk U-17 girls category) also stood first.



## District Level Achievements

- Both the handball teams of girls U-14 and boys U-19 category clinched 2nd position.
- The handball team of boys U-17 category attained 2nd position.
- The chess team of boys and girls U-17 secured 3rd & 2nd position respectively.
- The badminton team of girls U-17 & U-14 got 3rd positions.
- The girls and boys U-14, girls U-17 & boys U-19 category participated at district level.
- Both the boys and girls of primary level got 1st position.
- Harkaran Singh stood Ist in 25 kg category in Wrestling.







## State Level Participation

- The handball team of boys & girls U-14 got the merit certificate for the participation.
- The U-17 boys handball team also got the merit certificate.

## Trips & Excursions

To meet the gap between the Rural & Urban area students and to explore the students with the outer world, an Educational Trip was organized to Delhi-Agra. The students saw the magnificent Taj Mahal, a symbol of love which is one of the seven wonders of the World. The students were spell bound by its beauty. Many other historical places at Delhi like Red Fort, India Gate, Qutab Minar etc. were also visited. The students were also keeping in view about the Religious Beliefs. The students were also taken to the temple of Vrindavan & Mathura.



Many other class wise short trip were also arranged by the school.

## Seminars & Workshops

- To know about the new techniques of teaching seminars for the teachers are also organized.
- Workshops for students are also organized by the teachers and the Times of India. The students actively gave response in the workshops.
- Special counseling is provided for the 10th class students so as to help them to choose a proper field in the future.
- Special Spoken English classes are held for the students to encourage them to converse in English.



## Other Major Events

- Rangoli competition was held to celebrate Holi Festival in which Shaheed Bhagat Singh House got 1st position by making beautiful Rangoli.
- The school wore a festive look as the kindergarten celebrated Janamashtami. The tiny tots enacted 'Krishna Leela'.
- To house the oratorical skills, students were given opportunities to participate in declamation contests.
- Mehak Verma bagged 2 years scholarship during Gurubani Kanth Competition held in school campus by Mata Kaula Ji Taksal, Amritsar. The trust decided to sponserall educational expenses incurred on the girl.
- Many students from the school participated in the contest and won prizes. The Trust also honoured the student Neha Verma and Principal Ms Gurpreet of our school during the function held at Amritsar.

## New Initiatives and Innovations

### Scouts & Guide

- To inculcate the habit of discipline and patriotic spirit, the school took an intiative and started Scout and Guide activity. The maiden batch went to Shimla to participate in the training camp.
- Personality Development Programme and Career Counselling Workshop was introduced for class X with special focus on group discussion & interview techniques.
- A summer Sports Camp was organised. Different indoor and outdoor games were introduced to the students by the special coaches.
- Inter House Festivals were celebrated through Arts, Dance, Music and Literacy Competitions.
- More Sports Coaches & increased focus on grooming of teams for various sports were undertaken.





## Celebrations

1. All religions are equal so people belonging to different religions are also equal. To spread this message festivals related to different religions and cultures are celebrated with equal zeal and fervour.
2. To develop a sense of belongingness and patriotism all the National Days are celebrated in the school.
3. 17th June, the Birthday of His Holiness Sant Baba Waryam Singh Ji is celebrated with great zeal every year. The students give stage performances by Reciting Poetry and Shabad Kirtan.
4. The Birthday of Biji Mata Ranjit Kaur Ji is also celebrated with great zeal and children glad the Sangat by Reciting Gurbani.
5. 5th September, Teachers Day is celebrated in the school every year. The children play the role of different teachers and take classes also.
6. Barsi Samagam of His Holiness Sant Baba Waryam Singh Ji is celebrated with great fervour. The students give stage performances by Reciting Poems and Shabad Kirtan. The students as well as teachers also give duties in Langar, Jorha Ghar & Pandal etc.
7. A special information corner is also set up by the staff members of the school for any missing.
8. 14th November Children Day is also celebrated. Principal Ms Gurpreet Kaur distributed sweets among the children.











**At Sant Waryam Singh Memorial Public High School**

*We feel We have a moral obligation to help the students of our school grow towards becoming full human being and to feel successful. Teaching cognitive skills is not enough...*

(ਪੰਨਾ 28 ਦੀ ਬਾਕੀ)

ਜੀ ਨਿਰਾ ਤਮਾਸ਼ਾ ਹੀ ਨਹੀਂ ਦਿਖਾ ਰਹੇ, ਜ਼ਰੂਰ ਇਹਦੇ ਵਿਚ ਕੋਈ ਸਿਖਿਆ ਅਸਾਡੇ ਲਈ ਦੇਣਗੇ। ਜਦੋਂ ਭਾਈ ਕੀਰਤੀਏ ਨੇ ਗੁਰੂ ਮਹਾਰਾਜ ਜੀ ਨੂੰ ਪੁਛਿਆ ਕਿ ਮਹਾਰਾਜ! ਸਾਰੀ ਸੰਗਤ ਹੱਸ ਰਹੀ ਹੈ ਤੇ ਮੈਂ ਕਿਉਂ ਨਾ ਹੱਸਾਂ? ਗੁਰੂ ਮਹਾਰਾਜ ਜੀ ਨੇ ਸਹਿਜ ਨਾਲ ਹੀ ਕਿਹਾ ਕਿ ਕੀਰਤੀਆ! ਇਹ ਤੇਰਾ ਪਿਤਾ ਸੋਭਾ ਰਾਮ (ਗੁਰਦਾਸ) ਹੈ। ਉਸਨੂੰ ਇਹ ਗੱਲ ਗੁਰੂ ਮਹਾਰਾਜ ਦੀ ਬਿਲਕੁਲ ਨਾ ਭਾਈ। ਉਸਨੇ ਬੇਨਤੀ ਕੀਤੀ ਕਿ ਮਹਾਰਾਜ! ਮੇਰਾ ਪਿਤਾ ਗੁਰੂ ਸੱਤਵੇਂ, ਅੱਠਵੇਂ, ਨੌਂਵੇਂ ਪਾਤਸ਼ਾਹ ਦੀ ਸੇਵਾ ਵਿਚ ਚੌਰ ਬਰਦਾਰ ਹੋ ਕੇ ਸੇਵਾ ਕਰਦਾ ਰਿਹਾ ਸੀ, ਉਹ ਹਮੇਸ਼ਾ ਗੁਰੂ ਅੱਗੇ ਸੰਗਤਾਂ ਵਿਚ ਅਰਦਾਸ ਕਰਿਆ ਕਰਦਾ ਸੀ ਅਤੇ ਪ੍ਰਸ਼ਾਦ ਵੰਡਿਆ ਕਰਦਾ ਸੀ। ਮੇਰੇ ਯਾਦ ਹੈ ਕਿ ਉਹ ਘਰ ਦਾ ਕੋਈ ਕੰਮ ਨਹੀਂ ਸੀ ਕਰਦਾ, ਸਦਾ ਹੀ ਗੁਰੂ ਸੇਵਾ ਵਿਚ ਤਤਪਰ ਰਹਿੰਦਾ ਸੀ। ਐਨੀ ਸੇਵਾ ਕਰਨ ਦੇ ਬਾਵਜੂਦ ਭੀ ਉਸਦੀ ਸੇਵਾ ਥਾਂ ਨਾ ਪਈ ਅਤੇ ਉਸਨੂੰ ਇਸ ਤਮੋਗੁਣ ਜੂਨੀ ਵਿਚ ਪ੍ਰਵੇਸ਼ ਕਰਕੇ ਰਿੱਛ ਦੀ ਜੂਨੀ ਭੋਗਣੀ ਪਈ। ਜੇ ਤੁਹਾਡੀਆਂ ਸੇਵਾਵਾਂ ਕਰਨ ਦਾ ਇਹੋ ਫਲ ਹੈ ਤਾਂ ਮੈਂ ਤਾਂ ਬਾਂਦਰ ਜ਼ਰੂਰ ਬਣਾਂਗਾ। ਮੇਰਾ ਪਿਤਾ ਰਿੱਛ ਬਣਿਆਂ, ਮੈਂ ਬਾਂਦਰ ਬਣ ਜਾਵਾਂਗਾ। ਇਹ ਗੱਲ ਸਾਰੇ ਸਰੋਤਿਆਂ ਦਾ ਧਿਆਨ ਕੇਂਦਰਤ ਕਰਕੇ, ਗੁਰੂ ਮਹਾਰਾਜ ਦੇ ਬਚਨਾਂ ਵਲ ਆ ਗਈ। ਆਪ ਨੇ ਸਹਿਜੇ ਹੀ ਫੁਰਮਾਨ ਕੀਤਾ ਕਿ ਭਾਈ ਕੀਰਤੀਆ! ਸੇਵਾ, ਜੇ ਬਿਧੀ ਪੂਰਬਕ ਕੀਤੀ ਜਾਵੇ ਤਾਂ ਥਾਂ ਪਿਆ ਕਰਦੀ ਹੈ –

*ਸਾ ਸੇਵਾ ਕੀਤੀ ਸਫਲ ਹੈ*
*ਜਿਤੁ ਸਤਿਗੁਰ ਕਾ ਮਨੁ ਮੰਨੇ॥*
*ਜਾ ਸਤਿਗੁਰ ਕਾ ਮਨੁ ਮੰਨਿਆ*
*ਤਾ ਪਾਪ ਕਸੰਮਲ ਭੰਨੇ॥* *ਪੰਨਾ - 314*

ਆਪਣੇ ਤਨ ਮਨ ਨੂੰ ਗੁਰੂ ਅੱਗੇ ਭੇਟ ਕਰਕੇ, ਸੇਵਾ ਕਰਨੀ ਸਫਲ ਹੋਇਆ ਕਰਦੀ ਹੈ ਜਿਵੇਂ ਕਿ –

*ਹਸਤੀ ਸਿਰਿ ਜਿਉ ਅੰਕਸੁ ਹੈ*
*ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ*
*ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ*
*ਸਭੁ ਰਾਜੁ ਸ੍ਰਿਸਟਿ ਕਾ ਲੇਇ॥*
*ਨਾਨਕ ਗੁਰਮੁਖਿ ਬੁਝੀਐ*
*ਜਾ ਆਪੇ ਨਦਰਿ ਕਰੇਇ॥* *ਪੰਨਾ - 648*

ਜੇ ਇਸ ਦੇ ਵਿਪਰੀਤ ਹਉਮੈ ਵਿਚ ਸੇਵਾ ਕੀਤੀ ਜਾਵੇ ਕਿ ਮੈਂ ਸੇਵਾ ਕਰਦਾ ਹਾਂ, ਮੇਰੇ ਬਿਨਾਂ ਇਹ ਸੇਵਾ ਕੋਈ ਨਹੀਂ ਕਰ ਸਕਦਾ ਤਾਂ ਉਹ ਸੇਵਾ ਸੁਖ ਤੇ ਸ਼ਾਂਤੀ ਨਹੀਂ ਦਿਆ ਕਰਦੀ, ਉਸਦੀ ਥਾਂ ਤੇ ਆਦਮੀ ਦੇ ਮਨ ਵਿਚ ਤਮੋ ਗੁਣ ਪੈਦਾ ਹੋ ਜਾਂਦਾ ਹੈ। (ਬਹੁਤ ਸਾਰੇ ਪ੍ਰੇਮੀ ਬਹੁਤ ਮਿਹਨਤ ਕਰਕੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਂਦੇ ਹਨ ਅਤੇ ਬਹੁਤ ਪ੍ਰਸੰਸਾ ਪ੍ਰਾਪਤ ਕਰਦੇ ਹਨ ਪਰ ਜਦੋਂ ਗੁਰਦੁਆਰੇ ਦੀ ਸੰਭਾਲ ਲਈ ਬਣੀ ਹੋਈ ਕਮੇਟੀ ਦੀ ਚੋਣ ਹੁੰਦੀ ਹੈ, ਜੇ ਉਹ ਇਸ ਵਿਚ ਨਾ ਆ ਸਕਣ ਤੇ ਹੋਰ ਹੀ ਪ੍ਰੇਮੀ ਪ੍ਰਧਾਨ ਸਕੱਤਰ ਬਣ ਜਾਣ ਤਾਂ ਉਨ੍ਹਾਂ ਦੇ ਮਨ ਉਤੇ ਐਸੀ ਸੱਟ ਲਗਦੀ ਹੈ ਕਿ ਅਸੀਂ ਤਾਂ ਘਰ ਦੇ ਕੰਮ ਛੱਡ-ਛੱਡ ਕੇ ਸੇਵਾ ਕਰਦੇ ਰਹੇ ਹਾਂ ਤੇ ਉਹ ਦੁਖੀ ਹੋ ਜਾਂਦੇ ਹਨ। ਇਥੋਂ ਤੱਕ ਵੀ ਦੇਖਿਆ ਗਿਆ ਹੈ ਕਿ ਉਹ ਗੁਰਦੁਆਰਾ ਸਾਹਿਬ ਜਾਣਾ ਹੀ ਛੱਡ ਦਿੰਦੇ ਹਨ।) ਅਜਿਹੀ ਸੇਵਾ ਨੂੰ ਹਉਮੈ ਵਿਚ ਕੀਤੀ ਹੋਈ ਸੇਵਾ ਕਿਹਾ ਜਾਂਦਾ ਹੈ ਜਿਸ ਬਾਰੇ ਹੁਕਮ ਹੈ –

*ਵਿਚਿ ਹਉਮੈ ਸੇਵਾ ਥਾਇ ਨ ਪਾਏ॥*
*ਜਨਮਿ ਮਰੈ ਫਿਰਿ ਆਵੈ ਜਾਏ॥*
*ਸੋ ਤਪੁ ਪੂਰਾ ਸਾਈ ਸੇਵਾ ਜੋ*
*ਹਰਿ ਮੇਰੇ ਮਨਿ ਭਾਣੀ ਹੇ॥* *ਪੰਨਾ - 1070*

ਸੇਵਾ ਉਸੇ ਦੀ ਥਾਂ ਪੈਂਦੀ ਹੈ ਜੋ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ। ਉਸਦੀ ਸੇਵਾ ਕਰਨ ਨਾਲ ਅੰਦਰਲਾ ਹਨ੍ਹੇਰਾ ਦੂਰ ਹੋ ਜਾਇਆ ਕਰਦਾ ਹੈ ਅਤੇ ਅੰਦਰ ਜੋਤ ਜਗ ਜਾਂਦੀ ਹੈ, ਅਨਹਦ ਸ਼ਬਦ ਦੀ ਧੁਨ ਵਿਚ ਮਸਤ ਹੋਇਆ ਸਦਾ ਹੀ ਖਿੜਿਆ ਰਹਿੰਦਾ ਹੈ ਅਤੇ ਅੰਤ ਅਜਿਹੇ ਗੁਰਸਿੱਖ ਨੂੰ ਗੁਰੂ ਉਪਦੇਸ਼ ਦੇ ਕੇ ਪਾਰਬ੍ਰਹਮ ਨਾਲ ਅਭੇਦ ਕਰਾ ਦਿੰਦਾ ਹੈ –

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥*
*ਪੰਨਾ - 287*

ਉਸ ਵੇਲੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਕਿ ਸਾਧਸੰਗਤ ਜੀ! ਇਸ ਦਾ ਪਿਤਾ ਸੇਵਾ ਕਰਦਾ ਸੀ। ਉਸ ਵਿਚ ਦੋਸ਼ ਸੀ, ਉਹ ਸੇਵਾ ਦੇ ਵਿਚ ਐਨਾ ਅਭਿਮਾਨੀ ਹੋ ਗਿਆ ਸੀ ਕਿ ਉਸਦੇ ਅੰਦਰੋਂ ਨਿੰਮਰਤਾ ਖਤਮ ਹੋ ਗਈ ਲਗਦੀ ਸੀ। ਉਹ ਗੁਰਬਾਣੀ ਦੇ ਆਦੇਸ਼ ਦੇ ਬਿਪ੍ਰੀਤ ਮੁਖ ਤੋਂ ਫਿੱਕੀਆਂ ਗੱਲਾਂ ਕਹਿੰਦਾ ਸੀ।

ਇਕ ਵਾਰੀ ਅਜਿਹਾ ਹੋਇਆ ਕਿ ਇਕ ਗੁਰਸਿੱਖ ਆਪਣੀ ਕਿਰਤ ਕਮਾਈ ਵਿਚੋਂ ਗੁਰੂ ਕੇ ਲੰਗਰ ਲਈ ਦਾਣੇ, ਮਿੱਠਾ ਅਤੇ ਹੋਰ ਵਸਤੂਆਂ ਲੈ ਕੇ ਆ ਰਿਹਾ ਸੀ। ਜਦੋਂ ਉਹ ਗੁਰੂ ਦਰਬਾਰ ਅੱਗਿਓਂ ਲੰਘਣ ਲੱਗਿਆ ਤਾਂ ਗੱਡਾ ਖੜ੍ਹਾ ਕਰਕੇ ਕਾਹਲੀ ਨਾਲ ਅੰਦਰ ਆਇਆ ਕਿ ਮੈਂ ਗੁਰੂ ਮਹਾਰਾਜ ਜੀ ਦਾ ਸ਼ੀਤ ਪ੍ਰਸ਼ਾਦ ਲੈ ਲਵਾਂ। ਇਹ ਭਾਈ ਸੋਭਾ ਰਾਮ ਪ੍ਰਸ਼ਾਦ ਵੰਡ ਰਿਹਾ ਸੀ, ਇਸ ਕਿਰਤੀ ਸਿੰਘ ਦਾ ਨਾਮ ਭਾਈ ਧੰਨਾ ਸੀ ਜੋ ਧਿਆਨ ਸਿੱਧ ਹੋ ਚੁਕਿਆ ਸੀ ਤੇ ਹਰ ਵਕਤ ਅੰਦਰ ਬਾਹਰ ਗੁਰੂ ਦੇ ਦਰਸ਼ਨਾਂ ਵਿਚ ਲਿਵਲੀਨ ਰਿਹਾ ਕਰਦਾ ਸੀ। ਕਰਨੀ ਕਮਾਈ ਵਾਲਾ ਗੁਰਸਿੱਖ ਘਾਲ ਕਮਾਈ ਕਰਕੇ ਅਭੇਦਤਾ ਦੀ ਅਵਸਥਾ ਵਿਚ ਗੁਰੂ ਕ੍ਰਿਪਾ ਨਾਲ ਪੁਜਿਆ ਹੋਇਆ ਸੀ ਅਤੇ ਉਸਦੀ ਰਸਨਾ ਦੇ ਉਪਰ ਸਦਾ ਹੀ ਗੁਰੂ ਵਸਦਾ ਸੀ –

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*
*ਪੰਨਾ - 263*

ਉਸ ਨੇ ਆ ਕੇ ਬੇਨਤੀ ਕੀਤੀ ਕਿ ਗੁਰਮੁਖ ਪਿਆਰਿਓ! ਮੇਰੇ ਬੈਲ ਗੱਡਾ ਲੈ ਕੇ ਤੁਰ ਰਹੇ ਹਨ, ਰੁਕੇ ਨਹੀਂ; ਕਿਤੇ ਅਜਿਹਾ ਨਾ ਹੋਵੇ ਕਿ ਮੇਰਾ ਗੱਡਾ ਖੱਡੇ ਵਿਚ ਗਿਰ ਕੇ ਪਾਸ ਮਾਰ ਜਾਵੇ। ਮੈਨੂੰ ਮਾਫ ਕਰਨਾ, ਮੈਂ ਪ੍ਰਸ਼ਾਦ ਦੀ ਮੰਗ ਇਸ

ਕਰਕੇ ਛੇਤੀਂ ਕਰ ਰਿਹਾ ਹਾਂ। ਉਸ ਗੁਰਸਿੱਖ ਦਾ ਦਾਹੜਾ ਤੇ ਸਾਰੇ ਵਸਤਰ ਧੂੜ ਨਾਲ ਐਨੇ ਲੱਥ-ਪੱਥ ਹੋ ਚੁੱਕੇ ਸਨ ਕਿ ਪਹਿਚਾਨਿਆ ਵੀ ਨਹੀਂ ਜਾਂਦਾ ਸੀ। ਭਾਈ ਸੋਭਾ ਰਾਮ ਉਸਦੀ ਬੇਨਤੀ ਸੁਣ ਕੇ ਕੁਝ ਖਿਝ ਗਿਆ ਉਹ ਉਸ ਥਾਂ ਨੂੰ ਛੱਡ ਕੇ ਦੂਜੇ ਪਾਸੇ ਪ੍ਰਸ਼ਾਦ ਵੰਡਣ ਲੱਗ ਗਿਆ। ਇਹ ਵੀ ਉਠ ਕੇ ਦੂਜੇ ਪਾਸੇ ਚਲਾ ਗਿਆ ਤੇ ਪਹਿਲਾਂ ਵਾਲੀ ਬੇਨਤੀ ਫੇਰ ਕਰਨ ਲੱਗਿਆ ਤਾਂ ਸੋਭਾ ਰਾਮ ਨੇ ਅਭਿਮਾਨ ਵਿਚ ਆਏ ਹੋਏ ਨੇ ਬਹੁਤ ਹੀ ਨਿਰਾਦਰ ਭਰੇ ਬਚਨ ਬੋਲੇ ਤੇ ਕਿਹਾ, "ਓ ਰਿੱਛਾ! ਓ ਰਿੱਛਾ! ਕਿਉਂ ਛਲਾਂਗਾਂ ਮਾਰਦਾ ਹੈਂ? ਧੂਸ ਜਿਹੇ ਨੂੰ ਇਹ ਵੀ ਨਹੀਂ ਪਤਾ ਕਿ ਪ੍ਰਸ਼ਾਦ ਬੈਠ ਕੇ ਲਈਦਾ ਹੈ।" ਭਾਈ ਧੰਨੇ ਨੇ ਉਸ ਵੱਲ ਵੇਖਿਆ ਤੇ ਬੇਨਤੀ ਕੀਤੀ ਕਿ ਗੁਰੂ ਦਾ ਹੁਕਮ ਹੈ –

*ਨਾਨਕ ਫਿਕਾ ਬੋਲੀਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ*
*ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*
*ਪੰਨਾ - 473*

ਅਤੇ ਬਾਣੀ ਵਿਚ ਇਹ ਵੀ ਫੁਰਮਾਇਆ ਹੈ ਕਿ –

*ਇਕੁ ਫਿਕਾ ਨ ਗਾਲਾਇ ਸਭਨਾ ਮੈ*
*ਸਚਾ ਧਣੀ॥*
*ਹਿਆਉ ਨ ਕੈਹੀ ਠਾਹਿ*
*ਮਾਣਕ ਸਭ ਅਮੋਲਵੇ॥ ਪੰਨਾ - 1384*

ਗੁਰੂ ਦੇ ਹਰ ਵਕਤ ਸਨਮੁਖ ਰਹਿ ਕੇ ਤੇਰੀ ਰਸਨਾ ਵਿਚ ਮਿਠਾਸ ਕਿਉਂ ਨਹੀਂ ਆਈ? ਮੈਨੂੰ ਤੇਰੇ ਨਿਰਾਦਰੀ ਭਰੇ ਵਾਕਾਂ ਨਾਲ ਕੋਈ ਖੇਦ ਨਹੀਂ ਹੋਇਆ **ਪਰ ਪਿਆਰਿਆ! ਤੂੰ ਰਿੱਛ ਜ਼ਰੂਰ ਬਣੇਂਗਾ।** ਗੁਰਮੁਖ ਦਾ ਅਮੋਘ ਬਾਣ ਚਲ ਗਿਆ। ਸੋਭਾ ਰਾਮ ਦੇ ਹਿਰਦੇ ਵਿਚ ਕੁਝ ਧੁਕ-ਧੁਕੀ ਲੱਗਣ ਲਗ ਗਈ ਕਿ ਅਜਿਹੇ ਭੋਲੇ-ਭਾਲੇ ਗੁਰਸਿੱਖਾਂ ਦੇ ਬਚਨ ਕਦੇ ਵੀ ਨਿਹਫਲ ਨਹੀਂ ਹੁੰਦੇ। ਕਿਤੇ ਐਸਾ ਨਾ ਹੋਵੇ ਕਿ ਮੈਂ ਸਚਮੁਚ ਰਿੱਛ ਹੀ ਨਾ ਬਣ ਜਾਵਾਂ। ਬਾਰ-ਬਾਰ ਉਸਦੇ ਕੰਨਾਂ ਵਿਚ ਗੁਰਸਿੱਖ ਦੇ ਬਚਨ ਗੂੰਜ ਰਹੇ ਸਨ ਕਿ ਤੂੰ ਰਿੱਛ ਜ਼ਰੂਰ ਬਣੇਂਗਾ। ਸੇਵਾ ਤੋਂ ਵਿਹਲੇ ਹੋ ਕੇ ਸਮਾਂ ਪਾ ਕੇ ਗੁਰੂ ਤੇਗ ਬਹਾਦਰ ਜੀ ਦੇ ਹਜ਼ੂਰ ਬੇਨਤੀ ਕੀਤੀ ਕਿ ਮਹਾਰਾਜ! ਮੈਥੋਂ ਅੱਜ ਇਕ ਭੁੱਲ ਹੋ ਗਈ ਹੈ, ਮੈਂ ਇਕ ਗੁਰਸਿੱਖ ਨੂੰ ਪ੍ਰਸ਼ਾਦ ਵੰਡਦਿਆਂ ਕੁਝ ਫਿੱਕੇ ਬੋਲ ਬੋਲੇ ਅਤੇ ਕਿਹਾ ਕਿ ਰਿੱਛਾ! ਕਿਉਂ ਛਲਾਂਗਾਂ ਮਾਰਦਾ ਹੈਂ। ਸੱਚੇ ਪਾਤਸ਼ਾਹ! ਉਸਨੇ ਧਰਤੀ ਤੇ ਡਿੱਗਿਆ ਇਕ ਪ੍ਰਸ਼ਾਦ ਦਾ ਕਿਣਕਾ ਮੂੰਹ ਵਿਚ ਪਾ ਲਿਆ ਤੇ ਬਚਨ ਕਰ ਦਿਤਾ ਕਿ ਗੁਰੂ ਪਿਆਰਿਆ! ਤੂੰ ਰਿੱਛ ਦੀ ਜੂਨੀ ਵਿਚ ਜ਼ਰੂਰ ਪਵੇਂਗਾ। ਜਦੋਂ ਮੈਂ ਉਸ ਦੇ ਬਾਰੇ ਪਤਾ ਕੀਤਾ ਤਾਂ ਸੰਗਤ ਵਿਚੋਂ ਮੈਨੂੰ ਦੱਸਿਆ ਕਿ ਉਹ ਤਾਂ ਭਾਈ ਧੰਨਾ ਸੀ ਜੋ ਹਰ ਸਮੇਂ ਗੁਰੂ ਧਿਆਨ ਵਿਚ ਲੀਨ ਰਹਿੰਦਾ ਹੈ ਤੇ ਸਿੱਧ ਪੁਰਸ਼ ਹੈ। ਉਸ ਦੇ ਸਾਹਮਣਿਓਂ ਕਦੇ ਵੀ ਗੁਰੂ ਦਾ ਸਰੂਪ ਓਹਲੇ ਨਹੀਂ ਹੁੰਦਾ। ਜਦੋਂ ਗੁਰੂ ਮਹਾਰਾਜ ਜੀ ਨੇ ਬਚਨ ਸੁਣਿਆ, ਅੰਤਰ ਧਿਆਨ ਹੋ ਕੇ ਵੇਖਿਆ ਤਾਂ ਫੁਰਮਾਇਆ ਕਿ ਭਾਈ ਸੋਭਾ ਰਾਮ ਕੁਝ ਸਮਾਂ ਤੈਨੂੰ ਰਿੱਛ ਦੀ ਜੋਨੀ ਜ਼ਰੂਰ ਹੀ ਭੋਗਣੀ ਪਵੇਗੀ। ਸੋਭਾ ਰਾਮ! ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਉਹ ਇਕ ਸਿੱਖ ਹੈ, ਤੁਸੀਂ ਸਰਬ ਕਲਾ ਸਮਰੱਥ ਸਤਿਗੁਰੂ ਹੋਂ, ਤੁਸੀਂ ਉਸ ਦੇ ਬਚਨ ਨੂੰ ਬਦਲਣ ਲਈ ਪੂਰੀ ਤਰ੍ਹਾਂ ਸਮਰੱਥ ਹੋ, ਆਪ ਉਸ ਦਾ ਬਚਨ ਬਦਲ ਦੇਵੋ। ਤਾਂ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਭਾਈ ਗੁਰਸਿੱਖਾ! ਇਹ ਆਦਿ ਜੁਗਾਦਿ ਤੋਂ ਰੀਤ ਚਲੀ ਆ ਰਹੀ ਹੈ ਕਿ ਪ੍ਰਮੇਸ਼ਰ ਆਪਣੇ ਪਿਆਰਿਆਂ ਦਾ ਕੀਤਾ ਹੋਇਆ ਹਰ ਹਾਲਤ ਵਿਚ ਮੰਨਦਾ ਹੈ –

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ॥*
*ਤਿਨ ਕੀ ਸੋਭਾ ਸਭਨੀ ਥਾਈ*
*ਜਿਨ ਪ੍ਰਭ ਕੇ ਚਰਣ ਪਰਾਤੇ॥*
*ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ॥*
*ਭਗਤਾ ਬਣਿ ਆਈ ਪ੍ਰਭ ਅਪਨੇ ਸਿਉ*
*ਜਲਿ ਥਲਿ ਮਹੀਅਲਿ ਸੋਈ॥ ਪੰਨਾ - 748*

ਗੁਰੂ ਪਿਆਰੇ ਜੋ ਸਦਾ ਹੀ ਗੁਰੂ ਵਿਚ ਲੀਨ ਰਹਿੰਦੇ ਹਨ ਗੁਰੂ ਉਨ੍ਹਾਂ ਦੀ ਰਸਨਾ ਤੇ ਵਸਦਾ ਹੈ। ਗੁਰਸਿੱਖਾਂ ਨੂੰ ਤਾਂ ਇਹ ਅਧਿਕਾਰ ਹੈ ਕਿ ਗੁਰੂ ਮਾਰਿਆਂ ਨੂੰ ਉਹ ਬਖਸ਼ਾ ਲੈਂਦੇ ਹਨ। ਜਿਵੇਂ ਭਾਈ ਲੱਧਾ ਪਰਉਪਕਾਰੀ ਜੀ ਨੇ ਸੱਤਾ ਬਲਵੰਡਾ ਨੂੰ ਗੁਰੂ ਪੰਜਵੇਂ ਪਾਤਸ਼ਾਹ ਜੀ ਤੋਂ ਬਖਸ਼ਵਾਇਆ ਪਰ ਗੁਰੂ, ਸਿੱਖ ਦੇ ਮਾਰੇ ਹੋਏ ਨੂੰ ਨਹੀਂ ਬਖਸ਼ਿਆ ਕਰਦਾ। ਸਿੱਖ ਦੇ ਬਚਨ ਨੂੰ ਕਦੇ ਵੀ ਨਿਹਫਲ ਨਹੀਂ ਕਰਦਾ।

ਤੂੰ ਸੁਣਿਆ ਹੀ ਹੈ, ਗੁਰੂ ਪੰਜਵੇਂ ਮਹਾਰਾਜ ਦਾ ਲਾਹੌਰ ਤੋਂ ਇਕ ਸਿੱਖ ਬੁੱਧੂ ਬੇਨਤੀ ਕਰਦਾ ਹੈ ਕਿ ਮਹਾਰਾਜ! ਮੇਰਾ ਕਾਰੋਬਾਰ ਕੁਝ ਮੰਦਾ ਹੈ, ਮੇਰੀ ਮੰਦੀ ਪਰਾਲਬਧ ਨੂੰ ਦੂਰ ਕਰੋ। ਮੈਂ ਇੱਟਾਂ ਪਕਾਉਣ ਦਾ ਕੰਮ ਕਰਦਾ ਹਾਂ, ਸਦਾ ਹੀ ਦਸਵੰਧ ਗੁਰੂ ਨਮਿਤ ਕੱਢਦਾ ਹਾਂ। ਫੇਰ ਵੀ ਮੇਰਾ ਕੰਮ ਬਹੁਤ ਹੀ ਮੰਦਾ ਰਹਿੰਦਾ ਹੈ, ਮੇਰੀ ਮੰਦ ਪਰਾਲਬਧ ਨੂੰ ਬਦਲ ਕੇ ਤੀਬਰ ਤਮ ਤਰ ਪਰਾਲਬਧ ਵਿਚ ਬਦਲ ਦੇਵੋ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰਿਆ! ਸੁਖਮਨੀ ਸਾਹਿਬ ਦੇ ਅੰਦਰ ਤੂੰ ਪੜ੍ਹਿਆ ਹੀ ਹੈ ਕਿ –

*ਚਾਰਿ ਪਦਾਰਥ ਜੇ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*
*ਜੇ ਕੋ ਆਪੁਨਾ ਦੂਖੁ ਮਿਟਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ॥*
*ਜੇ ਕੋ ਅਪੁਨੀ ਸੋਭਾ ਲੋਰੈ॥*
*ਸਾਧਸੰਗਿ ਇਹ ਹਉਮੈ ਛੋਰੈ॥*
*ਜੇ ਕੋ ਜਨਮ ਮਰਣ ਤੇ ਡਰੈ॥*
*ਸਾਧ ਜਨਾ ਕੀ ਸਰਨੀ ਪਰੈ॥*
*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥*
*ਨਾਨਕ ਤਾ ਕੈ ਬਲਿ ਬਲਿ ਜਾਸਾ॥*
*ਪੰਨਾ - 266*

ਤੂੰ ਇਸ ਤਰ੍ਹਾਂ ਕਰ, ਗੁਰਸਿਖਾਂ ਨੂੰ ਆਪਣੇ ਘਰ ਬੁਲਾ, ਪ੍ਰਸ਼ਾਦਾ ਛਕਾ, ਫੇਰ ਅਰਦਾਸ ਕਰਾ, ਤੇਰਾ ਕਾਰੋਬਾਰ ਚਲ ਜਾਵੇਗਾ। ਉਸਨੇ ਗੁਰੂ ਮਹਾਰਾਜ ਦੇ ਆਦੇਸ਼ ਦੇ ਮੁਤਾਬਿਕ ਗੁਰੂ ਸੰਗਤਾਂ ਨੂੰ ਲੰਗਰ ਛਕਣ ਵਾਸਤੇ ਬੁਲਾਇਆ। ਜਦੋਂ ਸਾਰੇ ਗੁਰਸਿੱਖ ਆ ਗਏ ਤਾਂ ਉਸ ਨੇ ਵਿਹੜੇ ਦਾ ਦਰਵਾਜ਼ਾ ਬੰਦ ਕਰ ਦਿਤਾ। ਸੰਗਤ ਪ੍ਰਸ਼ਾਦਾ ਛਕਣ ਲੱਗੀ ਤਾਂ ਥੋੜ੍ਹਾ

ਸਮਾਂ ਹੋਣ ਪਿਛੋਂ ਇਕ ਅਭੇਦ ਅਵਸਥਾ ਦਾ ਗੁਰਸਿੱਖ ਭਾਈ ਲੱਖੂ ਦਰਵਾਜ਼ੇ ਤੇ ਆ ਗਿਆ ਤੇ ਉਸ ਨੇ ਆਵਾਜ਼ ਦੇ ਕੇ ਕਿਹਾ ਕਿ ਭਾਈ ਬੁੱਧੂ! ਦਰਵਾਜ਼ਾ ਖੋਲ੍ਹੋ, ਮੈਨੂੰ ਅੱਜ ਬਹੁਤ ਭੁੱਖ ਲੱਗੀ ਹੋਈ ਹੈ। ਭਾਈ ਬੁੱਧੂ ਜੀ ਇਸ ਦਾ ਬੇ-ਵਕਤ ਆਉਣ ਤੋਂ ਕੁਝ ਖਿਝ ਗਏ। ਨਾ ਹੀ ਉਨ੍ਹਾਂ ਨੇ ਦਰਵਾਜ਼ਾ ਖੋਲ੍ਹਿਆ ਤੇ ਨਾ ਹੀ ਉਨ੍ਹਾਂ ਦੀ ਭੁੱਖ ਦੀ ਤ੍ਰਿਪਤੀ ਕੀਤੀ। ਭਾਈ ਲੱਖੂ ਜੀ ਨੂੰ ਕੋਰਾ ਜਵਾਬ ਦੇ ਦਿਤਾ ਕਿ ਹੁਣ ਪ੍ਰਸ਼ਾਦਾ ਵਰਤ ਚੁਕਿਆ ਹੈ। ਦੂਜੇ ਪਾਸੇ ਸੰਗਤ ਨੇ ਪ੍ਰਸ਼ਾਦ ਛਕ ਕੇ, ਚੂਲਾ ਪੜ੍ਹ ਕੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ! ਤੁਸੀਂ ਸੰਗਤ ਵਿਚ ਆਪ ਵਸਦੇ ਹੋਂ, ਸੰਗਤ ਅਰਦਾਸ ਕਰਦੀ ਹੈ ਕਿ ਬੁੱਧੂ ਦੇ ਆਵੇ ਪੱਕ ਜਾਣ। ਜਦੋਂ ਇਹ ਗੱਲ ਭਾਈ ਲੱਖੂ ਨੇ ਵੀ ਸੁਣੀ ਤਾਂ ਉਸਨੇ ਕਿਹਾ, "ਕੱਚੇ ਰਹਿਣਗੇ - ਕੱਚੇ ਰਹਿਣਗੇ - ਕੱਚੇ ਰਹਿਣਗੇ। ਬੁੱਧੂ ਦੇ ਆਵੇ ਕੱਚੇ ਰਹਿਣਗੇ।" ਜਦੋਂ ਭਾਈ ਬੁੱਧੂ ਨੇ ਆਪਣੀਆਂ ਇੱਟਾਂ ਦਾ ਆਵਾ ਪੱਕਣ ਤੇ ਵੇਖਿਆ ਤਾਂ ਹੈਰਾਨ ਰਹਿ ਗਿਆ ਕਿ ਸਭ ਕੁਝ ਪੂਰੀ ਵਿਧੀ ਦੇ ਨਾਲ ਹੋਣ ਦੇ ਬਾਵਜੂਦ ਇੱਟਾਂ ਪਿੱਲੀਆਂ ਨਿਕਲੀਆਂ। ਤਾਂ ਗੁਰੂ ਚਰਨਾਂ ਵਿਚ ਆ ਗਿਆ ਤੇ ਦੱਸਿਆ ਕਿ ਮਹਾਰਾਜ! ਸੰਗਤ ਨੇ ਅਰਦਾਸ ਵੀ ਕੀਤੀ ਹੈ ਕਿ ਆਵਾ ਪੱਕ ਜਾਵੇ, ਪੂਰੀ ਵਿਧੀ ਨਾਲ ਪ੍ਰਸ਼ਾਦਾ ਛਕਾ ਕੇ ਸਭਨਾਂ ਦਾ ਯਥਾਯੋਗ ਸਤਿਕਾਰ ਕੀਤਾ ਸੀ, ਵਸਤਰ ਭੇਟ ਕੀਤੇ ਸਨ। ਸੱਚੇ ਪਾਤਸ਼ਾਹ ਮੈਨੂੰ ਸਮਝ ਨਹੀਂ ਆ ਰਿਹਾ, ਆਪ ਦੇ ਬਚਨ ਹੋਣ ਦੇ ਬਾਵਜੂਦ ਵੀ ਆਵਾ ਕੱਚਾ ਨਿਕਲਿਆ। ਪੰਜਵੇਂ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਭਾਈ ਗੁਰਸਿਖਾ! ਤੇਰੇ ਤੋਂ ਕੋਈ ਬਹੁਤ ਵੱਡੀ ਭੁੱਲ ਹੋਈ ਹੈ। ਤੂੰ ਕਿਸੇ ਗੁਰਸਿੱਖ ਨੂੰ ਭੁੱਖਾ ਰੱਖਿਆ ਹੈ, ਉਹ ਤੇਰੀ ਸੇਵਾ ਵਿਚ ਵਿਘਨ ਪੈ ਗਿਆ। ਉਸ ਵੇਲੇ ਉਸ ਦੇ ਯਾਦ ਆ ਗਿਆ ਤੇ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਇਕ ਲਟਬਉਰਾ ਜਿਹਾ ਸਿੱਖ ਜੋ ਪਹਿਲਾਂ ਡਾਕੇ ਮਾਰਿਆ ਕਰਦਾ ਸੀ, ਹੁਣ ਐਵੇਂ ਮਸਤਾਨੀ ਹਾਲਤ ਵਿਚ ਫਿਰਦਾ ਰਹਿੰਦਾ ਹੈ, ਉਸ ਸਮੇਂ ਜਦੋਂ ਅਰਦਾਸ ਹੋ ਰਹੀ ਸੀ ਤਾਂ ਸੰਗਤ ਨੇ ਕਿਹਾ ਕਿ ਆਵਾ ਪੱਕਾ ਨਿਕਲੇ ਪਰ ਉਸਨੇ ਤਿੰਨ ਵਾਰੀ ਕਿਹਾ, "ਕੱਚਾ ਨਿਕਲੇਗਾ-ਕੱਚਾ ਨਿਕਲੇਗਾ-ਕੱਚਾ ਨਿਕਲੇਗਾ।" ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਗੁਰਸਿੱਖਾ! ਉਹ ਗੁਰਸਿੱਖ ਅਭੇਦ ਅਵਸਥਾ ਦਾ ਹੈ, ਉਹ ਸਦਾ ਹੀ ਸਾਡੇ ਸਰੂਪ ਵਿਚ ਲੀਨ ਰਹਿੰਦਾ ਹੈ। ਗੁਰੂ ਅਜਿਹੇ ਸਿੱਖਾਂ ਦੀ ਰਸਨਾ ਤੇ ਵਾਸਾ ਕਰਦਾ ਹੈ, ਉਸਦੇ ਬਚਨ ਮੇਰੇ ਹੀ ਬਚਨ ਸਨ। ਮੈਂ ਕਿਸੇ ਹਾਲਤ ਵਿਚ ਵੀ ਆਪਣੇ ਗੁਰਸਿੱਖ ਦਾ ਬਚਨ ਨਿਹਫਲ ਨਹੀਂ ਕਰ ਸਕਦਾ। ਗੁਰਬਾਣੀ ਵਿਚ ਫੁਰਮਾਨ ਹੈ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੇ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ*
*ਜਬਾਬੁ ਨ ਹੋਇ॥* *ਪੰਨਾ - 1253*

ਅਭੇਦ ਅਵਸਥਾ ਦੇ ਗੁਰਸਿੱਖ ਮੇਰਾ ਜੀਵਨ ਹਨ ਅਤੇ ਮੇਰਾ ਹੀ ਰੂਪ ਹੋਇਆ ਕਰਦੇ ਹਨ, ਗੁਰੂ ਉਸਦਾ ਬਚਨ ਤਾਂ ਨਿਹਫਲ ਨਹੀਂ ਕਰ ਸਕਦਾ ਪਰ ਤੈਨੂੰ ਘਾਟਾ ਨਹੀਂ ਰਹਿਣਾ, ਤੇਰੀਆਂ ਪਿੱਲੀਆਂ ਇੱਟਾਂ ਪੱਕੀਆਂ ਤੋਂ ਵੀ ਮਹਿੰਗੀਆਂ ਵਿਕਣਗੀਆਂ। ਕਹਿਣ ਲੱਗੇ, "ਦੇਖ, ਦਰਬਾਸ਼ਾ ਰਿਸ਼ੀ ਨੇ ਬਚਨ ਕਰ ਦਿਤਾ ਸੀ, ਜਦੋਂ ਬੱਚਿਆਂ ਨੇ ਕਪਟ ਕਰਕੇ ਇਕ ਲੜਕੇ ਦੇ ਪੇਟ ਤੇ ਬਾਟੀ ਮੂਧੀ ਮਾਰ ਕੇ, ਬੰਨ੍ਹ ਕੇ, ਇਸਤ੍ਰੀਆਂ ਵਾਲੇ ਕੱਪੜੇ ਪੁਆ ਕੇ ਪੁਛਿਆ ਸੀ ਕਿ ਇਸਦੇ ਕੀ ਔਲਾਦ ਹੋਵੇਗੀ? ਤਾਂ ਰਿਸ਼ੀ ਨੇ ਬਚਨ ਕਰ ਦਿਤਾ ਕਿ ਇਹਦੇ ਉਹ ਪੈਦਾ ਹੋਵੇਗਾ ਜੋ ਤੁਹਾਡੀ ਕੁਲ ਦਾ ਨਾਸ਼ ਕਰੇਗਾ। ਇਸ ਸਰਾਪ ਨੂੰ ਬਖਸ਼ਾਉਣ ਲਈ ਬੱਚਿਆਂ ਨੇ ਬਹੁਤ ਬੇਨਤੀਆਂ ਕ੍ਰਿਸ਼ਨ ਮਹਾਰਾਜ ਜੀ ਨੂੰ ਕੀਤੀਆਂ ਤਾਂ ਉਨ੍ਹਾਂ ਨੇ ਕਿਹਾ ਕਿ ਰੱਬ ਆਪਣੇ ਭਗਤਾਂ ਦਾ ਕੀਤਾ ਹੋਇਆ ਨਹੀਂ ਬਦਲ ਸਕਦਾ।

ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਭਾਈ ਸੋਭਾ ਰਾਮ ਨੂੰ ਕਹਿ ਰਹੇ ਹਨ ਕਿ ਗੁਰਸਿਖਾ! ਤੂੰ ਹਉਮੈ ਵਿਚ ਆ ਕੇ ਸੇਵਾ ਕਰਦਾ ਹੈਂ ਅਤੇ ਗੁਰਬਾਣੀ ਦੇ ਉਲਟ ਤੇਰੀ ਰਸਨਾ ਫਿਕਾ ਬੋਲਦੀ ਹੈ। ਨਿਰਾਦਰ ਭਰੇ ਵਾਕ ਤੂੰ ਅਭੇਦ ਅਵਸਥਾ ਦੇ ਗੁਰਸਿੱਖ ਨੂੰ ਕਹੇ ਹਨ, ਹੁਣ ਤੈਨੂੰ ਰਿੱਛ ਤਾਂ ਜ਼ਰੂਰ ਬਣਨਾ ਪਵੇਗਾ। ਜਦੋਂ ਉਸਨੇ ਬਾਰ-ਬਾਰ ਬੇਨਤੀਆਂ ਕੀਤੀਆਂ ਤਾਂ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਅਸੀਂ ਦਸਵੇਂ ਜਾਮੇ ਵਿਚ ਤੈਨੂੰ ਮੁਕਤ ਕਰ ਦੇਵਾਂਗੇ।

ਇਹ ਬਚਨ ਕਰਕੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਲੰਦਰ ਤੋਂ ਰਿੱਛ ਮੁੱਲ ਮੰਗਿਆ। ਪੈਸੇ ਦੇ ਕੇ ਰਿੱਛ ਲੈ ਲਿਆ, ਹੁਕਮ ਹੋਇਆ ਕਿ ਦੇਗ ਬਣਾ ਕੇ ਲਿਆਵੋ, ਅਰਦਾਸ ਕਰੋ, ਪ੍ਰਸ਼ਾਦ ਵੰਡੋ। ਗੁਰੂ ਮਾਹਾਰਾਜ ਨੇ ਆਪਣੇ ਦਸਤੇ ਮੁਬਾਰਕ ਉਤੇ ਪ੍ਰਸ਼ਾਦ ਲਿਆ ਅਤੇ ਇਕ ਕਿਣਕਾ ਮੁਖ ਵਿਚ ਪਾ ਕੇ ਬਾਕੀ ਦਾ ਉਸ ਰਿੱਛ ਨੂੰ ਪਾ ਦਿਤਾ। ਸ਼ੀਤ ਪ੍ਰਸ਼ਾਦ ਛਕਦੇ ਸਾਰ ਰਿੱਛ ਧੜੰਮ ਕਰਕੇ ਗਿਰ ਗਿਆ ਅਤੇ ਭਾਈ ਸੋਭਾ ਰਾਮ ਦੀ ਰੂਹ ਗੁਰੂ ਮਹਾਰਾਜ ਜੀ ਨੇ ਪ੍ਰਤੱਖ ਕਰਕੇ ਸਾਰੇ ਗੁਰਸਿੱਖਾਂ ਨੂੰ ਵਿਖਾ ਦਿਤੀ। ਉਸ ਨੇ ਵੀ ਗੁਰੂ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਪ੍ਰਲੋਕ ਨੂੰ ਚਲਿਆ ਗਿਆ। ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਪਿਆਰਿਓ! ਗੁਰਬਾਣੀ ਵਿਚ ਜੋ ਆਦੇਸ਼ ਆਇਆ ਹੈ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੇ ਮੋ ਕਉ ਗਹਿ*
*ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*
*ਪੰਨਾ - 1253*

ਗੁਰੂ ਆਪਣੇ ਪਿਆਰਿਆਂ ਗੁਰਸਿੱਖਾਂ ਦੀ ਕੀਤੀ ਹੋਈ ਕਦੇ ਮੋੜਿਆ ਨਹੀਂ ਕਰਦਾ।

ਇਸੇ ਤਰ੍ਹਾਂ ਨਾਲ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਇਕ ਬਹੁਤ ਹੀ ਸੁਲਝਿਆ ਹੋਇਆ ਜੋੜਾ ਜਿਨ੍ਹਾਂ ਦਾ ਨਾਮ ਭਾਈ ਸੋਹਣਾ ਅਤੇ ਬੀਬੀ ਮੋਹਣਾ ਸੀ, ਉਹ ਰਾਏਪੁਰ ਰਾਣੀ ਦੇ ਰਹਿਣ ਵਾਲੇ ਸਨ। ਇਕ ਬੈਰਾਗੀ ਸੰਤ ਨੇ ਉਨ੍ਹਾਂ ਨੂੰ ਪ੍ਰਿਤਮਾ ਦੀ ਪੂਜਾ ਕਰਨ ਲਾ ਦਿਤਾ। ਉਹ ਬਹੁਤ ਹੀ ਸ਼ਰਧਾ ਤੇ ਪਿਆਰ ਨਾਲ ਪੂਜਾ ਕਰਿਆ ਕਰਦੇ ਸਨ। ਪਹਿਲਾਂ ਜਾ ਕੇ ਖੂਹ ਵਿਚੋਂ ਸੁੱਚਾ ਜਲ ਲਿਆਉਣਾ, ਠਾਕਰਾਂ ਨੂੰ ਭੋਗ

ਲਵਾਉਣਾ, ਇਸ਼ਨਾਨ ਕਰਾਉਣਾ, ਫੇਰ ਪੂਜਾ ਕਰਨੀ, ਸ੍ਰੋਦ ਦੇ ਨਾਲ ਭਜਨ ਗਾਉਣੇ ਅਤੇ ਨ੍ਰਿਤਕਾਰੀ ਵੀ ਕਰਨੀ, ਜਿਸ ਦਾ ਕੁਝ ਰਸ ਉਨ੍ਹਾਂ ਨੂੰ ਮਹਿਸੂਸ ਹੋਇਆ ਕਰਦਾ ਸੀ।

ਇਕ ਵਾਰੀ ਉਹ ਜਲ ਲੈ ਕੇ ਆ ਰਹੇ ਸਨ ਤਾਂ ਇਕ ਸਿੱਖ ਮਹਾਤਮਾ ਜੋ ਨੇੜੇ ਦੇ ਜੰਗਲਾਂ ਵਿਚ ਰਿਹਾ ਕਰਦਾ ਸੀ, ਉਸ ਨੇ ਬਚਾਓ-ਬਚਾਓ-ਬਚਾਓ ਦੀ ਅਵਾਜ਼ ਸੁਣੀ, ਦੌੜ ਕੇ ਗਿਆ, ਤਾਂ ਕੀ ਦੇਖਦਾ ਹੈ ਕਿ ਦੋ ਬੀਬੀਆਂ, ਦੋ ਮਰਦ ਅਤੇ ਕੁਝ ਬੱਚੇ ਡਾਕੂਆਂ ਨੇ ਘੇਰੇ ਹੋਏ ਸਨ। ਇਸ ਇਕੱਲੇ ਨੇ ਉਨ੍ਹਾਂ ਨੂੰ ਬਚਾਉਣ ਵਾਸਤੇ ਡਾਕੂਆਂ ਦਾ ਮੁਕਾਬਲਾ ਕੀਤਾ। ਡਾਕੂ ਦੌੜ ਗਏ ਪਰ ਇਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਪਾਣੀ ਦੀ ਤਲਾਸ਼ ਵਿਚ ਰਾਏਪੁਰ ਰਾਣੀ ਵਲ ਆਇਆ, ਇਹ ਸੋਹਣਾ ਤੇ ਮੋਹਣਾ ਗਾਗਰ ਵਿਚ ਜਲ ਲਈਂ ਜਾ ਰਹੇ ਸਨ। ਉਸ ਨੇ ਕਿਹਾ, "ਮੈਨੂੰ ਦੋ ਘੁੱਟ ਪਾਣੀ ਛੇਤੀਂ ਪਿਲਾ ਦੇਵੋ, ਮੇਰਾ ਖ਼ੂਨ ਨਿਕਲ ਰਿਹਾ ਹੈ। ਇਸਨੂੰ ਛੇਤੀਂ ਬੰਦ ਕਰਨ ਦਾ ਜਤਨ ਕਰੋ, ਕਿਸੇ ਵੈਦ ਨੂੰ ਮਿਲਾ ਦੇਵੋ।" ਪਰ ਇਹ ਆਪਣੀ ਪੂਜਾ ਦੀ ਸੁੱਚਮ ਵਿਚ ਐਨੇ ਮਸਤ ਸਨ ਕਿ ਦੋ ਘੁੱਟ ਪਾਣੀ ਵੀ ਨਾ ਪਿਲਾਇਆ ਅਤੇ ਕਿਹਾ ਕਿ ਅਸੀਂ ਠਾਕਰਾਂ ਵਾਸਤੇ ਪਾਣੀ ਲੈ ਕੇ ਜਾ ਰਹੇ ਹਾਂ। ਉਸ ਗੁਰਮੁਖ ਦੇ ਮੁਖ 'ਚੋਂ ਬਚਨ ਨਿਕਲੇ ਨਾਲੇ ਠਾਕਰਾਂ ਨੂੰ ਪਿਆਰ ਵੀ ਕਰਨਾ ਪਰ ਉਸਦੇ ਬੰਦਿਆਂ ਨੂੰ ਦੋ ਘੁੱਟ ਪਾਣੀ ਵੀ ਨਾ ਪਿਲਾਉਣਾ; ਠਾਕਰ ਨੇ ਦਰਸ਼ਨ ਬਿਲਕੁਲ ਨਹੀਂ ਦੇਣੇ। ਇਹ ਬੇਪਰਵਾਹ ਹੋਏ ਚਲੇ ਗਏ, ਨਾ ਹੀ ਕੋਈ ਵੈਦ ਲਿਆਂਦਾ, ਨਾ ਹੀ ਪਾਣੀ ਲਿਆ ਕੇ ਉਸ ਦੇ ਮੂੰਹ ਵਿਚ ਦੋ ਘੁੱਟ ਪਾਏ। ਇਹ ਗੁਰਸਿੱਖ ਮਹਾਤਮਾ ਪਾਣੀ ਤੋਂ ਪਿਆਸਾ ਹੀ ਇਸ ਸੰਸਾਰ ਤੋਂ ਗੁਰੂ ਲੋਕ ਨੂੰ ਚਲਿਆ ਗਿਆ। ਜਦੋਂ ਉਹ ਵਾਪਸ ਆਏ, ਤਾਂ ਬਹੁਤ ਸਾਰੇ ਪ੍ਰੇਮੀ ਉਸ ਦੇ ਦੁਆਲੇ ਖੜ੍ਹੇ ਸਨ ਅਤੇ ਕਹਿ ਰਹੇ ਸਨ ਕਿ ਇਸ ਮਹਾਨ ਸੂਰਮੇ ਮਹਾਤਮਾ ਨੇ ਜੋ ਅਨੰਦਪੁਰ ਵਾਲੇ ਗੁਰੂਆਂ ਦਾ ਅਨਿੰਨ ਸਿੱਖ ਹੈ, ਨੇ ਆਪਣੀ ਜਾਨ ਹੂਲ ਕੇ ਜੰਗਲ ਵਿਚ ਡਾਕੂਆਂ ਨਾਲ ਘਿਰੀਆਂ ਬੀਬੀਆਂ, ਬੱਚਿਆਂ ਦੀ ਰਾਖੀ ਕੀਤੀ। ਦਰਦ ਵਾਲਿਆਂ ਦੇ ਅੱਖਾਂ ਵਿਚੋਂ ਹੰਝੂ ਗਿਰ ਰਹੇ ਸਨ ਕਿ ਐਨੇ ਬਹਾਦਰ ਨੂੰ ਦੋ ਘੁੱਟ ਪਾਣੀ ਨਾ ਪਿਲਾ ਸਕੇ। ਇਹ ਗੁਰੂ ਕਾ ਪਿਆਰਾ ਸਪੂਤ ਜੂਝ ਗਿਆ ਅਤੇ ਤੜਫ-ਤੜਫ ਕੇ ਪਾਣੀ ਤੋਂ ਤਿਹਾਇਆ ਹੀ ਸਰੀਰ ਛੱਡ ਗਿਆ। ਐਨੇ ਵਿਚ ਇਹੋ ਬਚਾਇਆ ਹੋਇਆ ਜਥਾ ਵੀ ਪਹੁੰਚ ਗਿਆ। ਇਸ ਦ੍ਰਿਸ਼ ਨੂੰ ਦੇਖ ਕੇ ਸਭ ਦੇ ਅੱਖਾਂ ਵਿਚੋਂ ਹੰਝੂ ਗਿਰ ਰਹੇ ਸਨ। ਸੋਹਣਾ ਤੇ ਮੋਹਣਾ ਨੇ ਵੀ ਇਹ ਦ੍ਰਿਸ਼ ਦੇਖਿਆ ਤੇ ਆਪਣੀ ਭੁੱਲ ਦਾ ਪਛਤਾਵਾ ਕਰ ਰਹੇ ਸਨ ਤੇ ਸੋਚ ਰਹੇ ਸਨ ਕਿ ਇਹਦਾ ਜੋ ਬਚਨ ਹੈ ਕਿ 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ' ਇਹ ਤਾਂ ਸਾਡੇ ਕੰਨਾਂ ਵਿਚ ਬਾਰ-ਬਾਰ ਗੂੰਜ ਰਿਹਾ ਹੈ। ਪੂਜਾ ਕੀਤੀ, ਰਸ ਨਹੀਂ ਆਇਆ, ਅੱਜ ਚਿੱਤ ਢਹਿੰਦੀ ਕਲਾ ਵਿਚ ਆ ਗਿਆ ਅਤੇ ਪਛਤਾਵਾ ਅੰਦਰ ਘਰ ਕਰ ਗਿਆ ਕਿ ਹੁਣ ਕੀ ਬਣੇਗਾ? ਇਸ ਗੱਲ ਨੂੰ ਬਾਰ-ਬਾਰ ਸੋਚ ਰਹੇ ਹਨ। ਸਮਾਂ ਲੰਘਦਾ ਗਿਆ, ਪੂਜਾ ਪਾਠ ਵਿਚ ਰਸ ਮਾਰਿਆ ਗਿਆ। ਜੇ ਅਵਾਜ਼ ਆਉਂਦੀ ਹੈ ਤਾਂ ਇਕੋ ਆਉਂਦੀ ਹੈ ਕਿ 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ।'

ਗੁਰੂ ਦਸ਼ਮੇਸ਼ ਪਿਤਾ ਜੀ ਨੇ ਪਾਉਂਟੇ ਦਾ ਯੁੱਧ ਜਿੱਤਣ ਉਪਰੰਤ ਅਨੰਦਪੁਰ ਸਾਹਿਬ ਵਾਪਸ ਜਾਣ ਦਾ ਪ੍ਰੋਗ੍ਰਾਮ ਬਣਾ ਲਿਆ। ਉਹ ਰਾਏਪੁਰ ਰਾਣੀ ਆ ਕੇ ਰਾਣੀ ਦੇ ਕਿਲ੍ਹੇ ਵਿਚ ਦੋ ਦਿਨ ਠਹਿਰੇ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨਾਂ ਨੂੰ ਆਈਆਂ ਅਤੇ ਮਨ ਇੱਛਤ ਮੁਰਾਦਾਂ ਪ੍ਰਾਪਤ ਕੀਤੀਆਂ। ਸੋਹਣਾ ਤੇ ਮੋਹਣਾ ਦੇ ਮਨ ਵਿਚ ਵੀ ਆਈ ਕਿ ਅਸੀਂ ਵੀ ਦਰਸ਼ਨ ਕਰੀਏ ਤੇ ਉਸ ਸਮਰੱਥ ਗੁਰੂ ਤੋਂ ਭੁੱਲ ਬਖਸ਼ਾਈਏ ਜਿਸਦੇ ਸਿੱਖ ਨੂੰ ਅਸੀਂ ਦੋ ਘੁੱਟ ਪਾਣੀ ਨਾ ਪਿਲਾਇਆ ਅਤੇ ਉਹ ਪਾਣੀ ਤੋਂ ਤਿਹਾਇਆ ਚੜ੍ਹਾਈ ਕਰ ਗਿਆ। ਦੋ ਦਿਨਾਂ ਵਿਚ ਪੰਜ ਚਾਰ ਵਾਰੀ ਦਰਸ਼ਨ ਕਰਨ ਆਏ ਪਰ ਹਰ ਵਾਰੀ ਪਹਿਰੇਦਾਰਾਂ ਨੇ ਉਨ੍ਹਾਂ ਨੂੰ ਰੋਕ ਦਿਤਾ ਕਿ ਤੁਹਾਨੂੰ ਦਰਸ਼ਨ ਕਰਨ ਦੀ ਆਗਿਆ ਨਹੀਂ ਮਿਲੀ। ਜਦੋਂ ਗੁਰੂ ਮਹਾਰਾਜ ਜੀ ਰਾਏਪੁਰ ਤੋਂ ਚੱਲ ਕੇ ਅਨੰਦਪੁਰ ਸਾਹਿਬ ਨੂੰ ਵਿਦਾ ਹੋਏ ਤਾਂ ਇਹ ਦੂਰ ਸੜਕ ਦੇ ਕੰਢੇ ਤੇ ਖੜ੍ਹੇ ਹੋ ਗਏ ਕਿ ਅਸੀਂ ਗੁਰੂ ਮਹਾਰਾਜ ਜੀ ਦੇ ਘੋੜੇ ਅੱਗੇ ਖੜ੍ਹੇ ਹੋ ਕੇ ਆਪਣੀ ਭੁੱਲ ਬਖਸ਼ਾਵਾਂਗੇ। ਪਰ ਸਤਿਗੁਰੂ ਅੰਤਰਜਾਮੀ ਫਸਲਾਂ ਵਿਚੋਂ ਹੋ ਕੇ ਦੂਰ ਜਾ ਕੇ ਵਹੀਰ ਨੂੰ ਮਿਲੇ। ਹੁਣ ਉਨ੍ਹਾਂ ਨੇ ਪੱਕੀ ਤਰ੍ਹਾਂ ਸਮਝ ਲਿਆ ਕਿ ਜਿਉਂਦਾ ਠਾਕੁਰ ਇਹੀ ਹੈ। ਬਹੁਤ ਵਿਚਾਰਿਆ। ਅਖੀਰ ਫੈਸਲਾ ਕੀਤਾ ਕਿ ਆਪਣੀ ਸਾਰੀ ਜਾਇਦਾਦ ਵੇਚ ਕੇ ਲੋੜਵੰਦਾਂ ਵਿਚ ਵੰਡ ਦੇਈਏ। ਇਸੇ ਤਰ੍ਹਾਂ ਉਨ੍ਹਾਂ ਨੇ ਸਾਰੀ ਜਾਇਦਾਦ ਨੇਕ ਕੰਮਾਂ ਉਤੇ ਲਾ ਦਿਤੀ। ਆਪ ਸਿਰ ਪੈਰ ਦੇ ਕੱਪੜੇ ਲੈ ਕੇ ਅਨੰਦਪੁਰ ਸਾਹਿਬ ਨੂੰ ਚਲ ਪਏ ਅਤੇ ਜਾ ਕੇ ਭਾਈ ਕੇਸਰਾ ਸਿੰਘ ਜੀ ਨੂੰ ਜੋ ਗੁਰੂ ਕੇ ਬਾਗ ਦੇ ਮੁਖ ਮਾਲੀ ਸਨ, ਨੂੰ ਮਿਲ ਕੇ ਕਿਹਾ ਕਿ ਸਾਨੂੰ ਰੁ-ਰੁੱਤੇ ਫੁੱਲ ਤਿਆਰ ਕਰਨ ਦੀ ਪੂਰੀ ਜਾਂਚ ਹੈ। ਅਸਾਨੂੰ ਆਪਣੇ ਬਾਗ ਵਿਚ ਕਾਮਿਆਂ ਦੀ ਨੌਕਰੀ ਦੇ ਦੇਵੋ। ਅਸੀਂ ਨਿਸ਼ਕਾਮ ਸੇਵਾ ਕਰਾਂਗੇ। ਭਾਈ ਕੇਸਰਾ ਸਿੰਘ ਜੀ ਨੇ ਥੋੜ੍ਹੇ ਦਿਨ ਕੰਮ ਦੇਖ ਕੇ ਉਨ੍ਹਾਂ ਨੂੰ ਬਾਗ ਵਿਚ ਥਾਂ ਦੇ ਦਿਤੀ। ਬਾਗ ਦੇ ਕੋਨੇ ਵਿਚ ਦੂਰ ਇਕ ਕੱਚਾ ਕੋਠਾ ਉਨ੍ਹਾਂ ਨੂੰ ਦੇ ਕੇ ਕਿਹਾ ਕਿ ਆਪ ਇਥੇ ਆਪਣੀ ਰਿਹਾਇਸ਼ ਕਰੋ। ਥੋੜ੍ਹੇ ਦਿਨਾਂ ਵਿਚ ਹੀ ਉਨ੍ਹਾਂ ਨੇ ਆਪਣੇ ਹੁਨਰ ਨਾਲ ਬਾਗ ਨੂੰ ਇਕ ਨਵੀਂ ਨੁਹਾਰ ਦੇ ਦਿਤੀ। ਗੁਰੂ ਕਲਗੀਧਰ ਪਾਤਸ਼ਾਹ ਬਾਗ ਵਿਚ ਆ ਕੇ ਭਾਈ ਕੇਸਰਾ ਸਿੰਘ ਜੀ ਨੂੰ ਕਹਿਣ ਲੱਗੇ ਕਿ ਬਾਗ ਬਹੁਤ ਸੋਹਣਾ ਸਜ ਰਿਹਾ ਹੈ। ਇਹ ਤਾਂ ਹੁਣ ਇੰਦ੍ਰ ਦੇ ਨੰਦਨ ਬਾਗ ਵਰਗਾ ਹੀ ਹੋ ਰਿਹਾ ਹੈ। ਤੁਸੀਂ ਬਹੁਤ ਮਿਹਨਤ ਕਰ ਰਹੇ ਹੋ। ਭਾਈ ਕੇਸਰਾ ਸਿੰਘ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ! ਇਹ ਮਿਹਨਤ ਮੇਰੀ ਕੀਤੀ ਹੋਈ ਨਹੀਂ ਹੈ। ਰਾਏਪੁਰ ਰਾਣੀ ਤੋਂ ਸੋਹਣਾ ਮੋਹਣਾ ਨਾਮ ਦਾ ਜੋੜਾ ਬਾਗ ਵਿਚ ਰਹਿ ਕੇ ਸੇਵਾ ਕਰ ਰਿਹਾ ਹੈ। ਦਿਨ ਰਾਤ ਸੇਵਾ ਵਿਚ ਜੁਟੇ ਰਹਿੰਦੇ ਹਨ। ਮੇਰੀ ਆਗਿਆ ਵਿਚ ਹਰ ਸਮੇਂ ਚਲਦੇ ਹਨ। ਹਰ ਵਕਤ ਆਪ ਦਾ ਧਿਆਨ ਹਿਰਦੇ ਵਿਚ ਧਾਰੀ ਰਖਦੇ ਹਨ ਭਾਵੇਂ ਕਿ ਉਨ੍ਹਾਂ ਨੂੰ ਆਪ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਅਜੇ ਤੀਕਰ ਨਹੀਂ ਮਿਲ ਸਕਿਆ। ਅਜਿਹੇ ਬ੍ਰਿਹੋਂ ਵਿਚ ਆ ਕੇ ਆਪਣੀ ਸਰੋਦ ਵਜਾ ਕੇ ਬੀਬੀ ਤੇ ਆਪ ਕੀਰਤਨ ਕਰਦੇ ਹਨ, ਦਰੱਖਤ, ਹਵਾ, ਵਾਤਾਵਰਣ ਬ੍ਰਿਹੋਂ ਵਿਚ ਲੀਨ ਹੋ ਜਾਂਦਾ ਹੈ। ਹੰਝੂਆਂ ਦੀ ਧਾਰ ਸਰੋਤਿਆਂ ਦੇ ਨੈਣਾਂ ਵਿਚ ਬਹਿ ਤੁਰਦੀ ਹੈ ਸਮਾਂ ਲੰਘਣ ਦਾ ਕੁਝ ਭੀ ਪਤਾ ਨਹੀਂ ਲਗਦਾ। ਕੀਰਤਨ ਪਿਛੋਂ ਪਾਤਸ਼ਾਹ! ਹਲਕਾ-ਫੁਲਕਾ ਸਰੀਰ ਸ੍ਰੋਤਿਆਂ ਦਾ ਹੋ ਜਾਂਦਾ ਹੈ।

ਪਾਤਸ਼ਾਹ! ਉਹ ਲੰਗਰ ਵਿਚ ਪ੍ਰਸ਼ਾਦਾ ਨਹੀਂ ਛਕਦੇ ਸਗਵਾਂ ਟੋਕਰੀਆਂ, ਪਟਾਰੀਆਂ, ਬੋਈਏ ਬਣਾ ਕੇ, ਵੇਚ ਕੇ,

ਰਾਸ਼ਨ ਖਰੀਦ ਕੇ ਪ੍ਰਸ਼ਾਦਾ ਛਕਦੇ ਹਨ। ਜੇ ਕਾਰਨ ਪੁਛੋ ਤਾਂ ਕਹਿੰਦੇ ਹਨ ਭਾਈ ਸਾਹਿਬ ਜੀ ਪਹਿਲਾ ਔਗੁਣ ਹੀ ਬਹੁਤ ਵੱਡਾ ਹੈ, ਜਿਸਦਾ ਪ੍ਰਾਸ਼ਚਿਤ ਹੋਣਾ ਮੁਸ਼ਕਲ ਹੈ। ਸ਼ਾਇਦ ਮਾਲਕ ਕਦੇ ਤਰੁੱਠ ਪਵੇ ਅਤੇ ਦਰਸ਼ਨ ਦੇ ਦੇਵੇ। ਪਾਤਸ਼ਾਹ! ਇਸ ਦੰਪਤੀ ਨੂੰ ਵੇਖ ਕੇ ਨਿਰਮਲ ਪ੍ਰਭਾਵ ਮਨ ਤੇ ਪੈਂਦਾ ਹੈ। ਮੈਨੂੰ ਤਾਂ ਇਹ ਪੂਰੇ ਰਸੀਏ ਲਗਦੇ ਹਨ। ਮੈਂ ਹਾਲੇ ਤਕ ਇਨ੍ਹਾਂ ਦਾ ਪਿਛੋਕੜ ਤਾਂ ਨਹੀਂ ਪੁਛਿਆ, ਮੈਨੂੰ ਤਾਂ ਸਿਰਫ ਐਨਾ ਹੀ ਪਤਾ ਹੈ ਕਿ ਇਹ ਰਾਏਪੁਰ ਰਾਣੀ ਦੇ ਨਿਵਾਸੀ ਹਨ। ਇਨ੍ਹਾਂ ਦਾ ਚਰਿੱਤਰ, ਰਹਿਣ ਸਹਿਣ, ਲਗਨ ਬਹੁਤ ਹੀ ਸੁਲਝਿਆ ਹੋਇਆ ਹੈ ਅਤੇ ਨਿਰਮਲ ਹੈ। ਦੇਖਣ ਤੋਂ ਐਂ ਪ੍ਰਤੀਤ ਦਿੰਦਾ ਹੈ ਕਿ ਇਹ ਕਿਸੇ ਅਮੀਰ ਘਰ ਦੇ ਰੁਕਨ ਹਨ, ਇਨ੍ਹਾਂ ਦੀ ਚਾਲੀ ਨਿਰਮਲ ਹੈ, ਰਹਿਣਾ ਸਹਿਣਾ ਬਹੁਤ ਸਵੱਛ ਅਤੇ ਸੂਖਸ਼ਮ ਹੈ। ਖਾਣਾ ਪੀਣਾ ਬਹੁਤ ਹੀ ਸੋਹਝ ਨਾਲ ਹੈ। ਸੱਚੇ ਪਾਤਸ਼ਾਹ! ਜਦੋਂ ਬਚਨ ਕਰਦੇ ਹਨ ਤਾਂ ਐਉਂ ਲਗਦੇ ਹਨ ਜਿਵੇਂ ਇਹ ਮੁਦਤਾਂ ਤੋਂ ਆਪ ਜੀ ਦੇ ਹੀ ਪ੍ਰੇਮੀ ਰਹੇ ਹੋਣ। ਪਰ ਇਨ੍ਹਾਂ ਦੀ ਗਰੀਬੀ ਵਲ ਦੇਖ ਕੇ ਵੀ ਬੜੀ ਹੈਰਾਨੀ ਆਉਂਦੀ ਹੈ ਅਤੇ ਮੈਨੂੰ ਐਉਂ ਲਗਦਾ ਹੈ ਕਿ ਬਹੁਤ ਗਹਿਰੀ ਸੱਟ ਖਾ ਕੇ, ਇਹ ਵਿਯੋਗੀ ਹੋ ਕੇ ਆਪਣੇ ਮਾਲਕ ਦੀ ਤਲਾਸ਼ ਵਿਚ ਘਰੋਂ ਨਿਕਲੇ ਹਨ। ਸਚਮੁੱਚ ਹੀ ਮਨ ਦੇ ਅਤਿ ਗਰੀਬ ਹਨ। ਕੋਈ ਗਹਿਰੀ ਬਿਰਹੋਂ ਚੋਟ ਹੈ, ਜੋ ਹਰ ਵਕਤ ਇਨ੍ਹਾਂ ਦੇ ਨੇਤਰਾਂ ਨੂੰ ਸੁਜੱਲ ਰਖਦੀ ਹੈ ਅਤੇ ਮੈਂ ਬਹੁਤ ਵਾਰੀ ਦੋਹਾਂ ਦੇ ਅੰਦਰੋਂ ਬਹੁਤ ਹੀ ਲੰਮੇ ਹਉਕੇ ਨਿਕਲਦੇ ਵੀ ਸੁਣਦਾ ਹਾਂ। ਪਾਤਸ਼ਾਹ! ਦਰਸ਼ਨ ਤਾਂ ਮੈਂ ਹੋਰ ਪ੍ਰੇਮੀਆਂ ਦੇ ਵੀ ਕਰਦਾ ਹਾਂ ਪਰ ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਉਹ ਕਿਹੜੇ ਅਣੀਆਲੇ ਤੀਰ ਹਨ ਜੋ ਇਨ੍ਹਾਂ ਦੇ ਹਿਰਦਿਆਂ ਨੂੰ ਬਿੰਨ੍ਹ ਗਏ ਅਤੇ ਇਨ੍ਹਾਂ ਦੀ ਪੀੜਾ, ਅੰਦਰ ਹੀ ਨੱਪੀ ਹੋਈ, ਕਿਸੇ ਦੁਰੇਡੀ ਆਸ ਦੀ ਝਲਕ ਵਿਚ ਕਿਸੇ ਸੁਭਾਗੇ ਸਮੇਂ ਦੀ ਉਡੀਕ ਕਰ ਰਹੀ ਹੈ। ਪਾਤਸ਼ਾਹ! ਕਈ ਵਾਰੀ ਮੈਂ ਜਦੋਂ ਇਸ ਕੋਨੇ ਵਿਚ ਆਉਂਦਾ ਹਾਂ ਅਤੇ ਕਾਫੀ ਰਾਤ ਲੰਘ ਚੁਕੀ ਹੁੰਦੀ ਹੈ ਤਾਂ ਇਕੋ-ਇਕ ਚੀਜ਼ ਇਨ੍ਹਾਂ ਨੇ ਰੱਖੀ ਹੋਈ ਸਰੋਦ ਤੇ ਜਦੋਂ ਉਂਗਲੀਆਂ ਫਿਰਦੀਆਂ ਹਨ ਤਾਂ ਐਉਂ ਪ੍ਰਤੀਤ ਹੁੰਦਾ ਹੈ ਕਿ ਇੰਦ੍ਰ ਦੇ ਸਵਰਗ ਵਿਚੋਂ ਕੋਈ ਗੰਧਰਭ ਜੋੜਾ ਗੁਰੂ ਨਾਨਕ ਦੀ ਬਾਣੀ ਨੂੰ ਨਿਰਧਾਰਿਤ ਰਾਗਾਂ ਵਿਚ ਰਸਾਂ ਦੀ ਫੁਹਾਰ ਵੰਡਣ ਲਈ, ਸੇਵਾਦਾਰਾਂ ਦਾ ਭੇਸ ਧਾਰ ਕੇ ਇਸ ਆਪ ਜੀ ਦੇ ਪਵਿੱਤਰ ਬਾਗ ਵਿਚ ਪ੍ਰਵੇਸ਼ ਕਰ ਗਿਆ ਹੈ। ਇਨ੍ਹਾਂ ਦਾ ਸਹੀ ਅੰਮ੍ਰਿਤ ਵੇਲੇ ਨੂੰ ਸੰਭਾਲਣਾ, ਇਸ਼ਨਾਨ ਕਰਨਾ, ਫਿਰ ਪੂਰਨ ਯੋਗੀਆਂ ਵਾਂਗੂੰ ਚੌਂਕੜਾ ਮਾਰ ਕੇ ਘੰਟਿਆਂ ਬੱਧੀ ਬੈਠੇ ਰਹਿਣਾ ਮਨ ਚਕ੍ਰਿਤ ਕਰ ਦਿੰਦਾ ਹੈ ਕਿਉਂਕਿ ਅਜੇ ਤੱਕ ਆਪ ਜੀ ਦੇ ਪਵਿੱਤਰ ਦਰਸ਼ਨ ਨਹੀਂ ਕੀਤੇ ਅਤੇ ਗੁਰਮੰਤ੍ਰ ਦੀ ਦਾਤ ਵੀ ਪ੍ਰਾਪਤ ਨਹੀਂ ਕੀਤੀ, ਫਿਰ ਇਹ ਕਿਸ ਮੰਤ੍ਰ ਦਾ ਜਾਪ ਕਰਦੇ ਹੋਏ? ਇਕ ਦਿਨ ਮੈਂ ਇਹ ਪੁਛਣ ਦੀ ਖੁਲ੍ਹ ਲਈ ਕਿ ਭਾਈ ਸੋਹਣਾ! ਤੁਸੀਂ ਕਿਸ ਮੰਤ੍ਰ ਦਾ ਜਾਪ ਕਰਦੇ ਹੋ? ਕਿਉਂਕਿ ਅਜੇ ਤੱਕ ਗੁਰੂ ਦਸ਼ਮੇਸ਼ ਪਿਤਾ ਜੀ ਦੀ ਚਰਨ ਛੋਹ ਦਾ ਸਮਾਂ ਮਿਲਿਆ ਤੁਹਾਨੂੰ ਪ੍ਰਤੀਤ ਨਹੀਂ ਦਿੰਦਾ, ਉਹ ਕਿਹੜੀ ਖਿੱਚ ਹੈ, ਉਹ ਕਿਹੜਾ ਧਿਆਨ ਹੈ ਜਿਸ ਵਿਚ ਤੁਸੀਂ ਲਿਵਤਾਰ ਹੋ ਕੇ ਚੌਗਿਰਦਾ ਭੁੱਲ ਜਾਂਦੇ ਹੋ ਅਤੇ ਤੁਹਾਡੇ ਚਿਹਰਿਆਂ ਤੋਂ ਕੋਈ ਅਜੀਬ ਕਿਸਮ ਦੀ ਰੋਸ਼ਨੀ ਦੀ ਆਭਾ ਦੇ ਭੁਲੇਖੇ ਪੈਂਦੇ ਹਨ। ਪਾਤਸ਼ਾਹ! ਇਸ ਪ੍ਰਸ਼ਨ ਦਾ ਉਤਰ ਦੇਣ ਦੀ ਥਾਂ ਮੈਂ ਕੀ ਦੇਖਿਆ, ਦੋਹਾਂ ਦੇ ਨੇਤਰ ਛਮਾ-ਛਮ ਬਹਿ ਤੁਰੇ ਅਤੇ ਬੈਰਾਗ ਐਨਾ ਪ੍ਰਬਲ ਹੋ ਗਿਆ ਕਿ ਸਚਮੁੱਚ ਸਰੀਰ ਦਾ ਰੋਮ-ਰੋਮ ਉਸ ਵਿਚ ਗ੍ਰਸਤ ਹੋ ਗਿਆ। ਦੋਹਾਂ ਦੇ ਸਰੀਰ ਕੰਬ ਰਹੇ ਸਨ ਪਰ ਕੋਈ ਸ਼ਬਦ ਇਨ੍ਹਾਂ ਦਾ ਸਾਥ ਨਹੀਂ ਦੇ ਰਿਹਾ ਸੀ। ਉਚੇ ਹਉਂਕੇ ਆ ਕੇ ਕਈ ਵਾਰੀ ਹੂਕ ਨਿਕਲ ਜਾਂਦੀ ਸੀ। ਦੋਨੋਂ ਹੀ ਬੈਰਾਗ ਵਿਚ ਰੋਂਦੇ ਰਹੇ। ਮੈਂ ਸੋਚਿਆ ਕਿ ਪਤਾ ਨਹੀਂ ਇਨ੍ਹਾਂ ਦੇ ਅੰਦਰ ਕਿੰਨੀ ਮਾਨਸਕ ਪੀੜਾ ਮੇਰੀ ਇਸ ਪੁੱਛ ਨੇ ਪੈਦਾ ਕਰ ਦਿਤੀ। ਕਾਫੀ ਸਮੇਂ ਤੋਂ ਬਾਦ ਇਨ੍ਹਾਂ ਨੇ ਕਿਹਾ, ਪਿਆਰਿਆ! ਚਕੋਰ ਸਦਾ ਚੰਦਰਮਾ ਦੀ ਉਡੀਕ ਵਿਚ ਲੱਗਿਆ ਰਹਿੰਦਾ ਹੈ ਉਸਨੂੰ ਇਸ ਉਡੀਕ ਦਾ ਫਲ ਚੰਦਰਮਾ ਦੇ ਦਰਸ਼ਨ ਹੋ ਜਾਂਦੇ ਹਨ ਪਰ ਅਸਾਡਾ ਚੰਦਰਮਾ ਪਾਸ ਹੁੰਦਾ ਹੋਇਆ ਭੀ ਅਲੋਪ ਹੋਇਆ ਹੋਇਆ ਹੈ। ਬੱਸ ਐਨਾ ਹੀ ਕਹਿ ਸਕਦੇ ਹਾਂ ਕਿ ਅਸਾਡੇ ਤੋਂ ਵੱਧ ਸੰਸਾਰ ਵਿਚ ਸ਼ਾਇਦ ਹੀ ਕੋਈ ਗੁਨਹਗਾਰ ਹੋਵੇ ਜਿਸਨੂੰ ਬਖਸ਼ਿਆ ਜਾਣਾ ਬਹੁਤ ਹੀ ਮੁਸ਼ਕਲ ਹੈ। ਪਾਤਸ਼ਾਹ! ਇਹ ਬਾਗ ਵਿਚ ਕੰਮ ਕਰਦੇ ਹਨ ਤਾਂ ਮੈਂ ਕਈ ਵਾਰੀ ਦੇਖਿਆ ਹੈ ਕਿ ਆਪ ਦੇ ਸਿੰਘ ਦੁਆਰ ਵੱਲ ਟਿਕ-ਟਿਕੀ ਲਾ ਕੇ ਦੇਖਦੇ ਰਹਿੰਦੇ ਹਨ। ਪਤਾ ਨਹੀਂ ਕਿਸ ਗੁਆਚੀ ਹੋਈ ਵਸਤੂ ਨੂੰ ਇਨ੍ਹਾਂ ਦੇ ਨੈਣ ਲੱਭ ਰਹੇ ਹੁੰਦੇ ਹਨ। ਅਜਿਹਾ ਬਿਰਹੁ ਕੁਠਾ ਜੋੜਾ ਦੇਖ ਕੇ ਮੇਰੇ ਮਨ ਵਿਚ ਅਨੇਕ ਕਿਸਮ ਦੇ ਭਾਵ ਪੈਦਾ ਹੋ ਜਾਂਦੇ ਹਨ ਅਤੇ ਮੈਨੂੰ ਇਨ੍ਹਾਂ ਦੀ ਬਿਰਹੁ ਪੀੜਾ ਦਾ ਕੋਈ ਅਰਥ ਨਹੀਂ ਸੁੱਝ ਰਿਹਾ ਹੁੰਦਾ। ਪਰ ਜਦੋਂ ਮਿਹਨਤ ਕਰਦੇ ਹਨ, ਨਵੇਂ ਤੋਂ ਨਵੇਂ ਫੁਲਾਂ ਦੀਆਂ ਕਿਆਰੀਆਂ ਤਿਆਰ ਕਰਦੇ ਹਨ, ਨਾ ਦਿਨ ਦੇਖਦੇ ਹਨ, ਨਾ ਰਾਤ ਦੇਖਦੇ ਹਨ ਇਕ-ਇਕ ਫੁਲਾਂ ਦੇ ਬੂਟੇ ਨੂੰ ਇਉਂ ਪਾਲਦੇ ਹਨ ਜਿਵੇਂ ਕਿਸੇ ਨੂੰ ਘੋਰ ਤਪ ਕਰਨ ਉਪਰੰਤ ਪੁੱਤਰ ਦੀ ਪ੍ਰਾਪਤੀ ਹੋਈ ਹੋਵੇ ਅਤੇ ਉਹ ਪੁੱਤਰ ਦੀਆਂ ਲੋੜਾਂ, ਪੁੱਤਰ ਦੀ ਪਾਲਨਾ ਵਿਚ ਖਚਿਤ ਹੋ ਜਾਂਦਾ ਹੋਵੇ। ਆਪ ਸਰਬ ਸਮਰੱਥ ਸਤਿਗੁਰੂ ਹੋ, ਘਟ-ਘਟ ਕੇ ਅੰਤਰ ਦੀ ਜਾਨਣ ਵਾਲੇ ਹੋ। ਇਕ ਗੱਲ ਮੈਂ ਇਨ੍ਹਾਂ ਦੇ ਮੁਖ ਤੋਂ ਤਾਂ ਧੁਰ ਹਿਰਦੇ ਤੋਂ, ਛਮਾ-ਛਮ ਨੇਤਰਾਂ ਸਹਿਤ ਕਹਿੰਦੇ ਸੁਣੀ ਹੈ ਕਿ ਮਾਲਕ! 'ਦਰਸ਼ਨ ਨਹੀਂ ਜੇ ਦੇਣ ਲੱਗਾ' ਵਿਚੋਂ 'ਨਹੀਂ' ਅੱਖਰ ਕੱਟ ਦੇਵੋ, ਅਸਾਡੀ ਭੁੱਲ ਨਾ ਵਿਚਾਰੋ। ਐਨੇ ਗੰਭੀਰ ਹਨ ਕਿ ਮੈਂ ਉਨ੍ਹਾਂ ਦੀ ਗੰਭੀਰਤਾ ਦਾ ਕੋਈ ਥਾਹ ਨਹੀਂ ਪਾ ਸਕਿਆ। ਪਤਾ ਨਹੀਂ ਲਗਦਾ ਕਿ ਇਹ ਦੰਪਤੀ ਆਦਰਸ਼ਕ ਜੋੜਾ ਅਰਸ਼ੀ ਹੈ ਜਾਂ ਫਰਸ਼ੀ। ਇਸਨੂੰ ਤਾਂ ਆਪ ਹੀ ਭਲੀ ਭਾਂਤ ਜਾਣਦੇ ਹੋ ਅਸੀਂ ਤਾਂ ਅਲਪੱਗ ਜੀਵ ਹਾਂ।

ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਨੇ ਸਾਰੀ ਵਾਰਤਾ ਬਹੁਤ ਹੀ ਧਿਆਨ ਨਾਲ ਸੁਣੀ। ਕੇਸਰਾ ਸਿੰਘ ਦੇਖਦਾ ਹੈ ਕਿ ਪਾਤਸ਼ਾਹ ਜੀ ਦੇ ਨੇਤਰਾਂ ਵਿਚ ਦੋ ਪ੍ਰੀਤ ਹੰਝੂ ਨੇਤਰਾਂ ਤੋਂ ਹੇਠਾਂ ਨੂੰ ਤਿਲ੍ਹਕ ਰਹੇ ਹਨ ਅਤੇ ਫੁਰਮਾਨ ਕੀਤਾ ਕਿ ਕੇਸਰਾ ਸਿੰਘ! ਇਨ੍ਹਾਂ ਦੇ ਬੈਰਾਗ ਦੀ ਖਿੱਚ ਮੇਰੇ ਅੰਦਰ ਵੀ ਪੈਂਦੀ ਹੈ ਪਰ ਇਨ੍ਹਾਂ ਤੋਂ ਐਸੀ ਭੁੱਲ ਹੋ ਗਈ ਜਿਸ ਤੋਂ ਮੇਰੇ ਇਕ ਪ੍ਰਮ ਪਿਆਰੇ ਅਭੇਦ ਅਵਸਥਾ ਦੇ ਗੁਰਸਿੱਖ ਨੂੰ ਖੇਦ ਪਹੁੰਚਿਆ ਅਤੇ ਉਸ ਦੇ ਬਚਨ ਦਾ ਬੱਧਾ ਹੋਇਆ ਮੈਂ ਭੀ ਮਜ਼ਬੂਰ ਹਾਂ। ਤੁਸੀਂ ਇਨ੍ਹਾਂ ਨੂੰ ਆਖ ਦੇਵੋ ਕਿ ਗੁਰੂ ਕੀਆਂ ਖੁਸ਼ੀਆਂ ਹਨ, ਤੁਸੀਂ ਜੀਅ ਭਰ ਕੇ ਸੇਵਾ ਕਰ ਸਕਦੇ ਹੋ, ਪਰ ਪਿਆਰਿਓ! ਗੁਰੂ ਦਾ ਇਹ ਹੁਕਮ ਹੈ ਕਿ ਨਾ ਦਰਸ਼ਨ ਦੇਣਾ ਹੈ, ਨਾ ਇਨ੍ਹਾਂ ਨੇ ਅਸਾਡੇ ਮੱਥੇ ਲੱਗਣਾ ਹੈ। ਹਾਂ, ਇਨ੍ਹਾਂ ਦੀ ਰੂਹਾਨੀ ਸੰਭਾਲ ਲਈ ਮੈਂ (ਮਾਤਾ) ਜੀਤੋ ਜੀ ਨੂੰ

ਇਨ੍ਹਾਂ ਪਾਸ ਆਉਣ ਦੀ ਇਜਾਜ਼ਤ ਦੇ ਦੇਵਾਂਗਾ।

ਇਸ ਤਰ੍ਹਾਂ ਸਮਾਂ ਬੀਤਦਾ ਗਿਆ, ਸੋਹਣਾ ਤੇ ਮੋਹਣਾ ਨੇ ਮਿਹਨਤ ਕਰਕੇ ਫੁੱਲਾਂ ਨੂੰ ਝੱਖੜਾਂ, ਕੱਕਰਾਂ ਤੋਂ ਬਚਾਅ-ਬਚਾਅ ਕੇ ਕੁ-ਰੁਤੇ ਫੁੱਲ ਪੈਦਾ ਕਰਨ ਕੀ ਕਮਾਲ ਹੀ ਕਰ ਦਿਤੀ। ਇਕ-ਇਕ ਫੁਲਾਂ ਦੇ ਬੂਟੇ ਉਪਰ ਪਰਾਲੀ ਦੀ ਛਾਂ ਅਤੇ ਸੂਖਸ਼ਮ ਫੁੱਲਾਂ ਉਪਰ ਕਾਨ੍ਹਿਆਂ ਦਾ ਛੱਪਰ ਬੰਨ੍ਹ ਕੇ, ਇਰਦ-ਗਿਰਦ ਸੀਸ਼ੇ ਲਾ ਕੇ ਉਨ੍ਹਾਂ ਨੂੰ ਕੋਰਿਆਂ, ਠੰਢੀਆਂ ਹਵਾਵਾਂ ਤੋਂ ਪੂਰੀ ਤਰ੍ਹਾਂ ਨਾਲ ਬਚਾਉਂਦੇ ਰਹਿੰਦੇ ਸਨ। ਸਾਰੀ ਰਾਤ ਅਤਿ ਦੀ ਸਰਦੀ ਵਿਚ ਜਾਗ ਕੇ, ਹਵਾ ਦਾ ਰੁੱਖ ਦੇਖ ਕੇ, ਹਵਾ ਨੂੰ ਨਿੱਘੀ ਕਰਨ ਲਈ ਲੱਕੜੀਆਂ ਦਾ ਧੂਆਂ ਥਾਂ-ਥਾਂ ਤੇ ਲਾ ਕੇ ਅੱਗ ਜਲਦੀ ਰੱਖਦੇ ਸਨ। ਜਦੋਂ ਸੂਰਜ ਨਿੱਘ ਦੇਣ ਲਗ ਜਾਵੇ ਤਾਂ ਇਕੱਲੇ-ਇਕੱਲੇ ਬੂਟਿਆਂ ਦੇ ਗਮਲੇ ਚੁੱਕ ਕੇ ਉਸ ਧੁੱਪ ਵਿਚ ਲਿਆ-ਲਿਆ ਰੱਖਣੇ ਅਤੇ ਸ਼ਾਮ ਦੀ ਠੰਢ ਸ਼ੁਰੂ ਹੋਣ ਤੋਂ ਪਹਿਲਾਂ ਹੀ ਸੁਰਖਸ਼ਿਤ ਥਾਵਾਂ ਤੇ ਟਿਕਾ ਦੇਣੇ। 'ਸੋਦਰ' ਦਾ ਸਮਾਂ ਹੋਣ ਤੇ ਬਹੁਤ ਹੀ ਬੈਰਾਗਮਈ ਅਵਸਥਾ ਵਿਚ ਰਹਿਰਾਸ ਸਾਹਿਬ ਦਾ ਪਾਠ ਕਰਨਾ ਅਤੇ ਫੇਰ ਨਿੱਕੇ ਜਿਹੇ ਕੱਚੇ ਕੋਠੇ ਵਿਚ ਸਾਗ ਵਗੈਰਾ ਧਰ ਕੇ, ਮੱਕੀ ਦੇ ਪ੍ਰਸ਼ਾਦੇ ਬਣਾਉਣੇ ਅਤੇ ਆਪਣੀ ਕੀਤੀ ਹੋਈ ਮਿਹਨਤ ਦੀ ਬੱਚਤ ਦੀ ਕਮਾਈ ਵਿਚੋਂ ਗੁਰੂ ਦਰਬਾਰ ਵਿਚ ਕੇਸਰਾ ਸਿੰਘ ਦੇ ਹੱਥੀਂ ਮਾਇਆ ਭੇਜਦੇ ਰਹਿਣਾ ਅਤੇ ਬਚਦੀ ਮਾਇਆ ਦਾ ਘੀ ਆਦਿ ਰਾਸ਼ਨ ਲੈ ਆਉਣਾ। ਇਹ ਇਨ੍ਹਾਂ ਦੀ ਨਿਤ ਦੀ ਕ੍ਰਿਆ ਸੀ। ਜਦੋਂ ਕੱਪੜੇ ਮਸਤਾਨੇ ਹੋ ਜਾਣੇ, ਸੂਈ ਨਾਲ ਸਿਉਂ-ਸਿਉਂ ਕੇ ਪਾਉਣੇ। ਜਦੋਂ ਫੇਰ ਪਾਟ ਜਾਣੇ ਤਾਂ ਬਹੁਤ ਹੀ ਸਸਤਾ ਕੱਪੜਾ ਲਿਆ ਕੇ, ਪਹਿਨਣ ਵਾਲਾ ਲਿਵਾਸ ਹੱਥੀਂ ਸਿਉਂ ਕੇ ਬਣਾਉਣਾ ਪਰ ਕਮਾਲ ਇਹ ਸੀ ਕਿ ਦੋਹਾਂ ਦੇ ਐਨਾ ਫਬਦਾ ਸੀ, ਉਸ ਸਸਤੇ ਕੱਪੜੇ ਵਿਚੋਂ ਭੀ ਨੂਰ ਝੜ-ਝੜ ਪੈਣਾ। ਦੇਖਣ ਵਾਲਿਆਂ ਦਾ ਦਿਲ ਖਿਚਿਆ ਜਾਣਾ।

ਭਾਈ ਕੇਸਰਾ ਸਿੰਘ ਜੀ ਨੇ ਗੁਰੂ ਮਹਾਰਾਜ ਜੀ ਨਾਲ ਹੋਏ ਬਚਨ ਉਨ੍ਹਾਂ ਦੋਹਾਂ ਪ੍ਰੇਮੀਆਂ ਨੂੰ ਬਿਠਾ ਕੇ ਸੁਣਾ ਦਿਤੇ ਕਿ ਪਿਆਰਿਓ! ਪਾਤਸ਼ਾਹ ਜੀ ਦਾ ਹੁਕਮ ਹੈ ਕਿ ਨਾ ਅਸਾਡੇ ਦੀਦਾਰ ਕਰਨੇ ਹਨ ਤੇ ਨਾ ਆਪਣੇ ਦੀਦਾਰੇ ਦੇਣੇ ਹਨ। ਕਦੇ ਉਹ ਬਾਗ ਵਿਚ ਪਵਿੱਤਰ ਚਰਨ ਪਾਉਣ ਆਉਣ ਤਾਂ ਤੁਸੀਂ ਅਜਿਹੀ ਗੁੱਠ ਵਿਚ ਪਹੁੰਚ ਜਾਣਾ ਹੈ ਜਿਥੋਂ ਨਾ ਤੁਹਾਡੇ ਉਨ੍ਹਾਂ ਨੂੰ ਦਰਸ਼ਨ ਹੋਣ ਤੇ ਨਾ ਤੁਸੀਂ ਉਨ੍ਹਾਂ ਦੇ ਦਰਸ਼ਨ ਕਰ ਸਕੋਂ। ਬਹੁਤ ਹੀ ਕਰੜਾ ਹੁਕਮ ਸੀ ਜੋ ਭਾਈ ਕੇਸਰਾ ਸਿੰਘ ਜੀ ਨੇ ਸੁਣਾ ਦਿਤਾ ਤੇ ਨਾਲ ਇਹ ਭੀ ਕਿਹਾ ਕਿ ਇਸ ਹੁਕਮ ਨੂੰ ਸਿਰ ਮੱਥੇ ਰੱਖਦੇ ਹੋਏ ਤੁਹਾਨੂੰ ਸੇਵਾ ਤੋਂ ਕੋਈ ਰੋਕ ਨਹੀਂ ਹੈ, ਸੇਵਾ ਤੁਸੀਂ ਕਰ ਸਕਦੇ ਹੋਂ। ਜੇ ਇਹ ਹੁਕਮ ਤੁਹਾਨੂੰ ਭਾਉਂਦਾ ਹੋਵੇ ਤਾਂ ਤੁਸੀਂ ਨਿਸ਼ੰਗ ਗੁਰੂ ਕੇ ਬਾਗ ਦੀ ਸੇਵਾ ਕਰੋ, ਜੇ ਪਿਆਰਿਓ ਨਾ ਭਾਉਂਦਾ ਹੋਵੇ ਤਾਂ ਖੁਸ਼ੀਆਂ ਹੀ ਖੁਸ਼ੀਆਂ ਹਨ, ਤੁਸੀਂ ਕਿਸੇ ਮੌਕੇ ਵੀ ਹੋਰ ਥਾਂ ਜਾ ਸਕਦੇ ਹੋਂ। ਇਸ ਹੁਕਮ ਦੇ ਸਾਮ੍ਹਣੇ ਕਿਸੇ ਜੱਜ ਵਲੋਂ ਸਖਤ ਤੋਂ ਸਖਤ ਦਿਤਾ ਹੋਇਆ ਹੁਕਮ ਜੋ ਬੇਚੈਨੀ, ਘਬਰਾਹਟ ਪੈਦਾ ਕਰ ਸਕਦਾ ਹੈ, ਉਸ ਦੇ ਮੁਕਾਬਲੇ ਗੁਰੂ ਦੇ ਕੀਤੇ ਹੋਏ ਫੁਰਮਾਨ ਦੀ ਪੀੜਾ, ਅਸਹਿ ਤੇ ਬੇਅੰਤ ਹੈ। ਇਹ ਸੁਣਦੇ ਸਾਰ ਦੋਹਾਂ ਦੇ ਨੇਤਰਾਂ ਵਿਚ ਹੰਝੂਆਂ ਦੀ ਝੜੀ ਲੱਗ ਗਈ ਪਰ ਨਾਲ ਦੀ ਨਾਲ ਧਰਤੀ ਉਪਰ ਮੱਥੇ ਟੇਕ ਰਹੇ ਹਨ। ਜਦੋਂ ਬੋਲਣ ਦੀ ਸਮਰੱਥਾ ਹੋ ਆਈ ਤਾਂ ਕਹਿਣ ਲੱਗੇ, "ਭਾਈ ਕੇਸਰਾ ਸਿੰਘ ਜੀ! ਤੁਹਾਡਾ ਅਹਿਸਾਨ ਕਦੇ ਵੀ ਅਸੀਂ ਨਹੀਂ ਭੁਲਾਂਗੇ, ਅਸੀਂ ਆਪਣੇ ਗੁਰੂ ਦੇ ਹੁਕਮ ਵਿਚ ਹੀ ਜੀਵਾਂਗੇ ਅਤੇ ਗੁਰੂ ਦੇ ਹੁਕਮ ਵਿਚ ਹੀ ਆਪਣਾ ਅੰਤ ਦੇਖਣਾ ਚਾਹੁੰਦੇ ਹਾਂ। ਗੁਰੂ ਦਾ ਹੁਕਮ ਅਤਿ ਪਿਆਰਾ ਹੈ। ਇਹ ਗੱਲ ਸਾਨੂੰ ਬਹੁਤ ਢਾਰਸ ਦੇ ਰਹੀ ਹੈ ਕਿ ਗੁਰੂ ਮਹਾਰਾਜ ਜੀ ਨੂੰ ਅਸਾਡੀ ਹੋਂਦ ਤਾਂ ਮਹਿਸੂਸ ਹੋ ਰਹੀ ਹੈ। ਜਿਵੇਂ ਤੁਸੀਂ ਹੁਕਮ ਦਿਤਾ ਹੈ ਅਸੀਂ ਉਸ ਨੂੰ ਸਿਰ ਮੱਥੇ ਤੇ ਮੰਨ ਕੇ ਪੂਰਾ ਕਰਨ ਦਾ ਪੂਰਾ ਜਤਨ ਕਰਦੇ ਰਹਾਂਗੇ। ਪਰ ਅਸਾਥੋਂ ਸੇਵਾ ਨਾ ਖੋਹਣੀ; ਅਸਾਡੇ ਲਈ ਐਨਾ ਹੀ ਬਹੁਤ ਹੈ। ਇਸ ਸੇਵਾ ਤੋਂ ਬਿਨਾਂ ਅਸੀਂ ਸੈਕਿੰਡ ਵੀ ਜਿਉਂਦੇ ਨਹੀਂ ਰਹਿਣਾ। ਸਚਮੁੱਚ ਅਸਾਡੀ ਉਹ ਹਾਲਤ ਹੋ ਜਾਵੇਗੀ ਜੋ ਮੱਛੀ ਦੀ ਪਾਣੀ ਤੋਂ ਵਿਛੜ ਕੇ ਹੋਇਆ ਕਰਦੀ ਹੈ।" ਕੇਸਰਾ ਸਿੰਘ ਨੇ ਹੋਰ ਖੁਲ੍ਹ ਲੈ ਕੇ ਭੇਤ ਦੀ ਗੱਲ ਦੱਸੀ ਕਿ ਜਦੋਂ ਪਿਆਰਿਓ! ਤੁਹਾਡੇ ਬਾਰੇ ਕਲਗੀਧਰ ਪਾਤਸ਼ਾਹ ਨੂੰ ਦੱਸ ਰਿਹਾ ਸਾਂ ਤਾਂ ਉਨ੍ਹਾਂ ਨੇ ਵੀ ਤੁਹਾਡੇ ਪਿਆਰ ਦੀ ਖਿੱਚ ਨੂੰ ਮਹਿਸੂਸ ਕੀਤਾ ਜਿਵੇਂ ਸੁਣਦੇ-ਸੁਣਦੇ ਕਿਤੇ ਗਹਿਰੇ ਲੰਘ ਚੁੱਕੇ ਦ੍ਰਿਸ਼ ਨੂੰ ਦੇਖ ਰਹੇ ਹੋਣ। ਐਉਂ ਲਗਦਾ ਸੀ ਕਿ ਕੋਈ ਬਹੁਤ ਵੱਡੀ ਮਜ਼ਬੂਰੀ ਹੈ ਜੋ ਤੁਹਾਡੇ ਅਤੇ ਉਨ੍ਹਾਂ ਦੇ ਪਿਆਰ ਵਿਚ ਕੰਧ ਹੋ ਕੇ ਖੜ੍ਹੀ ਹੈ, ਉਨ੍ਹਾਂ ਦੇ ਨੇਤਰ ਸੁਜੱਲ ਹੋ ਗਏ ਸਨ ਤੇ ਇਹ ਹੁਕਮ ਕਿਸੇ ਕਾਰਨ ਕਰਕੇ ਆਪ ਜੀ ਲਈ ਦਿਤਾ ਹੈ। ਪਰ ਨਾਲ ਇਹ ਫੁਰਮਾਨ ਕਰ ਦਿਤਾ ਹੈ ਕਿ ਮਾਤਾ ਜੀਤੋ ਜੀ ਤੁਹਾਡੇ ਪਾਸ ਕਦੇ ਕਦਾਈਂ ਆ ਜਾਇਆ ਕਰਨਗੇ ਅਤੇ ਤੁਹਾਡੀ ਰੂਹਾਨੀ ਤਰੱਕੀ ਉਨ੍ਹਾਂ ਦੇ ਦਰਸ਼ਨ ਕਰਕੇ, ਉਨ੍ਹਾਂ ਦੀ ਸੰਗਤ ਕਰਕੇ ਉਚਾਈਆਂ ਉਪਰ ਲਹਿਲਹਾਉਂਦੀ ਰਹੇਗੀ। ਪਿਆਰਿਓ! ਮੈਨੂੰ ਤਾਂ ਐਉਂ ਲਗਦਾ ਹੈ ਕਿ ਇਹ ਪਹੁ ਫੁਟਾਲਾ ਤੁਹਾਡੇ ਉਤੇ ਪ੍ਰਗਟ ਹੋ ਰਿਹਾ ਹੈ। ਕੋਈ ਸਮਾਂ ਆਵੇਗਾ ਜਦੋਂ ਸੂਰਜ ਭਗਵਾਨ ਦੇ ਵੀ ਦਰਸ਼ਨ ਆਪ ਨੂੰ ਹੋ ਜਾਣਗੇ। ਤੁਹਾਡੀਆਂ ਤੁਸੀਂ ਜਾਣੋਂ, ਨਾ ਹੀ ਤੁਸੀਂ ਕੋਈ ਸਪਸ਼ਟ ਗੱਲ ਕਰਦੇ ਹੋਂ, ਨਾ ਹੀ ਮੇਰੇ ਮਾਲਕ ਨੇ ਕੋਈ ਸਪਸ਼ਟ ਗੱਲ ਦੱਸੀ ਹੈ, ਕੋਈ ਵਿਘਨ ਤੁਹਾਡੀ ਪ੍ਰੀਤ ਦੇ ਵਿਚਾਲੇ ਖੜੋਤਾ ਹੈ ਜੋ ਤੁਹਾਨੂੰ ਪ੍ਰੀਤ ਮਿਲਣੀ ਤੋਂ ਵਾਂਝੇ ਰੱਖ ਰਿਹਾ ਹੈ।

ਸਮੇਂ ਲੰਘਦੇ ਗਏ, ਮਾਤਾ ਜੀ ਪਿਆਰ ਦੀਆਂ ਖਿੱਚਾਂ ਖਾਂਦੇ ਹੋਏ, ਇਸ ਸੁਭਾਗ ਜੋੜੇ ਪਾਸ ਸ਼ਾਮਾਂ ਪਈਆਂ ਤੇ ਆ ਜਾਂਦੇ, ਬੈਠ ਕੇ ਬਹੁਤ ਹੀ ਪਿਆਰ ਨਾਲ 'ਸੋ ਦਰ' ਦੀ ਚੌਂਕੀ ਸੁਣਦੇ। ਉਸ ਉਪਰੰਤ ਰੋਮ-ਰੋਮ ਤੋਂ ਬਿਰਹੋਂ ਭਿਜਿਆ ਸ਼ਬਦ ਨਾਦ ਸੁਣਦੇ। ਜਦੋਂ ਸਰੋਦ ਵਜਦੀ ਤਾਂ ਉਸ ਵੇਲੇ ਐਉਂ ਮਹਿਸੂਸ ਹੁੰਦਾ ਹੈ ਕਿ ਗੁਰੂ ਕੇ ਬਾਗ ਨਾਲ ਲਗਦੀ ਨਦੀ ਦਾ ਪਾਣੀ ਪ੍ਰਵਾਹ ਨਾਲੋਂ ਵਿਛੁੜ-ਵਿਛੁੜ ਕੇ ਇਸ ਗੁਰ ਸ਼ਬਦ ਨਾਦ ਨੂੰ ਸੁਣਨ ਲਈ ਠਹਿਰਨ ਲਗ ਜਾਂਦਾ। ਪੰਛੀ ਆਪਣੇ ਆਲ੍ਹਣਿਆਂ ਵਿਚ ਬੈਠੇ ਮਸਤ ਹੋ ਜਾਂਦੇ, ਦਰਖਤ, ਬੂਟੇ, ਸਾਰੀ ਫੁਲਵਾੜੀ ਕਿਸੇ ਅਕਹਿ ਮਸਤੀ ਵਿਚ ਲੀਨ ਹੋ ਜਾਂਦੀ; ਸਮਾਂ ਕਿੰਨਾ ਕੁ ਲੰਘ ਜਾਂਦਾ ਕੋਈ ਪਤਾ ਨਹੀਂ। ਕੱਚੇ ਕੋਠੇ ਤੋਂ ਬਾਹਰ ਚਾੜ੍ਹੀ ਹੋਈ ਦਾਲ ਭਾਜੀ ਉਬਲ-ਉਬਲ ਕੇ ਅੱਗ ਬੁਝਾ

ਦਿੰਦੀ ਪਰ ਗੁਰ ਸ਼ਬਦ ਦੀ ਲੀਨਤਾ ਜੋਗੀਆਂ ਦੀਆਂ ਲਾਉਣ ਵਾਲੀਆਂ ਸਮਾਧੀਆਂ, ਸਾ-ਵਿਕਲਪ ਤੇ ਨਿਰਵਿਕਲਪ ਦੀਆਂ ਹੱਦਾਂ ਲੰਘ ਕੇ ਅਗੰਮ ਤੇ ਅਗੋਚਰ ਮੰਡਲ ਵਿਚ ਪਹੁੰਚਾ ਦਿੰਦੀ ਜਿਸ ਦਾ ਨਾ ਸਮਾਂ ਹੁੰਦਾ ਹੈ, ਨਾ ਹੀ ਕੋਈ ਜੁਦਾਇਗੀ ਹੁੰਦੀ ਹੈ; ਆਪਣਾ ਆਪਾ ਵੀ ਨਹੀਂ ਹੁੰਦਾ। ਜੇ ਹੁੰਦੀ ਹੈ ਤਾਂ ਇਕ ਐਸੀ ਅਵਸਥਾ, ਜਿਥੇ ਆਪੇ ਆਪ ਦਾ ਹੀ ਪਸਾਰਾ ਹੁੰਦਾ ਹੈ। ਇਸ ਪ੍ਰੇਮ ਆਪੇ ਵਿਚ ਸੁਰਤਾਂ ਲੀਨ ਹੋ ਕੇ ਆਪਣੀ ਹੋਂਦ ਪੂਰੀ ਤਰ੍ਹਾਂ ਨਾਲ ਗੁਆ ਬੈਠਦੀਆਂ ਹਨ। ਮਾਤਾ ਜੀ ਤਾਂ ਪ੍ਰੇਮ ਯੋਗੀ ਸਨ ਹੀ, ਪਰ ਸ਼ਬਦ ਦੀ ਉਡਾਰੀ ਸੁਰਤ ਨੂੰ ਮਾਇਕ ਮੰਡਲਾਂ ਵਿਚੋਂ ਖਿੱਚ ਕੇ ਅਗੰਮ ਅਗੋਚਰ ਦੇ ਮਹਾਨ ਅਨੰਦਦਾਇਕ ਪ੍ਰੇਮ ਚੇਤਨ, ਪ੍ਰੇਮ ਰਸ ਵਿਚ ਲੀਨ ਕਰਾ ਦਿੰਦੀ। ਇਸ ਅਵਸਥਾ ਨੂੰ ਕੀ ਕਿਹਾ ਜਾਵੇ? ਕਿਸੇ ਵੇਦ ਕਤੇਬ ਵਿਚੋਂ, ਕਿਸੇ ਕੁਰਾਨ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਵਿਚੋਂ ਇਸ ਅਵਸਥਾ ਨੂੰ ਦੱਸਣ ਵਾਲੇ ਸ਼ਬਦ ਨਹੀਂ ਮਿਲ ਸਕਦੇ। ਜੇ ਸਮਝ ਸਕਦੇ ਹਾਂ ਤਾਂ ਅਸੀਂ ਵੀ ਨਿਰਸ਼ਬਦ ਹੋ ਕੇ ਨਿਰਮਲ ਤੇ ਸੂਖਸ਼ਮ ਅਨੁਭਵ ਰੂਪੀ ਗਰੁੜ ਦੀ ਉਡਾਰੀ ਲਾ ਸਕਦੇ ਹਾਂ ਪਰ ਅਬੋਲ ਹੀ ਰਹਾਂਗੇ ਕਿਉਂਕਿ ਸ਼ਬਦ ਮਾਇਕ ਮੰਡਲ ਵਿਚ ਉਪਜਦੇ ਹਨ, ਮਾਇਕ ਮੰਡਲ ਦੀਆਂ ਸੂਹਾਂ ਦਿੰਦੇ ਹਨ ਪਰ ਅਸ਼ਬਦ ਮੰਡਲ ਵਿਚ ਜਿਥੇ ਕੋਈ ਦੂਜਾ ਰਹਿੰਦਾ ਹੀ ਨਹੀਂ, ਉਸ ਬਾਰੇ ਕਿਹਾ ਜਾਵੇ, ਤਾਂ ਕੀ ਕਿਹਾ ਜਾਵੇ। ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਕਰਕੇ ਅਸਾਨੂੰ ਕੀਰਤਨ ਦੀ ਉਡਾਰੀ ਬਖਸ਼ੀ। ਸੋ ਮਾਤਾ ਜੀ ਬਹੁਤ ਹੀ ਪਿਆਰ ਸਹਿਤ ਇਸ ਜੋੜੇ ਨੂੰ ਅਤਿ ਉਚੀਆਂ ਉਡਾਰੀਆਂ ਵਿਚ ਪ੍ਰਵੇਸ਼ ਕਰਾ ਦਿੰਦੇ। ਕਈ ਵਾਰੀ ਸਮਾਂ ਕਾਫੀ ਹੋ ਜਾਂਦਾ ਤਾਂ ਦੂਰ ਖੜ੍ਹੇ ਅੰਗ-ਰਖਸ਼ਕ ਭੀ ਕੁਝ ਹੈਰਾਨ ਹੋ ਜਾਂਦੇ ਪਰ ਮਾਤਾ ਜੀ ਇਸ ਮਹਾਨ ਅਨਹਤ ਸੁੰਨ ਵਿਚੋਂ ਸਰੀਰ ਵਿਚ ਪ੍ਰਵੇਸ਼ ਕਰਕੇ ਮਹਾਨ ਰਸ ਮਾਣਦੇ ਹੋਏ ਮਹਿਲਾਂ ਨੂੰ ਜਾਂਦੇ। ਗੁਰੂ ਦਸ਼ਮੇਸ਼ ਪਿਤਾ ਜੀ ਦੀ ਪੂਰਨ ਆਗਿਆ ਸੀ ਇਸ ਵਾਸਤੇ ਕਿਸੇ ਸ਼ੰਕੇ-ਸੰਸੇ ਦੀ ਗੁੰਜਾਇਸ਼ ਹੀ ਨਹੀਂ ਸੀ। ਸੋਹਣਾ ਤੇ ਮੋਹਣਾ ਜੀ ਨੇ ਹਰ ਸਵੇਰ ਖੁਸ਼ਬੂਦਾਰ ਫੁਲਾਂ ਦਾ ਸਿਹਰਾ ਤਿਆਰ ਕਰਨਾ, ਤੇ ਰੰਗਾਂ ਨੂੰ ਅਜਿਹੇ ਢੰਗ ਨਾਲ ਸਿਹਰੇ ਵਿਚ ਗੁੰਦਣਾ ਕਿ ਦੇਖਣ ਵਾਲੇ ਦੀ ਨਿਗ੍ਹਾ ਟਿਕੀ ਦੀ ਟਿਕੀ ਹੀ ਰਹਿੰਦੀ ਸੀ। ਇਹ ਸੁਹੱਪਣ ਤੇ ਸੋਹਝ ਨੂੰ ਦੇਖ ਕੇ ਆਪਣੇ ਆਪ ਹੀ ਅਬੋਲ ਅਨੁਭਵ ਨੂੰ ਮਹਿਸੂਸ ਕੀਤਾ ਜਾਂਦਾ ਸੀ। ਮਾਤਾ ਜੀ ਨੇ ਇਹ ਸਿਹਰਾ ਦਸ਼ਮੇਸ਼ ਪਿਤਾ ਜੀ ਪਾਸ ਪਿਟਾਰੀ ਵਿਚ ਪਾ ਕੇ ਭੇਟਾ ਕਰਨਾ, ਸੁਗੰਧੀ ਫੈਲ ਜਾਣੀ ਅਤੇ ਗੁਰੂ ਦਸ਼ਮੇਸ਼ ਪਿਤਾ ਜੀ ਦੇ ਗਲੇ ਵਿਚ ਪਹਿਰਾਅ ਦੇਣਾ। ਇਹ ਕੋਈ ਐਸੇ ਨਜ਼ਾਰੇ ਸਨ ਜੋ ਲੱਖ ਤਰਲਾ ਕਰਨ ਤੇ ਵੀ ਆਦਮੀ ਨੂੰ ਅਨੁਭਵ ਨਹੀਂ ਹੋ ਸਕਦੇ। ਇਸ ਤਰ੍ਹਾਂ ਸਮੇਂ ਬੀਤ ਗਏ ਮਾਤਾ ਜੀ ਦੀ ਸੰਗਤ ਕਰਕੇ ਜੀਵਤ ਭਾਵ ਤੋਂ ਉਰਾਰ ਪਾਰ ਜਾਣ ਦੀ ਸੋੱਤਿਆ ਆ ਗਈ। ਇਧਰ ਵੀ ਪ੍ਰਤੱਖ ਗੁਰੂ ਰੂਪ ਹੈ ਅਤੇ ਪਾਰ ਭੀ ਗੁਰੂ ਸਰੂਪ ਪ੍ਰਤੱਖ ਦ੍ਰਿਸ਼ਟੀ ਆਉਣਾ; ਇਹ ਮਾਤਾ ਜੀ ਦੀ ਅਤਿ ਦੀ ਬਖਸ਼ਿਸ਼ ਸੀ ਜੋ ਇਸ ਸੁਭਾਗ ਜੋੜੇ ਨੂੰ ਪ੍ਰਾਪਤ ਹੋਈ।

ਅੱਜ ਇਸ ਸੁਤੇ ਚਲੀ ਆ ਰਹੀ ਲਿਵ ਮੰਡਲ ਵਿਚ ਇਕ ਜ਼ੋਰਦਾਰ ਝਟਕਾ ਲੱਗਿਆ ਅਤੇ ਇਕ ਰੋਡੇ ਜਲਾਲੀ ਨਾਮ ਦੇ ਫਕੀਰ ਨੇ ਮੋਹਣਾ ਜੀ ਤੋਂ ਫੁਲਾਂ ਦੀ ਮੰਗ ਕੀਤੀ ਤੇ ਨਾਲ ਕਿਹਾ ਕਿ ਜੇ ਫਕੀਰ ਨੂੰ ਫੁੱਲ ਨਾ ਦਿਤੇ ਤਾਂ ਫਕੀਰ ਸਰਾਪ ਦੇ ਦੇਵੇਗਾ। ਇਹ ਸੁਣਦੇ ਸਾਰ ਮੋਹਣਾ ਜੀ ਦੀਆਂ ਡਾਡਾਂ ਨਿਕਲ ਗਈਆਂ, ਅਰਦਾਸ ਵਿਚ ਚਲੀ ਗਈ ਤੇ ਬੇਨਤੀ ਕਰੀ, "ਹੇ ਗੁਰੂ ਕਲਗੀਧਰ ਪਾਤਸ਼ਾਹ! ਅੱਗੇ ਤੇਰੇ ਇਕ ਪਿਆਰੇ ਨੂੰ ਅਸੀਂ ਦੋ ਘੁੱਟ ਪਾਣੀ ਨਾ ਪਿਲਾ ਸਕੇ ਤਾਂ ਉਸ ਦਾ ਬਚਨ ਹੋਇਆ ਕਿ 'ਠਾਕੁਰ ਦਰਸ਼ਨ ਨਹੀਂ ਜੇ ਦੇਣ ਲੱਗਾ।' ਅੱਜ ਤੱਕ ਅਸੀਂ ਉਸ ਦੇ ਇਸ ਸੰਤਾਪ ਵਿਚੋਂ ਨਹੀਂ ਨਿਕਲ ਸਕੇ। ਹੁਣ ਇਹ ਫਕੀਰ ਸਾਈਂ ਸਰਾਪ ਦੇਣ ਦੀ ਗੱਲ ਕਹਿ ਰਿਹਾ ਹੈ। ਕਿਤੇ ਅਸਾਨੂੰ ਜਨਮਾਂ ਜਨਮਾਂਤਰਾਂ ਵਿਛੋੜੇ ਦਾ ਸੱਲ੍ਹ ਨਾ ਝੱਲਣਾ ਪਵੇ। ਜੇ ਫੁੱਲ ਦਿੰਦੇ ਹਾਂ ਤਾਂ ਮਾਤਾ ਜੀ ਦਾ ਪਿਆਰ ਬਲੂੰਧਰਿਆ ਜਾਂਦਾ ਹੈ। ਜੇ ਪਾਤਸ਼ਾਹ! ਨਹੀਂ ਦਿੰਦੇ ਤਾਂ ਇਸ ਫਕੀਰ ਦੇ ਸਰਾਪ ਦਾ ਡਰ ਲਗਦਾ ਹੈ।" ਦਸ਼ਮੇਸ਼ ਪਿਤਾ ਦੇ ਚਰਨਾਂ ਵਿਚ ਅਰਦਾਸ ਪੁੱਜੀ ਤੇ ਅੰਤਰ ਆਤਮੇ ਆਵਾਜ਼ ਆਈ ਕਿ ਬੇਟੀ! ਤੂੰ ਕਹਿ ਦੇ, ਇਹ ਬਾਗ ਮੇਰਾ ਨਹੀਂ ਹੈ, ਗੁਰੂ ਦਾ ਹੈ। ਗੁਰੂ ਦੀ ਚੀਜ਼ ਗੁਰੂ ਤੋਂ ਹੀ ਮਿਲ ਸਕਦੀ ਹੈ। ਅਨੁਭਵ ਦੀ ਇਸ ਆਵਾਜ਼ ਨੇ ਉਸਨੂੰ ਜਿਉਂਦਿਆਂ ਕਰ ਦਿਤਾ, ਉਸ ਨੇ ਦੋਏ ਹੱਥ ਬੰਨ੍ਹੇ ਤੇ ਫਕੀਰ ਸਾਂਈ ਦੇ ਚਰਨੀਂ ਹੱਥ ਲਾ ਕੇ ਕਿਹਾ, "ਫਕੀਰ ਸਾਂਈ! ਇਥੇ ਮੇਰਾ ਤਾਂ ਕੁਝ ਵੀ ਨਹੀਂ ਹੈ, ਨਾ ਮੇਰੇ ਪਤੀ ਦਾ ਕੁਝ ਹੈ ਜੋ ਅਸੀਂ ਤੈਨੂੰ ਦੇ ਦੇਈਏ। ਅਸਾਡੇ ਕੋਲ ਦੋ ਸਰੀਰ ਹਨ ਇਹ ਵੀ ਗੁਰੂ ਚਰਨਾਂ ਤੇ ਨਿਛਾਵਰ ਕਰ ਚੁੱਕੇ ਹਾਂ। ਮੰਗ, ਉਸ ਮਾਲਕ ਤੋਂ, ਜੋ ਇਸ ਦਾ ਮਾਲਕ ਹੈ। ਫਕੀਰ ਬੁਰੀਆਂ ਗੱਲਾਂ ਕਹਿੰਦਾ ਹੋਇਆ ਚਲਿਆ ਗਿਆ। ਸੋਹਣਾ ਜੀ ਅਵੇਰ ਹੋਈ ਕਿਸੇ ਕੰਮ ਤੋਂ ਭੇਜੇ ਹੋਏ ਵਾਪਸ ਆਏ। ਉਸ ਵੇਲੇ ਰੋ-ਰੋ ਕੇ ਮੋਹਣਾ ਜੀ ਨੇ ਸਾਰੀ ਗੱਲ ਦੱਸੀ ਕਿ ਉਹ ਫਕੀਰ ਐਸੀ ਬਾਤ ਕਹਿੰਦਾ ਗਿਆ ਹੈ, ਜੋ ਮੇਰੇ ਲਈ ਸੁਣਨੀ ਕਠਿਨ ਸੀ। ਪਤੀ ਦੇਵ ਜੀ, ਅਸੀਂ ਤਾਂ ਪਹਿਲਾਂ ਹੀ ਅਤਿ ਸੰਤਾਪੇ ਹੋਏ, ਬਿਰਹੁ ਦਾ ਘਾਉ ਖਾ ਕੇ ਪੀੜਤ ਹੋ ਰਹੇ ਹਾਂ, ਹੁਣ ਕੀ ਬਣੇਗਾ? ਜੋ ਕੁਛ ਮੈਂ ਕਿਹਾ, ਉਹ ਮੇਰੇ ਤੋਂ ਗੁਰੂ ਮਹਾਰਾਜ ਜੀ ਨੇ ਅੰਦਰ ਸੱਤਾ ਦੇ ਕੇ ਕਹਾਇਆ। ਇਹ ਬਚਨ ਸੁਣ ਕੇ ਸੋਹਣਾ ਜੀ ਵੀ ਗੰਭੀਰ ਚੁੱਪ ਵਿਚ ਆ ਗਏ। ਅੱਜ ਭਜਨ ਵਿਚ ਜੀਅ ਨਹੀਂ ਲਗਦਾ, ਵੱਡੀ ਰਾਤ ਚੁੱਪ ਵਿਚ ਬੈਠੇ ਰਹੇ। ਇਸ ਤਰ੍ਹਾਂ ਲੱਗਿਆ ਜਿਵੇਂ ਉਨ੍ਹਾਂ ਦਾ ਕੋਈ ਸਭ ਕੁਝ ਲੁੱਟ ਕੇ ਲੈ ਗਿਆ ਹੁੰਦਾ ਹੈ।

ਦੂਜੇ ਪਾਸੇ ਅੱਜ ਮਾਤਾ ਜੀ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਪਾਤਸ਼ਾਹ! ਇਸ ਬਿਰਹੁ ਕੁੱਠੀ ਜੋੜੀ ਉਪਰ ਬਹੁਤ ਸਖਤ ਪਾਬੰਦੀ ਲੱਗੀ ਹੋਈ ਹੈ। ਜਦੋਂ ਉਨ੍ਹਾਂ ਦੇ ਮੁਖ ਤੋਂ ਕੀਰਤਨ ਸੁਣੀਦਾ ਹੈ ਤਾਂ ਐਉਂ ਲਗਦਾ ਹੈ ਕਿ ਬੈਰਾਗ ਰੂਪਮਾਨ ਹੋ ਕੇ ਸਾਰੇ ਵਾਤਾਵਰਨ ਵਿਚ ਵਰਖਾ ਕਰ ਰਿਹਾ ਹੈ। ਪਰ ਇਹ ਬੈਰਾਗ ਨਿਰਾਸ਼ਾਵਾਦੀ ਨਹੀਂ ਪ੍ਰਤੀਤ ਦਿੰਦਾ, ਆਸ਼ਾਵਾਦੀ ਅਤੇ ਚੜ੍ਹਦੀ ਕਲਾ ਦੀ ਝਲਕ ਪੈਂਦੀ ਹੈ ਅਤੇ ਆਸ ਦੀ ਛੋਹ ਬਹੁਤ ਪੀਡੀ ਮਹਿਸੂਸ ਹੁੰਦੀ ਹੈ। ਪਾਤਸ਼ਾਹ ਜੀ! ਆਪ ਦੇ ਦਰਸ਼ਨ ਇਸ ਜੋੜੇ ਨੂੰ

ਕਦੋਂ ਹੋਣਗੇ, ਕੀ ਜਨਮਾਂ-ਜਨਮਾਂਤਰਾਂ ਤੱਕ ਇਸੇ ਆਸ ਵਿਚ ਜਨਮ ਲੈਣੇ ਪੈਣਗੇ ਜਾਂ ਇਸੇ ਜਨਮ ਵਿਚ ਦਰਸ਼ਨ ਹੋ ਸਕਣਗੇ? ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਗੰਭੀਰ ਹੋ ਕੇ ਕਿਹਾ ਕਿ ਗੁਰੂ ਪੱਥਰ ਨਹੀਂ ਹੋਇਆ ਕਰਦਾ, ਜੋ ਬਿਰਹੁ ਦੀ ਪੀੜ ਉਨ੍ਹਾਂ ਦੇ ਹਿਰਦੇ ਵਿਚ ਉਠ ਰਹੀ ਹੈ ਉਹ ਮੇਰੇ ਅੰਦਰ ਅਤਿ ਦੀ ਖਿੱਚ ਪਾ ਰਹੀ ਹੈ ਪਰ ਤੈਨੂੰ ਮੈਂ ਭੇਤ ਦੀ ਗੱਲ ਦਸਦਾ ਹਾਂ ਕਿ ਮੇਰੇ ਅਤਿ ਪਿਆਰੇ ਗੁਰਸਿੱਖ ਨੇ ਮੇਰੇ ਸਭ ਦੀ ਭਲਾਈ ਦੇ ਹੁਕਮਾਂ ਨੂੰ ਮੰਨਦੇ ਹੋਏ ਪਾਉਂਟੇ ਸਾਹਿਬ ਵਲ ਨੂੰ ਆ ਰਹੇ ਬੀਬੀਆਂ, ਬੱਚਿਆਂ ਤੇ ਮਰਦਾਂ ਨੂੰ ਡਾਕੂਆਂ ਤੋਂ ਬਚਾਉਣ ਲਈ ਆਪਣਾ ਬਲੀਦਾਨ ਦੇ ਦਿਤਾ। ਉਹ ਪਾਣੀ ਦੇ ਲਈ ਰਾਏਪੁਰ ਰਾਣੀ ਵੱਲ ਦੌੜਿਆ। ਇਹ ਠਾਕੁਰ ਦੀ ਪੂਜਾ ਲਈ ਸਵੱਛ ਜਲ ਲੈ ਕੇ ਜਾ ਰਹੇ ਸਨ। ਉਸ ਨੇ ਇਨ੍ਹਾਂ ਤੋਂ ਦੋ ਘੁੱਟ ਪਾਣੀ ਮੰਗਿਆ ਤੇ ਕਿਹਾ ਕਿ ਮੇਰਾ ਖ਼ੂਨ ਵਹਿ ਰਿਹਾ ਹੈ। ਪਰ ਇਨ੍ਹਾਂ ਨੇ ਪੂਜਾ ਵਿਚ ਭੰਗਣਾ ਪੈਣ ਦੇ ਡਰ ਤੋਂ ਪਾਣੀ ਨੂੰ ਸੁੱਚਾ ਰੱਖਣ ਲਈ, ਜਿਉਂਦੇ ਠਾਕੁਰ ਦੀ ਪਛਾਣ ਨਾ ਹੋਣ ਕਰਕੇ ਉਸ ਗੁਰਸਿੱਖ ਨੂੰ ਪਾਣੀ ਨਾ ਪਿਲਾਇਆ ਤੇ ਉਸ ਦੇ ਮੁਖ ਵਿਚੋਂ ਇਹ ਵਾਕ ਨਿਕਲ ਗਏ ਕਿ ਜਿਸ ਠਾਕੁਰ ਨੂੰ ਤੁਸੀਂ ਪੂਜਦੇ ਹੋ ਉਹ ਮੁਰਦਾ ਨਹੀਂ, ਜਿਉਂਦਾ ਹੈ, ਪਛਾਣੋ। ਨਾਲੇ ਠਾਕੁਰ ਨੂੰ ਪਿਆਰ ਕਰਨਾ, ਨਾਲੇ ਉਸ ਦੇ ਜਿਉਂਦੇ ਬੰਦੇ ਨੂੰ ਦੋ ਘੁੱਟ ਪਾਣੀ ਨਾ ਪਿਲਾ ਕੇ ਪੱਥਰ ਦੀ ਮੂਰਤੀ ਉਤੇ ਪਾਣੀ ਡੋਲ੍ਹਣਾ ਫੱਬਦਾ ਨਹੀਂ ਹੈ। ਇਸ ਤਰ੍ਹਾਂ 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ' ਤਿੰਨ ਵਾਰੀ ਉਸ ਦੇ ਮੁਖ ਵਿਚੋਂ ਨਿਕਲਿਆ-'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ', 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ', 'ਠਾਕਰ ਦਰਸ਼ਨ ਨਹੀਂ ਜੇ ਦੇਣ ਲੱਗਾ'। ਦੋ ਅੱਖਰ ਮੈਨੂੰ ਬੰਨ੍ਹ ਰਹੇ ਹਨ ਇਸ ਛੋਟੇ ਜਿਹੇ ਵਾਕ ਵਿਚੋਂ ਨਿਕਲੇ ਹੋਏ - 'ਨਹੀਂ ਜੇ'। ਮੈਂ ਆਪਣੇ ਗੁਰਸਿੱਖ ਦਾ ਬਚਨ ਨਹੀਂ ਬਦਲ ਸਕਦਾ, ਗੁਰੂ ਦੇ ਮਾਰੇ ਨੂੰ ਪਿਆਰੇ ਬਚਾਅ ਲੈਂਦੇ ਹਨ ਪਰ ਪਿਆਰਿਆਂ ਦੇ ਮਾਰੇ ਨੂੰ ਮੈਂ ਬਖਸ਼ ਨਹੀਂ ਸਕਦਾ; ਇਹ ਰੀਤ ਆਦਿ ਜੁਗਾਦਿ ਤੋਂ ਚਲੀ ਆ ਰਹੀ ਹੈ -

*ਮੇਰੀ ਬਾਂਧੀ ਭਗਤੁ ਛਡਾਵੈ*
*ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*

*ਪੰਨਾ - 1252*

ਪਹਿਲੇ ਹੋ ਚੁੱਕੇ ਗੁਰੂਆਂ ਨੇ ਇਸ ਅਕਾਲ ਮੰਡਲ ਤੋਂ ਆਈ ਹੋਈ ਬਾਣੀ ਦੇ ਸਿਧਾਂਤ ਨੂੰ ਕਾਇਮ ਰੱਖਿਆ। ਭਾਈ ਬੁੱਧੂ ਦਾ ਆਵਾ ਤਾਂ ਕੱਚਾ ਰਿਹਾ ਪਰ ਗੁਰੂ ਦੀ ਬਖਸ਼ਿਸ਼ ਨਾਲ ਪੱਕਿਆਂ ਤੋਂ ਵੀ ਮਹਿੰਗੇ ਭਾਅ ਇੱਟਾਂ ਵਿਕ ਗਈਆਂ। ਦੁਆਪਰ ਵਿਚ ਕ੍ਰਿਸ਼ਨ ਜੀ ਨੇ ਆਪਣੀ ਕੁਲ ਦਾ ਨਾਸ਼ ਤਾਂ ਕਰਾ ਲਿਆ ਪਰ ਦਰਵਾਸ਼ਾ ਰਿਸ਼ੀ ਦਾ ਬਚਨ ਨਾ ਬਦਲਿਆ। ਸੋ ਇਹ ਇਕ ਦੀਵਾਰ ਹੈ ਜੋ ਮੇਰੇ ਅਤੇ ਉਨ੍ਹਾਂ ਦੇ ਵਿਚਾਲੇ ਖੜ੍ਹੀ ਹੈ। ਮਾਤਾ ਜੀ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਕੋਈ ਐਸੀ ਹਾਲਤ ਵੀ ਹੈ ਜਿਥੇ ਉਨ੍ਹਾਂ ਨੂੰ ਦਰਸ਼ਨ ਹੋਣ ਦੀ ਕੋਈ ਸੰਭਾਵਨਾ ਪੈਦਾ ਹੋ ਸਕੇ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਜਦੋਂ ਉਹ ਗੁਰੂ ਪਿਆਰ ਵਿਚ ਆਪਣੇ ਆਪੇ ਦੀ ਵਲਗਣ ਵਿਚੋਂ ਨਿਕਲ ਕੇ ਪ੍ਰਮ ਆਪੇ ਵਿਚ ਉਰਾਰ ਪਾਰ ਹੋਣ ਦੀ ਹਾਲਤ ਪੈਦਾ ਕਰ ਲੈਣਗੇ, ਜਾਂ ਹਾਲਤ ਪੈਦਾ ਹੋ ਜਾਵੇਗੀ, ਉਸ ਵੇਲੇ ਇਹ ਦੋ ਅੱਖਰ 'ਨਹੀਂ ਜੇ' ਮਿਟ ਜਾਣਗੇ ਅਤੇ ਠਾਕੁਰ ਦਰਸ਼ਨ ਦੇਵੇਗਾ। ਮਾਤਾ ਜੀ ਨੂੰ ਬਹੁਤ ਖ਼ੁਸ਼ੀ ਹੋਈ ਕਿ ਆਸ ਦੀ ਡੋਰ ਤਾਂ ਕਾਇਮ ਹੈ, ਜ਼ਰੂਰ ਦਰਸ਼ਨ ਹੋ ਜਾਣਗੇ।

ਅੱਜ ਰਾਤ ਜਦੋਂ ਸੋਹਣਾ ਤੇ ਮੋਹਣਾ ਫਕੀਰ ਦੇ ਬਚਨਾਂ ਨੂੰ ਸੋਚਦੇ ਹੋਏ ਨੀਂਦ ਵਿਚ ਟਿਕ ਗਏ ਤਾਂ ਉਸ ਰੋਡਾ ਜਲਾਲੀ ਨੇ ਰਾਤ ਨੂੰ ਆ ਕੇ ਸਾਰੇ ਫੁਲਾਂ ਦੇ ਬੂਟੇ ਬਲੂੰਦਰ ਦਿਤੇ ਅਤੇ ਫੁੱਲ ਤੋੜ ਕੇ ਪਟਾਰੀ ਵਿਚ ਪਾ ਕੇ ਲੈ ਗਿਆ ਅਤੇ ਜਾ ਕੇ ਗੁਰੂ ਮਹਾਰਾਜ ਜੀ ਦੀ ਭੇਟਾ ਕਰ ਦਿਤੇ। ਏਧਰ ਜਦੋਂ ਅੰਮ੍ਰਿਤ ਵੇਲੇ ਦਿਨ ਚੜ੍ਹਿਆ ਅਤੇ ਪੈ ਰਹੀ ਗਾੜ੍ਹੀ ਧੁੰਦ ਵਿਚੋਂ ਪ੍ਰਕਾਸ਼ ਦੀ ਕਿਰਨ ਪੈਦਾ ਹੋਈ ਤਾਂ ਕੀ ਦੇਖਦੇ ਹਨ ਕਿ ਫੁਲਾਂ ਦੇ ਬੂਟੇ ਬਲੂੰਦਰੇ ਪਏ ਹਨ, ਸੀਸ਼ੇ ਟੁੱਟੇ ਪਏ ਹਨ, ਨਿੱਕੀਆਂ ਛਪਰੀਆਂ ਧਰਤੀ ਤੇ ਡਿੱਗੀਆਂ ਪਈਆਂ ਹਨ ਅਤੇ ਇਕ ਵੀ ਫੁੱਲ ਜੋ ਬਹੁਤ ਹੀ ਮਿਹਨਤਾਂ ਦੇ ਨਾਲ ਮੌਸਮ ਤੋਂ ਬਚਾਅ-ਬਚਾਅ ਕੇ ਪੈਦਾ ਕੀਤੇ ਹੋਏ ਸਨ, ਨਜ਼ਰ ਨਹੀਂ ਆ ਰਿਹਾ। ਗਰਮੀਆਂ ਵਿਚ ਫੁੱਲ ਦੇਣ ਵਾਲਾ ਮੋਤੀਆ ਤਰੁੰਡਿਆ-ਮਰੁੰਡਿਆ ਪਿਆ ਸੀ। ਟਾਹਣੀਆਂ ਟੁੱਟ ਕੇ ਧਰਤੀ ਤੇ ਪਈਆਂ ਸਨ। ਖੱਟੇ ਗੈਂਦੇ ਦੀਆਂ ਟਾਹਣੀਆਂ ਪਾਟ ਕੇ ਧਰਤੀ ਤੇ ਡਿੱਗੀਆਂ ਪਈਆਂ ਸਨ। ਫੁੱਲਾਂ ਦੀ ਕਿਆਰੀ ਉਜਾੜ ਬਣ ਗਈ। ਦੋਹਾਂ ਨੇ ਇਕ ਦੂਜੇ ਵਲ ਦੇਖਿਆ। ਸੋਹਣਾ ਨੇ ਆਪਣੇ ਪਤੀ ਦੇਵ ਨੂੰ ਕਿਹਾ ਕਿ ਅੱਜ ਮਾਤਾ ਜੀ ਨੂੰ ਕੀ ਮੂੰਹ ਦਿਖਾਵਾਂਗੇ, ਹੁਣ ਅਸਾਡੇ ਜੀਉਣ ਦਾ ਕੋਈ ਧਰਮ ਨਹੀਂ ਹੈ। ਇਹ ਭਾਵ ਆਉਂਦਿਆਂ ਹੀ ਦੋਨੋਂ ਅੱਡ-ਅੱਡ ਕਿਆਰੀਆਂ ਵਿਚ ਗਿਰ ਗਏ। ਅਤਿ ਦੀ ਠੰਢ ਪੈ ਰਹੀ ਹੈ। ਕੱਪੜੇ ਵੀ ਮੋਟੇ ਨਹੀਂ ਪਾਏ ਸਨ ਅਤਿ ਠੰਢੀ ਰਿਵੀ ਚਲ ਰਹੀ ਹੈ। ਵੇਖਦੇ-ਵੇਖਦੇ ਐਉਂ ਪ੍ਰਤੀਤ ਹੋਇਆ ਕਿ ਇਨ੍ਹਾਂ ਦੋਹਾਂ ਦੀਆਂ ਰੂਹਾਂ ਉਡਾਰੀਆਂ ਮਾਰ ਕੇ ਕਿਸੇ ਅਗੰਮ ਦੇਸ਼ ਵਿਚ ਪ੍ਰਵੇਸ਼ ਕਰ ਗਈਆਂ ਤੇ ਦੋ ਦੇਹ ਰੂਪ ਮੜ੍ਹੋਲੀਆਂ, ਪਾਣੀ ਦਿਤੀਆਂ ਕਿਆਰੀਆਂ ਵਿਚ ਗਿਰੀਆਂ ਪਈਆਂ ਹਨ।

ਗੁਰਸਿੱਖਾਂ ਦੀਆਂ ਰੂਹਾਂ, ਗੁਰੂ ਦਸ਼ਮੇਸ਼ ਪਿਤਾ ਜੀ ਦੇ ਦਰਸ਼ਨ ਦੀਆਂ ਸਿੱਕਾਂ ਹਿਰਦੇ ਵਿਚ ਲੈ ਕੇ ਇੰਤਜ਼ਾਰ ਵਿਚ ਹਨ ਕਿ ਅਜੇ ਵੀ ਠਾਕੁਰ ਦੇ ਦਰਸ਼ਨ ਹੋ ਜਾਣ ਤਾਂ ਅਸੀਂ ਇਸ ਮੰਡਲ ਵਿਚੋਂ ਕਿਸੇ ਅਗੰਮ ਮੰਡਲ ਵਿਚ ਉਡਾਰੀ ਮਾਰੀਏ।

ਗੁਰੂ ਦਸ਼ਮੇਸ਼ ਪਿਤਾ ਨੇ ਰੋਡਾ ਜਲਾਲੀ ਵਲੋਂ ਫੁਲਾਂ ਦੀ ਭੇਟਾ ਵੇਖ ਕੇ ਕਿਹਾ ਕਿ ਪਲਾਲੀਆ! ਤੂੰ ਜਲਾਲੀ ਨਹੀਂ, ਤੂੰ ਪਾਖੰਡੀ ਹੈਂ, ਚੋਰ ਹੈਂ, ਇਹ ਫੁੱਲ ਨਹੀਂ, ਇਹ ਮੇਰੇ ਅਤਿ ਪਿਆਰਿਆਂ ਦੇ ਦੋ ਤੜਫਦੇ ਦਿਲ ਲੈ ਕੇ ਮੇਰੀ ਭੇਟਾ ਕਰ ਰਿਹਾ ਹੈਂ। ਐਨਾ ਕਹਿੰਦੇ ਹੀ ਕਾਹਲੀ ਨਾਲ ਆਪਣੇ ਤਖਤ ਤੋਂ ਉਠੇ ਅਤੇ ਗੁਰੂ ਕੇ ਬਾਗ ਵਲ ਨੂੰ ਆ ਰਹੇ ਹਨ। ਓਧਰੋਂ ਮਾਤਾ ਜੀ, ਜੋ ਪੂਰਨ ਅੰਤਰਜਾਮੀ, ਜੋ ਸਦਾ ਦਿਬ ਮੰਡਲਾਂ

ਵਿਚ ਪ੍ਰਵੇਸ਼ ਰੱਖਦੇ ਸਨ ਉਹ ਵੀ ਕਾਹਲੀ ਨਾਲ ਕਿਸੇ ਅਗੰਮੀ ਖਿੱਚ ਦੇ ਬੰਨ੍ਹੇ ਹੋਏ ਬਾਗ ਦੀ ਉਸ ਨੁਕਰ ਵਲ ਨੂੰ ਜਾ ਰਹੇ ਹਨ ਜਿਥੇ ਦੋ ਸਰੀਰ ਅੱਜ ਮਿਰਤਕ ਬਣੇ ਠੰਢੇ ਥਾਂ ਗਿਰੇ ਪਏ ਹਨ। ਉਸੇ ਸਮੇਂ ਗੁਰੂ ਦਸ਼ਮੇਸ਼ ਪਿਤਾ ਉਸੇ ਥਾਂ ਪੁਜ ਜਾਂਦੇ ਹਨ। ਐਉਂ ਪ੍ਰਤੀਤ ਦੇ ਰਿਹਾ ਸੀ ਕਿ ਜਿਵੇਂ ਅਕਾਸ਼ਾਂ ਤੋਂ ਉਤਰੀਆਂ ਦੋ ਨਦੀਆਂ ਦਾ ਇਸ ਥਾਂ ਸੰਗਮ ਹੋ ਰਿਹਾ ਹੋਵੇ। ਗੁਰੂ ਦਸ਼ਮੇਸ਼ ਪਿਤਾ ਜੀ ਠੰਢੀ ਥਾਂ ਦੀ ਪ੍ਰਵਾਹ ਨਾ ਕਰਦੇ ਹੋਏ ਉਸ ਗਿੱਲੀ ਕਿਆਰੀ ਵਿਚ ਹੀ ਬੈਠ ਗਏ ਅਤੇ ਆਪਣੇ ਦੋਹਾਂ ਲਾਡਲਿਆਂ ਦਾ ਸੀਸ ਆਪਣੀ ਗੋਦ ਵਿਚ ਲੈ ਲਿਆ ਅਤੇ ਬਹੁਤ ਹੀ ਸਨੇਹ ਨਾਲ ਸੀਸ ਉਤੇ ਹੱਥ ਫੇਰ ਰਹੇ ਹਨ ਤੇ ਕਹਿ ਰਹੇ ਹਨ ਕਿ ਮੇਰੇ ਬੇਟਿਓ! ਮੈਂ ਆ ਗਿਆ, ਔਹ ਦੇਖੋ ਉਸ ਗੁਰਸਿੱਖ ਦੀ ਮੁਕਤ ਆਤਮਾ, ਗੁਰੂ ਦੇਸ਼ ਵਿਚੋਂ ਆ ਕੇ ਕਹਿ ਰਹੀ ਹੈ ਕਿ ਪਾਤਸ਼ਾਹ! ਮੇਰੇ ਵਾਕ ਵਿਚੋਂ 'ਨਹੀਂ ਜੇ' ਅੱਖਰ ਕੱਟ ਦੇਵੋ ਅਤੇ ਇਹ ਰੱਖ ਲਵੋ ਕਿ 'ਠਾਕੁਰ ਦਰਸ਼ਨ ਦੇਣ ਲੱਗਾ ਹੈ'। ਬਾਰ-ਬਾਰ ਉਸ ਦੇ ਹਿਰਦੇ ਵਿਚੋਂ ਆਵਾਜ਼ ਆ ਰਹੀ ਹੈ ਸੁਣੋ, ਤੁਸੀਂ ਹੋਸ਼ ਵਿਚ ਆਵੋ। ਅਜੇ ਤੁਹਾਡੇ ਜਾਣ ਦਾ ਸਮਾਂ ਨਹੀਂ ਆਇਆ, ਗੁਰਮੁਖ ਰੂਹ ਨੇ ਤੁਹਾਨੂੰ ਬਖਸ਼ ਦਿਤਾ ਤੇ ਹੁਣ ਸੁਣੋ! 'ਠਾਕੁਰ ਦਰਸ਼ਨ ਦੇਣ ਲੱਗਾ ਹੈ।' ਆਤਮਕ ਸੱਤਾ ਨਾਲ ਦੋਹਾਂ ਦੇ ਸਰੀਰਾਂ ਵਿਚ ਨਿੱਘ ਲਿਆਂਦਾ ਅਤੇ ਵਿਛੁੜ ਚੁੱਕੀਆਂ ਜੀਵ ਆਤਮਾਵਾਂ ਨੂੰ ਸਰੀਰਾਂ ਵਿਚ ਪ੍ਰਵੇਸ਼ ਕਰਾ ਦਿਤਾ। ਹੌਲੀ-ਹੌਲੀ ਸੁਰਤ ਆਈ, ਅੱਖਾਂ ਉਤੇ ਯਕੀਨ ਨਹੀਂ ਆ ਰਿਹਾ ਕਿ ਅਸਾਡੇ ਸੀਸ ਅਤਿ ਪਿਆਰੇ ਠਾਕੁਰ ਜੀ ਦੀ ਗੋਦ ਵਿਚ ਹਨ। ਜਦੋਂ ਹੋਸ਼ ਆਈ ਤਾਂ ਦੋਵੇਂ ਦਰਸ਼ਨ ਦੀ ਝਾਲ ਨਾ ਝੱਲ ਸਕੇ, ਇਕ ਝਰਨਾਹਟ ਰੋਮ-ਰੋਮ ਵਿਚ ਨਿਕਲ ਗਈ, ਦੋਵੇਂ ਅਸ਼ਬਦ ਹੋ ਗਏ, ਕੋਈ ਅੱਖਰ ਨਹੀਂ ਔੜ੍ਹ ਰਹੇ। ਸੁਰਤ ਕਿਸੇ ਮਹਾਨ ਅਨੁਭਵ ਦੇ ਪ੍ਰਕਾਸ਼ ਵਿਚ ਗੁਆਚ ਰਹੀ ਹੈ। ਕਾਫੀ ਸਮੇਂ ਤੋਂ ਬਾਦ ਫੇਰ ਨੇਤਰ ਖੁਲ੍ਹੇ। ਕੀ ਦੇਖ ਰਹੇ ਹਨ ਕਿ ਸਾਰੇ ਬ੍ਰਹਿਮੰਡ ਵਿਚ, ਪੱਤੇ-ਪੱਤੇ ਵਿਚ, ਅਕਾਸ਼ ਵਿਚ, ਜਿਥੇ ਵੀ ਦ੍ਰਿਸ਼ਟੀ ਜਾ ਰਹੀ ਹੈ ਇਕੋ ਠਾਕੁਰ ਦਾ ਪ੍ਰਕਾਸ਼ ਅਤੇ ਉਹ ਸਰੂਪ ਨਜ਼ਰ ਆ ਰਿਹਾ ਹੈ ਜਿਸ ਦੀ ਗੋਦ ਵਿਚ ਦੋਵੇਂ ਅਜੇ ਤੱਕ ਲੇਟੇ ਹੋਏ ਹਨ। ਮਾਤਾ ਜੀ ਬਾਤਸਲ ਪਿਆਰ ਦੇ ਨਾਲ ਦੋਹਾਂ ਦੇ ਸਰੀਰਾਂ ਨੂੰ ਛੋਹ ਕੇ ਬੈਠੇ ਹਨ ਅਤੇ ਪਿਆਰ ਨਾਲ ਕਹਿ ਰਹੇ ਹਨ, ਬੇਟਿਓ! ਉਠੋ, ਕਰੋ ਦਰਸ਼ਨ ਜਿਉਂਦੇ ਠਾਕੁਰ ਦੇ, ਜੋ ਦੋਹੀਂ ਜਹਾਨੀਂ ਪਰੀਪੂਰਨ ਹੈ। ਸੁਰਤ ਆਉਂਦੇ ਸਾਰ ਦੋਨੋਂ ਉਠ ਬੈਠੇ ਤਾਂ ਚਰਨਾਂ ਤੇ ਨਮਸ਼ਕਾਰ ਕਰਕੇ ਕਿਹਾ ਪਾਤਸ਼ਾਹ! ਅਸੀਂ ਕਿੱਡੇ ਨਿਕਾਰੇ ਤੇ ਨਿਕੰਮੇ ਹਾਂ ਕਿ ਪਾਤਸ਼ਾਹ ਘਰ ਆਵੇ ਤੇ ਉਸਦੇ ਬੈਠਣ ਲਈ ਕੋਈ ਕੱਪੜਾ ਵੀ ਨਾ ਵਿਛਾ ਸਕੇ। ਗੁਰੂ ਮਹਾਰਾਜ ਜੀ ਦੋਹਾਂ ਨੂੰ ਲੈ ਕੇ ਅੰਦਰ ਕੱਚੇ ਕੋਠੇ ਵਿਚ ਚਲੇ ਗਏ ਤੇ ਸਫ ਉਤੇ ਭੁੰਜੇ ਹੀ ਬੈਠ ਗਏ। ਕਿਹੋ ਜਿਹਾ ਨਜ਼ਾਰਾ ਸੀ ਜਿਸ ਦੇ ਬਾਰੇ ਅੱਖਰਾਂ ਨੂੰ ਦੱਸਣ ਵਿਚ ਬਹੁਤ ਹੀ ਕਠਿਨਾਈ ਹੋ ਰਹੀ ਹੈ ਕਿਉਂਕਿ ਅੱਖਰਾਂ ਦੀ ਪਹੁੰਚ ਉਸ ਥਾਂ ਨਹੀਂ ਜਿਥੇ ਇਹ ਮਿਲਣੀਆਂ ਅਵਸਥਾਵਾਂ ਵਰਤਿਆ ਕਰਦੀਆਂ ਹਨ। ਭਾਈ ਕੇਸਰਾ ਸਿੰਘ ਜੀ ਸਭ ਤੋਂ ਅੱਗੇ ਦਰਵਾਜ਼ੇ ਵਿਚ ਖੜ੍ਹੇ ਹਨ ਉਨ੍ਹਾਂ ਦੇ ਨੇਤਰਾਂ ਵਿਚੋਂ ਹੰਝੂਆਂ ਦੀ ਝੜੀ ਲੱਗੀ ਹੋਈ ਹੈ। ਉਨ੍ਹਾਂ ਦੇ ਰੋਮ-ਰੋਮ ਵਿਚੋਂ ਆਵਾਜ਼ ਆ ਰਹੀ ਹੈ ਕਿ ਠਾਕੁਰ ਜੀ ਨੇ ਸਾਰੇ ਔਗੁਣਾਂ ਨੂੰ ਮਾਫ ਕਰਕੇ ਭੁੱਲਾਂ ਨੂੰ ਸੋਧ ਕੇ ਦਰਸ਼ਨ ਦੇ ਦਿਤੇ ਹਨ। ਜੋ ਗੁਰਸਿੱਖ ਦੂਰ ਖੜ੍ਹੇ ਹਨ ਉਨ੍ਹਾਂ ਉਪਰ ਵੀ ਕੋਈ ਅਕਹਿ ਰਸ ਤਾਰੀ ਹੋ ਰਿਹਾ ਹੈ ਅਤੇ ਕਿਸੇ ਡੂੰਘੇ ਅਨੁਭਵ ਰਾਹੀਂ ਉਹ ਸਮਾਧੀ ਦਾ ਅਨੁਭਵ ਕਰ ਰਹੇ ਹਨ। ਇਹ ਹੈ 'ਬਾਂਧੈ ਭਗਤੁ ਨ ਛੂਟੈ ਮੋਹਿ' ਦਾ ਇਕ ਦ੍ਰਿਸ਼ ਜੋ ਅਸੀਂ ਕਲਗੀਧਰ ਪਾਤਸ਼ਾਹ ਦੇ ਜੀਵਨ ਵਿਚੋਂ ਝਲਕਾਰੇ ਮਾਰਦਾ ਅਨੁਭਵ ਕਰ ਰਹੇ ਹਾਂ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਅਤਿ ਪਿਆਰ ਨਾਲ ਕਿਹਾ ਕਿ ਤੁਹਾਡੀ ਘਾਲ ਪੂਰੀ ਹੋ ਚੁਕੀ ਹੈ ਅਸਾਡੇ ਨਾਲ ਚੱਲੋ, ਸੰਗਤਾਂ ਵਿਚ ਰਹੋ। ਉਸ ਵੇਲੇ ਆਪ ਜੀ ਨੇ ਆਪਣੇ ਦਸਤੇ ਮੁਬਾਰਕ ਨਾਲ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਨਾਮ ਦਾ ਰੂਪ ਹੀ ਬਣਾ ਦਿਤੇ। ਭਾਈ ਸੋਹਣਾ ਜੀ ਸੋਹਣ ਸਿੰਘ ਬਣ ਗਿਆ ਅਤੇ ਬੀਬੀ ਮੋਹਨਾ, ਮੋਹਨ ਕੌਰ ਦੇ ਰੂਪ ਵਿਚ ਖਾਲਸੇ ਵਿਚ ਸੰਮਿਲਤ ਹੋ ਗਏ। ਭਾਈ ਸੋਹਨ ਸਿੰਘ ਬਹੁਤ ਉਚ ਦਰਜੇ ਦੀ ਕਵਿਤਾ ਲਿਖਣ ਕਰਕੇ 52 ਕਵੀਆਂ ਵਿਚ ਗਿਣਿਆ ਜਾਣ ਲੱਗਾ ਅਤੇ ਬੀਬੀ ਮੋਹਨ ਕੌਰ ਆਪਣੀ ਰਾਗ ਵਿਦਿਆ ਦੇ ਹੁਨਰ ਨਾਲ ਮੁਤਲਾਸ਼ੀਆਂ ਨੂੰ ਰਾਗ ਸਿਖਾਉਣ ਲੱਗੀ। ਐਉਂ ਨਵਾਂ ਜੀਵਨ ਪ੍ਰਾਪਤ ਹੋ ਗਿਆ, ਗੁਰੂ ਚਰਨਾਂ ਵਿਚ ਰਹਿ ਕੇ ਇਨ੍ਹਾਂ ਨੇ ਜੀਵਨ ਸਫਲਾ ਕੀਤਾ।

ਪਾਠਕ ਜਨੋਂ! ਤੁਸੀਂ ਗੁਰੂ ਦਸ਼ਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਮਨਾ ਰਹੇ ਹੋ, ਅਨੁਭਵ ਕਰੋ ਉਨ੍ਹਾਂ ਦੇ ਪਿਆਰ ਨੂੰ। ਉਨ੍ਹਾਂ ਨੇ ਆਪਣਾ ਸਾਰਾ ਕੁਝ ਪੁਸ਼ਤ-ਦਰ-ਪੁਸ਼ਤ ਅਸਾਡੇ ਲਈ ਕੁਰਬਾਨ ਕਰਕੇ ਕੋਈ ਚੀਜ਼ ਵੀ ਆਪਣੇ ਪਾਸ ਨਾ ਰੱਖੀ। ਅਸੀਂ ਅੱਜ ਉਨ੍ਹਾਂ ਨੂੰ ਭੁੱਲ ਰਹੇ ਹਾਂ। ਉਨ੍ਹਾਂ ਦੀ ਯਾਦ ਜਿਓਮੈਟਰੀ ਦੀਆਂ ਰੇਖਾਵਾਂ ਦੇ ਮੁਤਾਬਿਕ ਚਿਤਰ ਰਹੇ ਹਾਂ ਜਿਨ੍ਹਾਂ ਵਿਚ ਨਾ ਕੋਈ ਰਸ ਹੈ, ਨਾ ਰੰਗ ਹੈ, ਨਾ ਖਿੱਚ ਹੈ; ਜੇ ਹੈ ਤਾਂ ਅਸਾਡੀ ਅਧੂਰੀ ਵਿਦਵਤਾ ਜੋ ਕਿਸੇ ਨੂੰ ਵੀ ਰਸ ਦੇ ਘਰ ਵਿਚ ਨਹੀਂ ਲਿਆ ਸਕਦੀ। ਛੱਡੋ ਇਹ ਝੂਠਾ ਗੁਮਾਨ; ਪਿਆਰ ਵਿਚ ਲੀਨ ਹੋ ਜਾਵੋ। ਗੁਰੂ ਮਹਾਰਾਜ ਸਭ ਨੂੰ ਦੇਖ ਰਹੇ ਹਨ। ਸਾਨੂੰ ਖਾਲਸੇ ਦੀ ਪਦਵੀ ਦੇ ਕੇ ਗਏ ਹਨ ਉਸ ਪਦਵੀ ਨੂੰ ਸਮਝੋ, ਕੀ ਸੀ?

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ।***
***ਪ੍ਰਭ ਮਹਿ ਮੋਹਿ ਮਹਿ ਤਾਸ ਮਹਿ***
***ਰੰਚਕ ਨਾਹਨ ਭੇਵ। (ਸਰਬ ਲੋਹ ਗ੍ਰੰਥ ਵਿਚੋਂ)***

ਅਸੀਂ ਅੱਜ ਆਪਣੇ ਨਾਵਾਂ ਨਾਲ ਖਾਲਸਾ ਲਿਖਦੇ ਹਾਂ। ਹੰਗਤਾ ਤੇ ਮਮਤਾ ਦੀਆਂ ਅੰਧਕਾਰੀ ਵਲਗਣਾਂ ਵਿਚ ਬਿੜ੍ਹੇ ਹੋਏ ਹਾਂ। ਕੀ ਇਸ ਤਰ੍ਹਾਂ ਅਸੀਂ ਆਪਣੇ ਨਾਮ ਨਾਲ ਖਾਲਸਾ ਲਿਖ ਕੇ ਖਾਲਸਾ ਪਦਵੀ ਪ੍ਰਾਪਤ ਕਰ ਲਵਾਂਗੇ? ਬਿਲਕੁਲ ਨਹੀਂ। ਖਾਲਸਾ ਇਕ ਆਦਰਸ਼ ਹੈ, ਸਭ ਕੁਝ ਦੂਸਰੇ ਦੀ ਭਲਾਈ ਵਾਸਤੇ ਕੁਰਬਾਨ ਕਰ ਦੇਣਾ, ਭੁੱਲੜ ਜੀਵਾਂ ਨੂੰ ਰਾਹ ਦਿਖਾਉਣ ਵਾਸਤੇ ਆਪਣੀ ਆਤਮਕ ਸੱਤਾ ਵੰਡ ਦੇਣੀ, ਜਿਸ ਦੀ ਮਹਾਨਤਾ ਗੁਰਬਾਣੀ ਵਿਚ ਪ੍ਰਗਟ ਹੈ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

*ਪੰਨਾ - 306*

ਉਸ ਮਹਾਨ ਗੁਰੂ ਦੇ ਅਨੁਆਈਆਂ ਦੇ ਹਿਰਦਿਆਂ ਵਿਚ ਅੰਧਕਾਰ ਦੀ ਕਾਲੀ ਬੋਲੀ ਰਾਤ ਛਾਈ ਹੋਈ ਹੈ।

***(ਬਾਕੀ ਅੰਗ – 52)***

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ***

ਸ਼ਾਨ – ..............................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
***ਅੰਗ – ੨੫੬***

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
***ਅੰਗ – ੨੮੯***

***ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥***
***ਕਰਿ ਉਪਦੇਸੁ ਝਿੜਕੇ ਬਹੁ ਭਾਤੀ***
***ਬਹੁੜਿ ਪਿਤਾ ਗਲਿ ਲਾਵੈ ॥***
***ਪਿਛਲੇ ਅਉਗੁਣ ਬਖਸਿ ਲਏ***
***ਪ੍ਰਭੁ ਆਗੈ ਮਾਰਗਿ ਪਾਵੈ ॥ ਅੰਗ – ੬੨੪***

***ਧਾਰਨਾ – ਪਿਆਰੇ, ਜਬ ਤੇ ਦਰਸ਼ਨ ਪਾਇਆ,***
***ਸੰਸਾ ਉਤਰ ਗਿਆ – ੨***

***ਠਾਕੁਰ ਤੁਮ੍ ਸਰਣਾਈ ਆਇਆ ॥***
***ਉਤਰਿ ਗਇਓ ਮੇਰੇ ਮਨ ਕਾ ਸੰਸਾ***
***ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥***
***ਅਨਬੋਲਤ ਮੇਰੀ ਬਿਰਥਾ ਜਾਨੀ***
***ਅਪਨਾ ਨਾਮੁ ਜਪਾਇਆ ॥***
***ਦੁਖ ਨਾਠੇ ਸੁਖ ਸਹਜਿ ਸਮਾਏ***
***ਅਨਦ ਅਨਦ ਗੁਣ ਗਾਇਆ ॥ ੧ ॥***
***ਬਾਹ ਪਕਰਿ ਕਢਿ ਲੀਨੇ ਅਪੁਨੇ***
***ਗ੍ਰਿਹ ਅੰਧ ਕੂਪ ਤੇ ਮਾਇਆ ॥***
***ਕਹੁ ਨਾਨਕ ਗੁਰਿ ਬੰਧਨ ਕਾਟੇ***
***ਬਿਛੁਰਤ ਆਨਿ ਮਿਲਾਇਆ ॥ ਅੰਗ – ੧੨੧੮***

***ਧਾਰਨਾ – ਜਿਹੜੀ ਦੇਹੀ ਨੂੰ ਲੋਚਦੇ***
***ਦੇਵਤੇ ਜਿਹੜੀ ਦੇਹੀ ਨੂੰ।***

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ – ੧੧੫੯***

ਸਾਧ ਸੰਗਤ ਜੀ, ਗੱਜ ਕੇ ਬੋਲਣਾ 'ਸਤਿਨਾਮੁ ਸ੍ਰੀ ਵਾਹਿਗੁਰੂ'। ਦੂਰ-ਦਰਾਜ਼ ਤੋਂ ਆਪ ਇਸ ਪਵਿੱਤਰ ਅਸਥਾਨ ਤੇ ਸਤਿਸੰਗ ਦਾ ਲਾਹਾ ਪ੍ਰਾਪਤ ਕਰਨ ਵਾਸਤੇ, ਯਾਤਰਾ ਕਰਨ ਵਾਸਤੇ, ਟਰੱਕਾਂ, ਟਰਾਲੀਆਂ, ਬੱਸਾਂ, ਪੈਦਲ ਤੇ ਹੋਰ ਸਵਾਰੀਆਂ – ਸਕੂਟਰਾਂ, ਸਾਈਕਲਾਂ ਆਦਿ 'ਤੇ ਪਹੁੰਚੇ ਹੋ। ਜਿੰਨੇ ਕਦਮ ਕੋਈ ਚੱਲ ਕੇ ਆਇਆ ਹੈ, ਹਰ ਕਦਮ ਦਾ ਫਲ ਇਕ ਯੱਗ ਦੇ ਬਰਾਬਰ ਹੋਇਆ ਕਰਦਾ ਹੈ। ਜਿਹੜੇ ਪ੍ਰੇਮੀ ਸੰਗਤ ਨੂੰ ਲੈ ਕੇ ਆਉਂਦੇ ਨੇ, ਅੱਧਾ ਫਲ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ। ਏਥੇ ਆ ਕੇ ਜੋ ਮਨ ਚਿਤ ਲਾ ਕੇ ਗੁਰੂ ਦੀ ਬਾਣੀ ਕੰਨਾਂ ਨਾਲ ਸ੍ਰਵਣ ਕਰਦਾ ਹੈ, ਬੁੱਧੀ ਨਾਲ ਵਿਚਾਰ ਕਰਦਾ ਹੈ ਤੇ ਵਾਰੀ ਆਈ ਤੇ ਗੱਜ ਕੇ ਬੋਲਦਾ ਹੈ, ਮਹਾਰਾਜ ਕਹਿੰਦੇ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ – ੫੪੬***

ਕਈ ਕ੍ਰੋੜ ਜੱਗਾਂ ਦਾ ਫਲ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ਜਿਹੜੇ ਸੁਣਦੇ ਨੇ ਤੇ ਫਿਰ ਗਾਉਂਦੇ ਨੇ। ਸੋ ਚਿਤ ਬਿਰਤੀ ਨੂੰ ਇਕਾਗਰ ਕਰਕੇ, ਮਨ ਨੂੰ ਏਧਰ ਓਧਰ ਨਹੀਂ ਜਾਣ ਦੇਣਾ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸ੍ਰਵਣ ਕਰੋ, ਬੁੱਧੀ ਨਾਲ ਵਿਚਾਰੋ ਤੇ ਹਿਰਦੇ ਵਿਚ ਧਾਰਨ ਕਰੋ। ਫਿਰ ਕੀ ਲਾਭ ਹੋਵੇਗਾ? ਸਾਡੇ ਜਿਹੜੇ ਪਾਪ ਕੀਤੇ ਹੋਏ ਨੇ ਜਨਮ-ਜਨਮਾਂਤਰਾਂ ਦੇ, ਉਹ ਕੱਟੇ ਜਾਣਗੇ ਕਿਉਂਕਿ ਨਾਮ ਵਿਚ ਬਹੁਤ ਸ਼ਕਤੀ ਹੈ –

***ਰੇ ਮਨ ਰਾਮ ਸਿਉ ਕਰਿ ਪ੍ਰੀਤਿ॥***
***ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥***
***ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥***

***ਅੰਗ – ੬੩੧***

ਯਾਨੀ, ਪਾਪੀ ਤੋਂ ਤੂੰ ਪਵਿੱਤਰ ਬਣ ਜਾਏਂਗਾ। ਸੋ ਮਨੁੱਖਾ ਦੇਹੀ ਪ੍ਰਾਪਤ ਹੋਈ ਐ, ਸਾਧ ਸੰਗਤ ਜੀ, ਇਹ ਬਹੁਤ ਵੱਡੀ ਚੀਜ਼ ਹੈ, ਪਰ ਕਾਹਦੇ ਵਾਸਤੇ ਪ੍ਰਾਪਤ ਹੋਈ ਐ? ਮਹਾਰਾਜ ਕਹਿੰਦੇ ਨੇ, ਪ੍ਰੇਮੀਆਂ! ਐਵੇਂ ਇਹਨੂੰ ਗੁਆ ਨਾ; ਇਹ ਤਾਂ ਗੁਰੂ ਦੀ ਸੇਵਾ ਕਰਨ ਵਾਸਤੇ ਅਤੇ ਨਾਮ ਜਪਣ ਵਾਸਤੇ ਪ੍ਰਾਪਤ ਹੋਈ ਹੈ। ਇਹ ਦੁਰਲੱਭ ਦੇਹੀ ਹੈ, ਇਹਨੂੰ 'ਨਰ-ਨਰਾਇਣੀ ਦੇਹ' ਕਹਿੰਦੇ ਨੇ। ਇਹਦੀ ਕਦਰ ਉਨ੍ਹਾਂ ਨੂੰ ਹੈ ਜਿਨ੍ਹਾਂ ਨੂੰ ਨਹੀਂ ਪ੍ਰਾਪਤ ਹੋਈ। ਸੋ ਐਸੀ ਦੇਹੀ ਪ੍ਰਾਪਤ ਕਰਕੇ ਜੇ ਸ਼ਰਾਬਾਂ ਪੀਣੀਆਂ ਨੇ, ਕਬਾਬਾਂ, ਮਾਸ ਖਾਣੇ ਨੇ, ਨਿੰਦਿਆ ਚੁਗਲੀ ਕਰਨੀ ਹੈ; ਫਿਰ ਤਾਂ ਬਹੁਤ ਘਾਟੇ ਦਾ ਸੌਦਾ ਹੋ ਗਿਆ। ਆਇਆ ਤਾਂ ਨਾਮ ਜਪਣ ਵਾਸਤੇ ਇਹ ਜੋ ਦੇਹ ਪ੍ਰਾਪਤ ਹੋਈ ਹੈ, ਇਹਨੂੰ ਦੇਵਤਾ ਲੋਕ ਵੀ ਸਵਰਗ ਵਿਚ ਬੈਠੇ ਲੋਚਦੇ ਨੇ ਅਤੇ ਇਸ ਦੇਹੀ ਨੂੰ ਧੰਨ ਕਹਿੰਦੇ ਨੇ, ਨਰ-ਨਰਾਇਣੀ ਦੇਹੀ ਕਹਿੰਦੇ ਨੇ, ਬਿਸ਼ਨੂੰ ਦੇਹੀ ਕਹਿੰਦੇ ਨੇ।

ਇਕ ਵਾਰ ਦੀ ਗੱਲ ਹੈ, ਗੁਰੂ ਦਸਵੇਂ ਪਾਤਸ਼ਾਹ ਬੈਠੇ ਨੇ, ਬਹੁਤ ਸਾਰੀ ਸੰਗਤ ਪਾਸ ਬੈਠੀ ਹੈ, ਬਚਨ ਚੱਲ ਰਹੇ ਨੇ। ਮਾਤਾ ਜੀਤੋ ਜੀ ਬਾਰੇ ਬਚਨ ਚੱਲ ਪਏ ਕਿ ਦੇਖੋ ਮਹਾਰਾਜ! ਕਿੰਨਾ ਭਜਨ ਕਰਨ ਵਾਲੇ ਸੀ, ਸਰੀਰ ਛੱਡ ਦਿਤਾ ਆਪ ਨੇ। ਗੁਰੂ ਮਹਾਰਾਜ ਕਹਿੰਦੇ, ਭਾਈ! ਇਹ ਕਲਿਜੁਗ ਦੀ ਮਹਿਮਾ ਹੈ। ਕਲਿਜੁਗ ਦੇ ਅੰਦਰ 'ਨਾਮ' ਦਾ ਐਨਾ ਪਰਤਾਪ ਹੈ ਕਿ ਬੀਬੀਆਂ ਵੀ ਪਾਰ ਲੰਘ ਸਕਦੀਆਂ ਨੇ। ਪਹਿਲੇ ਜ਼ਮਾਨਿਆਂ ਵਿਚ ਇਨਹਾਂ ਨੂੰ ਬਹੁਤ ਸਾਰੇ ਕਰਮ ਕਰਨ ਦੀ ਇਜਾਜ਼ਤ ਨਹੀਂ ਸੀ ਹੁੰਦੀ। 'ਓਅੰਕਾਰ' ਦਾ ਨਾਮ ਇਹ ਜਿਹਬਾ ਤੇ ਨਹੀਂ ਸਨ ਲਿਆ ਸਕਦੀਆਂ, ਪਾਪ ਲੱਗਿਆ ਕਰਦਾ ਸੀ। ਪਰ ਕਲਿਜੁਗ ਦੇ ਅੰਦਰ ਪ੍ਰਤਾਪ ਐਨਾ ਵਧਿਆ ਕਿ ਕੀ ਇਸਤ੍ਰੀ, ਕੀ ਪੁਰਸ਼; ਸਾਰੇ ਹੀ ਪਾਰ ਲੰਘ

ਸਕਦੇ ਨੇ। ਮਹਾਰਾਜ ਕਹਿੰਦੇ ਕਿ ਇਕ ਵਾਰ ਇਕ ਬਧਿਕ (ਸ਼ਿਕਾਰੀ) ਨੇ ਬਹੁਤ ਸਾਰਾ ਸ਼ਿਕਾਰ ਮਾਰ ਲਿਆ। ਐਨੇ ਜਾਨਵਰ ਮਾਰੇ ਉਸ ਨੇ; ਉਡਣ ਵਾਲੇ ਮਾਰ ਲਏ, ਨੱਠਣ ਵਾਲੇ ਮਾਰ ਲਏ, ਹਿਰਨ ਆਦਿ। ਉਸ ਦੇ ਮਨ ਵਿਚ ਗਿਲਾਨੀ ਆ ਗਈ; ਸੋਚਦਾ ਹੈ ਕਿ ਮੇਰੇ ਵਰਗਾ ਪਾਪੀ ਤਾਂ ਸੰਸਾਰ ਵਿਚ ਨਹੀਂ ਕੋਈ ਹੋਣਾ। ਐਨੇ ਜੀਵ ਮੈਂ ਨੱਚਦੇ, ਟੱਪਦੇ, ਖੇਲ੍ਹਦੇ ਮਾਰ ਲਏ। ਕੀ ਹੋਵੇਗਾ ਮੇਰਾ ਹਾਲ? ਸਾਧੂਆਂ ਤੋਂ ਮੈਂ ਸੁਣਿਆਂ ਹੈ ਕਿ ਦਰਗਾਹ ਵਿਚ ਲੇਖੇ ਦੇਣੇ ਪੈਂਦੇ ਨੇ। ਇਹ ਵੀ ਸੁਣਿਆ ਹੈ ਕਿ ਜੇ ਜੀਵ-ਜੰਤੂ ਮਾਰੇਂਗਾ, ਇਹ ਸਾਰੇ ਤੇਰਾ ਮਾਸ ਨੋਚਣਗੇ। ਜਿਨ੍ਹਾਂ ਨੂੰ ਖਾਵੇਂਗਾ, ਉਹ ਵੀ ਤੇਰਾ ਮਾਸ ਖਾਂਣਗੇ। ਵੈਰਾਗ ਹੋ ਗਿਆ ਮਨ ਵਿਚ। ਨਾਲੇ ਇਹ ਸੋਚਿਆ ਕਿ ਮੈਂ ਆਪਣੇ ਆਪ ਨੂੰ ਦੰਡ ਦੇਵਾਂ।

ਰਾਜਾ ਬਿਕ੍ਰਮਾਜੀਤ ਦਾ ਉਸ ਸਮੇਂ ਹੁਕਮ ਸੀ - ਸ਼ਿਕਾਰ ਨਾ ਖੇਲ੍ਹਣ ਦਾ। ਇਹ ਉਸਦੇ ਹੁਕਮ ਦੀ ਉਲੰਘਣਾ ਕਰਦਾ ਸੀ। ਪਤਾ ਲੱਗਿਆ ਕਿ ਰਾਜਾ ਬਿਕ੍ਰਮਾਜੀਤ ਜੀ ਆ ਰਹੇ ਨੇ। ਇਹ ਸਾਮ੍ਹਣੇ ਆ ਗਿਆ ਸ਼ਿਕਾਰ ਸਮੇਤ। ਰਾਜੇ ਨੇ ਹੁਕਮ ਕੀਤਾ ਕਿ ਸ਼ਿਕਾਰੀ ਨੂੰ ਫੜੋ ਤੇ ਸਜ਼ਾ ਦਿਓ। ਹੁਕਮ ਦੀ ਤਾਮੀਲ ਹੋ ਗਈ। ਫੜ ਕੇ ਕੈਦਖਾਨੇ ਵਿਚ ਪਾ ਦਿਤਾ ਅਤੇ ਨਾਲ ਹੀ ਇਸਨੂੰ ਹਰ ਰੋਜ਼ ਕੁੱਟਣਾ ਮਾਰਨਾ ਸ਼ੁਰੂ ਕਰ ਦਿਤਾ। ਉਸ ਵੇਲੇ ਦੇ ਕਾਨੂੰਨ ਦੀ ਜੋ ਸਜ਼ਾ ਸੀ, ਉਹ ਇਸਨੂੰ ਚੰਗੀ ਤਰ੍ਹਾਂ ਦਿਤੀ। ਇਹ ਐਨੀਆਂ ਦੁਹਾਈਆਂ ਪਾਇਆ ਕਰੇ ਕਿ ਉਥੇ ਇਕ ਬੀਬੀ, ਜੋ ਮਹਿਲਾਂ ਵਿਚ ਨੌਕਰੀ ਕਰਿਆ ਕਰਦੀ ਸੀ, ਦੇ ਮਨ ਵਿਚ ਤਰਸ ਆਇਆ ਕਿ ਦੇਖੋ, ਨਰ ਦੇਹ ਹੈ, ਕਿੰਨਾ ਦੁੱਖ ਪਾ ਰਹੀ ਹੈ। ਸਾਡੀ ਇਸਤ੍ਰੀ ਦੇਹੀ ਹੈ, ਜੇ ਮੇਰੀ ਇਹ ਦੇਹ ਕੰਮ ਆ ਜਾਏ ਕਿਸੇ ਪਰਉਪਕਾਰ ਵਾਸਤੇ ਤਾਂ ਕਿੰਨਾ ਭਲਾ ਹੋਵੇ। ਉਹਨੇ ਮਰਦਾਂ ਦਾ ਭੇਸ ਧਾਰ ਕੇ ਪਹਿਰੇਦਾਰਾਂ ਨਾਲ ਮਿਲ ਕੇ ਉਸ ਸ਼ਿਕਾਰੀ ਨੂੰ ਛੁਡਾ ਦਿਤਾ ਤੇ ਆਪ ਜੇਲ੍ਹ ਵਿਚ ਕੈਦ ਹੋ ਗਈ।

ਕਾਫੀ ਦਿਨ ਜਦ ਲੰਘ ਗਏ, ਕੋਈ ਮਹੀਨੇ, ਡੇਢ ਮਹੀਨੇ ਬਾਅਦ ਰਾਜਾ ਬਿਕ੍ਰਮਾਜੀਤ ਨੇ ਕਿਹਾ ਕਿ ਉਹ ਕੈਦੀ ਪੇਸ਼ ਨਹੀਂ ਹੋਇਆ, ਪੇਸ਼ ਕਰੋ। ਉਹ ਬੀਬੀ, ਜੋ ਮਰਦਾਵੇਂ ਭੇਸ ਵਿਚ ਸੀ, ਜਦ ਪੇਸ਼ ਹੋਈ ਤਾਂ ਰਾਜਾ ਕਹਿਣ ਲੱਗਿਆ, "ਤੈਂ ਐਨੇ ਜਾਨਵਰ ਮਾਰੇ ਨੇ।" ਉਹ ਕਹਿੰਦੀ, "ਠੀਕ ਹੈ ਮੈਂ ਪਾਪ ਕਰਿਆ ਹੈ।" ਉਹਨੇ ਨਹੀਂ ਦੱਸਿਆ ਕਿ ਮੈਂ ਲੜਕੀ ਹਾਂ। ਉਸੇ ਤਰ੍ਹਾਂ ਕਰਦੀ ਰਹੀ ਜਿਵੇਂ ਸ਼ਿਕਾਰੀ ਕਰਦਾ ਸੀ। ਉਸ ਨੇ ਕਿਹਾ, "ਪਰ ਤੇਰੇ ਰਾਜ ਵਿਚ ਇੱਕ ਵੱਡਾ ਦੋਸ਼ ਹੈ।" ਬਿਕ੍ਰਮਾਜੀਤ ਕਹਿਣ ਲੱਗੇ, "ਕੀ ਦੋਸ਼ ਹੈ?" ਉਹ ਕਹਿੰਦੀ, "ਦੋਸ਼ ਇਹ ਹੈ ਕਿ ਏਥੇ ਬੇਕਸੂਰਾਂ ਨੂੰ ਸਜ਼ਾ ਮਿਲਦੀ ਹੈ।" ਰਾਜਾ ਕਹਿੰਦਾ, "ਮੈਂ ਜੇਲ੍ਹ ਵਿਚ ਤੇਰਾ ਨਮਕ ਖਾਂਦਾ ਹੈ, ਮੈਂ ਮਰਦ ਤੋਂ ਇਸਤਰੀ ਬਣ ਗਈ; ਮੈਨੂੰ ਬਿਸ਼ਨੂੰ ਦੇਹੀ ਵਾਪਸ ਕਰ ਦੇ।" ਇਨਸਾਫ ਵਾਲੇ ਰਾਜੇ ਹੋਇਆ ਕਰਦੇ ਸੀ। ਉਹ ਹੈਰਾਨ ਹੋ ਗਿਆ। ਇਹਦੀ ਗੱਲ ਸੱਚ ਮੰਨ ਲਈ, ਕਹਿਣ ਲੱਗਿਆ, "ਚੰਗਾ! ਜਿੰਨਾਂ ਚਿਰ ਤੇਰੀ ਦੇਹੀ ਮਨੁੱਖ ਦੀ ਨਹੀਂ ਹੁੰਦੀ, ਮੈਂ ਵੀ ਓਨਾਂ ਚਿਰ ਤਖਤ ਤੇ ਨਹੀਂ ਬੈਠਦਾ।"

ਰਾਜਾ ਜੰਗਲ ਵਿਚ ਚਲਿਆ ਗਿਆ। ਐਧਰ ਜੋ ਸ਼ਿਕਾਰੀ ਸੀ, ਉਹਦੇ ਦਿਲ ਤੇ ਲੱਗੀ ਚੋਟ। ਕਹਿੰਦਾ, "ਮੈਂ ਕਿੰਨਾ ਮਾੜਾ ਹਾਂ ਲੇਕਿਨ ਮੇਰੇ ਵਾਸਤੇ ਵੀ ਕੋਈ ਔਰਤ ਮਨੁੱਖ ਦਾ ਜਾਮਾ ਪਹਿਨ ਕੇ ਮੈਨੂੰ ਛਡਾਉਣ ਵਾਸਤੇ ਅਤੇ ਆਪਣੀ ਜਾਨ ਦੇਣ ਵਾਸਤੇ ਕੈਦ ਵਿਚ ਆ ਪਈ। ਹੁਣ ਮੈਨੂੰ ਚਾਹੀਦਾ ਹੈ ਕਿ ਮੈਂ ਭਜਨ ਕਰਾਂ।" ਚੰਗੇ ਮਹਾਤਮਾ ਦੇ ਪਾਸ ਜਾ ਕੇ ਨਾਮ ਦੀ ਦਾਤ ਪ੍ਰਾਪਤ ਕੀਤੀ।

ਮਾੜਾ ਬੰਦਾ ਜਦੋਂ ਚੰਗੇ ਪਾਸੇ ਨੂੰ ਤੁਰ ਪਵੇ ਤਾਂ ਫੈਸਲਾ ਕਰ ਲੈਂਦਾ ਹੁੰਦਾ ਹੈ; ਜਿਹੜਾ ਵਿਚਾਲਲਾ ਹੈ, ਉਹਦਾ ਕੋਈ ਫੈਸਲਾ ਨਹੀਂ ਹੁੰਦਾ। ਜੇ ਮਾੜਾ ਬੰਦਾ ਫੈਸਲਾ ਕਰ ਲਵੇ ਕਿ ਮੈਂ ਆਹ ਕੰਮ ਨਹੀਂ ਕਰਨਾ ਤਾਂ ਉਹ ਫਿਰ ਪਾਰ ਲੰਘ ਜਾਂਦਾ ਹੈ। ਬਾਲਮੀਕ ਨੇ ਫੈਸਲਾ ਕਰ ਲਿਆ, ਨਾਮ ਜਪਣ ਦਾ, ਪਾਪ ਛੱਡਣ ਦਾ, ਤੇ ਪਾਰ ਲੰਘ ਗਿਆ। ਗਨਕਾ ਨੇ ਫੈਸਲਾ ਕਰ ਲਿਆ - ਪਾਰ ਲੰਘ ਗਈ, ਵਿਚਾਲੇ ਨਹੀਂ ਰਹੀ। ਸੋ ਸ਼ਿਕਾਰੀ ਨੇ ਫੈਸਲਾ ਕਰ ਲਿਆ ਕਿ ਮੈਂ ਪ੍ਰਭੂ ਦੀ ਭਗਤੀ ਕਰਨੀ ਹੈ। ਬੜਾ ਘੋਰ ਤਪ ਕਰਨਾ ਸ਼ੁਰੂ ਕਰ ਦਿਤਾ। ਰਾਜਾ ਬਿਕ੍ਰਮਾਜੀਤ ਫਿਰਦਾ ਫਿਰਦਾ ਉਥੇ ਚਲਿਆ ਗਿਆ। ਜਦੋਂ ਤਪ ਦੇਖਿਆ ਉਹਦਾ, ਇਸਨੇ ਦੱਸਿਆ ਕਿ ਮੈਂ ਬਿਕ੍ਰਮਾਜੀਤ ਹਾਂ, ਉਹਨੇ ਪਰਵਾਹ ਨਹੀਂ ਕੀਤੀ ਕਿ ਮੈਨੂੰ ਕੀ ਲੋੜ ਹੈ। ਸੰਤਾਂ ਨੂੰ ਕੀ ਲੋੜ ਹੁੰਦੀ ਹੈ ਕਿਸੇ ਦੀ? ਬੇਪਰਵਾਹੀ ਦੇਖ ਕੇ ਇਹਦੇ ਮਨ ਵਿਚ ਬਹੁਤ ਸ਼ੌਕ ਜਾਗਿਆ ਕਿ ਇਹ ਤਾਂ ਬਹੁਤ ਚੰਗੇ ਸਾਧੂ ਨੇ, ਕਿਉਂ ਨਾ ਮੈਂ ਇਨ੍ਹਾਂ ਨੂੰ ਆਪਣਾ ਗੁਰੂ ਬਣਾ ਲਵਾਂ। ਸੋ ਇਹ ਵੀ ਤਪ ਕਰਨ ਲਗ ਪਿਆ ਦੂਰ ਕਿਤੇ ਜਾ ਕੇ। ਜਦੋਂ ਬਿਕ੍ਰਮਾਜੀਤ ਨੇ ਇਹ ਗੱਲ ਕਹੀ ਕਿ ਦੇਖੋ, ਇਹ ਜੀਵ ਜੋ ਮਨੁੱਖ ਸੀ, ਮੈਂ ਜੇਲ੍ਹ ਵਿਚ ਪਾ ਦਿਤਾ ਸੀ, ਉਹ ਔਰਤ ਬਣ ਗਈ। ਹੁਣ ਮੈਂ ਆਪਣੇ ਆਪ ਨੂੰ ਸਜ਼ਾ ਦਿੰਦਾ ਹਾਂ ਕਿ ਜਦੋਂ ਤੱਕ ਮੈਂ ਇਹਨੂੰ ਦੁਬਾਰਾ ਮਨੁੱਖ ਨਹੀਂ ਬਣਾ ਲੈਂਦਾ, ਇਹ ਮੇਰੇ ਤਖਤ ਤੇ ਬੈਠ ਕੇ ਰਾਜ ਕਰੇਗੀ ਤੇ ਮੈਂ ਤਪ ਕਰਾਂਗਾ। ਸੋ ਉਹ ਇਸਤ੍ਰੀ ਰਾਜ ਤਖਤ ਤੇ ਬੈਠ ਗਈ ਤੇ ਬੈਠਦੀ ਸਾਰ ਹੁਕਮ ਦੇ ਦਿਤਾ ਕਿ ਵਿਸ਼ਨੂੰ ਪਦਵੀ ਦਾ ਕੋਈ ਸੰਤ ਹੋਵੇ, ਉਹਨੂੰ ਫੜ ਕੇ ਲਿਆਓ। ਹੁਕਮ ਅਨੁਸਾਰ ਸਾਰੇ ਹਿੰਦੁਸਤਾਨ ਵਿਚ ਮਾਰੇ ਮਾਰੇ ਫਿਰਦੀ ਹੈ ਫੌਜ ਅਤੇ ਪੁਲਿਸ, ਪਰ ਕਿਤੇ ਨਹੀਂ ਲੱਭਦਾ। ਅਖੀਰ ਇਕ ਮਹਾਤਮਾ ਮਿਲੇ ਤੇ ਸਾਰੀ ਗੱਲ ਉਨ੍ਹਾਂ ਨੂੰ ਦੱਸੀ। ਮਹਾਤਮਾ ਕਹਿਣ ਲੱਗੇ, ਕੋਈ ਗੱਲ ਨਹੀਂ, ਉਸ ਔਰਤ ਨੂੰ ਮਨੁੱਖ ਦਾ ਜਾਮਾ ਮਿਲ ਜਾਵੇਗਾ। ਜਾਓ, ਤੁਸੀਂ ਸਾਰੇ ਵਾਪਿਸ ਚਲੇ ਜਾਓ। ਸੋ ਸੰਤਾਂ ਦਾ ਬਚਨ ਹੋ ਗਿਆ। ਉਸਨੂੰ ਮਨੁੱਖ ਦਾ ਜਾਮਾ ਪ੍ਰਾਪਤ ਹੋ ਗਿਆ -

***ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥***
***ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥***
***ਅੰਗ - ੧੨੫੨***

ਪ੍ਰਮੇਸ਼ਰ ਨਾਰੀਆਂ ਨੂੰ ਪੁਰਖ ਬਣਾ ਸਕਦਾ ਹੈ ਤੇ ਮਨੁੱਖਾਂ ਨੂੰ ਨਾਰੀਆਂ ਬਣਾ ਦਿੰਦਾ ਹੈ। ਸੋ ਉਸ ਵੇਲੇ ਉਹ ਵਾਪਿਸ ਆ ਗਏ ਤਾਂ ਉਸ ਬੀਬੀ ਨੇ ਫੌਜ ਨੂੰ ਕਿਹਾ ਕਿ ਮੈਨੂੰ ਮਨੁੱਖ ਦਾ ਜਾਮਾ ਮਿਲ ਗਿਆ ਹੈ, ਹੁਣ ਬਿਕ੍ਰਮਾਜੀਤ ਨੂੰ ਟੋਲ੍ਹ ਕੇ ਲਿਆਓ। ਬਿਕ੍ਰਮਾਜੀਤ ਨੂੰ ਜਦੋਂ ਟੋਲ੍ਹ ਕੇ ਲਿਆਂਦਾ ਤਾਂ ਉਸ ਨੇ ਕਿਹਾ ਕਿ ਮੇਰੇ ਗੁਰੂ ਨੂੰ ਲਿਆਓ। ਤਾਂ ਉਹ ਸ਼ਿਕਾਰੀ ਨੂੰ ਵੀ ਲੈ ਆਏ। ਬਿਕ੍ਰਮਾਜੀਤ ਨੇ ਉਸਨੂੰ ਗੁਰੂ ਬਣਾ ਕੇ ਪੂਜਾ ਕਰਨੀ ਸ਼ੁਰੂ ਕਰ ਦਿਤੀ। ਉਹਨੂੰ ਅਪਾਣਾ ਵਜ਼ੀਰ ਬਣਾ ਲਿਆ ਤੇ ਆਪ ਦੁਬਾਰਾ ਤਖਤ ਤੇ ਬੈਠ ਗਿਆ।

ਮਹਾਰਾਜ ਕਹਿੰਦੇ, ਦੇਖੋ! ਉਸ ਬੀਬੀ ਨੇ ਕੁਰਬਾਨੀ ਕਰੀ, ਮਨ ਵਿਚ ਦਇਆ ਆਈ ਤੇ ਸ਼ਿਕਾਰੀ ਨੇ ਨਾਮ ਜਪਿਆ, ਬਿਕ੍ਰਮਾਜੀਤ ਨੇ ਨਾਮ ਜਪਿਆ; ਕਿੱਡੀ ਪਦਵੀ ਹੋਈ ਕਿ ਉਸ ਬੀਬੀ ਨੂੰ ਵੀ ਮਨੁੱਖਾ ਦੇਹੀ ਪ੍ਰਾਪਤ ਹੋ ਗਈ। ਸੋ ਇਹ ਮਨੁੱਖਾ ਦੇਹੀ 'ਵਿਸ਼ਨੂੰ ਦੇਹੀ' ਹੈ। ਹੁਣ ਕਲਿਜੁਗ ਦੇ ਅੰਦਰ ਬੀਬੀਆਂ ਦੀ ਦੇਹੀ ਵੀ ਨਾਮ ਦੇ ਬਲ ਕਰਕੇ ਪਵਿੱਤਰ ਬਣ ਗਈ ਹੈ, ਇਹ ਪਤਿਤ ਦੇਹੀ ਨਹੀਂ ਰਹੀ। ਸੋ ਮਨੁੱਖਾ ਦੇਹੀ, ਚਾਹੇ ਬੀਬੀ ਦੀ ਹੈ, ਚਾਹੇ ਭਾਈ ਦੀ ਹੈ, ਦੋਵੇਂ ਪਵਿੱਤਰ ਨੇ। ਇਹ ਮਿਲੀ ਹੈ ਤੈਨੂੰ –

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥ ਅੰਗ – ੧੧੫੯***

ਮਹਾਰਾਜ ਕਹਿੰਦੇ, ਵਾਹਿਗੁਰੂ ਦਾ ਨਾਉਂ ਲਓ, ਦੇਖਿਓ ਕਿਤੇ ਭੁੱਲ ਜਾਵੋਂ। ਏਹੀ ਲਾਹਾ ਹੈ ਕਿਉਂਕਿ ਹੋਰ ਕੋਈ ਐਸਾ ਤੈਨੂੰ ਜਨਮ ਪ੍ਰਾਪਤ ਨਹੀਂ ਹੋਣਾ, ਜਿਹਦੇ ਵਿਚ ਤੂੰ ਵਾਹਿਗੁਰੂ ਨੂੰ ਮਿਲ ਸਕੇਂ। ਇਹੀ ਸਰੀਰ ਹੈ ਜਿਹਦੇ ਵਿਚ ਤੂੰ ਪ੍ਰਮੇਸ਼ਰ ਨੂੰ ਮਿਲ ਸਕਦਾ ਹੈਂ –

***ਧਾਰਨਾ – ਇਹੋ ਤੇਰੀ ਵਾਰੀ ਐ,***
***ਗੋਬਿੰਦ ਮਿਲਣੇ ਦੀ – ੨, ੨.***

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ – ੧੨***

ਮਹਾਰਾਜ ਕਹਿੰਦੇ ਕਿ ਬਾਕੀ ਜਿੰਨੇ ਕੰਮ ਤੂੰ ਕਰਦਾ ਹੈਂ ਪ੍ਰੇਮੀਆਂ! ਇਹ ਕਿਸੇ ਲੇਖੇ ਵਿਚ ਨਹੀਂ –

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥***
***ਅੰਗ – ੧੨***

ਮਾਇਆ ਦੇ ਪਿਆਰ ਵਿਚ ਪੈ ਕੇ ਤੇਰਾ ਜਨਮ ਬਿਰਥਾ ਜਾ ਰਿਹਾ ਹੈ। ਸੋ ਫੁਰਮਾਨ ਕਰਦੇ ਨੇ ਕਿ – 'ਭਜਹੁ ਗੋੁਬਿੰਦ ਭੈਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥' ਦੇਖਿਓ ਭਾਈ! ਭੁੱਲ ਨਾ ਜਾਇਓ, ਭੁੱਲ ਨਾ ਜਾਇਓ। ਇਹੀ ਲਾਹਾ ਹੈ ਕਿ ਪ੍ਰਮੇਸ਼ਰ ਦਾ ਭਜਨ ਕਰ ਲਓ –

***ਜਬ ਲਗੁ ਜਰਾ ਰੋਗੁ ਨਹੀ ਆਇਆ॥***
***ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥ ਅੰਗ– ੧੧੫੯***

ਜਿੰਨਾ ਚਿਰ ਬੁਢਾਪੇ ਦਾ ਰੋਗ ਨਹੀਂ ਲੱਗਿਆ – ਕਿਉਂਕਿ ਬੁਢਾਪਾ ਰੋਗ ਹੋਇਆ ਕਰਦਾ ਹੈ; ਨਾਮ ਜਪਣਾ ਹੈ ਤਾਂ ਬਚਪਨ ਵਿਚ ਜਪ ਲੈ – ਕਿਸ਼ੋਰ ਅਵਸਥਾ ਵਿਚ। ਐਹ ਬੱਚਿਆਂ ਦਾ ਨਾਮ ਜਪਿਆ ਹੋਇਆ ਬਹੁਤ ਫਲੀਭੂਤ ਹੁੰਦਾ ਹੈ ਕਿਉਂਕਿ ਇਨ੍ਹਾਂ ਵਿਚ ਰਾਗ ਦ੍ਵੈਸ਼ ਦੀ ਬਿਮਾਰੀ ਨਹੀਂ ਹੁੰਦੀ। ਜਵਾਨੀ ਦੇ ਅੰਦਰ ਹਨ੍ਹੇਰੀ ਆਉਂਦੀ ਹੈ ਬੰਦੇ ਉਤੇ; ਗਰੀਬ ਤੋਂ ਗਰੀਬ, ਮਾੜੇ ਤੋਂ ਮਾੜਾ ਵੀ ਹਿੱਲ ਜਾਇਆ ਕਰਦਾ ਹੈ ਤੇ ਹਿੱਲ ਕੇ ਨਰਕ ਵਿਚ ਗਿਰ ਜਾਂਦਾ ਹੈ। ਸ਼ਰਾਬਾਂ, ਕਬਾਬਾਂ, ਮਾਸ, ਮੱਛੀ, ਚੋਰੀਆਂ–ਚਕਾਰੀਆਂ, ਝਗੜੇ–ਝਾਵੇ; ਚਾਰ ਕੇ ਦਿਨ ਦੀ ਹੁੰਦੀ ਹੈ ਇਹ ਜਵਾਨੀ। ਇਨ੍ਹਾਂ ਚਾਰ ਕੁ ਦਿਨਾਂ ਵਿਚ ਇਹ ਗਧੀ ਦੇ ਬੱਚੇ ਵਾਂਗ ਛੜੱਪੇ ਮਾਰਦਾ ਹੈ। ਫਿਰ ਬੁਢਾਪੇ ਦਾ ਰੋਗ ਸ਼ੁਰੂ ਹੋ ਜਾਂਦਾ ਹੈ। ਬੁਢਾਪਾ ਖਾ ਜਾਂਦਾ ਹੈ ਜਵਾਨੀ ਨੂੰ, ਨਾਮ–ਨਿਸ਼ਾਨ ਨਹੀਂ ਰਹਿਣ ਦਿੰਦਾ। ਯਾਦ ਕਰਦਾ ਹੈ ਸ਼ੀਸ਼ੇ ਦੇ ਸਾਮ੍ਹਣੇ ਖੜ੍ਹਾ ਹੋ ਕੇ ਕਿ ਮੈਂ ਜਵਾਨ ਹੁੰਦਾ ਸੀ। ਪੁਰਾਣੀਆਂ ਫੋਟੋਆਂ ਦੇਖ ਕੇ ਸੋਚਦਾ ਹੈ ਕਿ ਮੈਂ ਇਹੋ ਜਿਹਾ ਹੁੰਦਾ ਸੀ, ਕੀ ਹੋ ਗਿਆ। ਸੋ ਮਹਾਰਾਜ ਕਹਿੰਦੇ ਨੇ, ਇਹਤੋਂ ਪਹਿਲਾਂ ਪਹਿਲਾਂ ਨਾਮ ਜਪ ਲੈ – 'ਜਬ ਲਗੁ ਜਰਾ ਰੋਗੁ ਨਹੀਂ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥' ਬੁਢਾਪੇ ਵਿਚ ਬਿਮਾਰੀ ਲਗ ਜਾਂਦੀ ਹੈ ਆਦਮੀ ਨੂੰ – ਕਦੇ ਮਿਹਦਾ ਖਰਾਬ ਹੋ ਗਿਆ, ਕਦੇ ਜਿਗਰ ਖਰਾਬ ਹੋ ਗਿਆ, ਗੁਰਦਾ ਖਰਾਬ ਹੋ ਗਿਆ, ਹਾਰਟ ਟ੍ਰਬਲ ਹੋ ਗਈ, ਬਲੱਡ ਪਰੈਸ਼ਰ ਹੋ ਗਿਆ, ਕੋਈ ਹੋਰ ਬਿਮਾਰੀ ਅਧਰੰਗ ਬਗੈਰਾ ਦੀ ਹੋ ਗਈ। ਫੇਰ ਕਿਵੇਂ ਨਾਮ ਜਪੇਂਗਾ; ਬਹੁਤ ਔਖਾ ਹੈ। ਫਿਰ ਨਾਮ ਨਹੀਂ ਜਪ ਹੁੰਦਾ, ਫਿਰ ਤਾਂ 'ਹਾਇ ਹਾਇ' ਕਰ ਹੁੰਦੀ ਹੈ ਤੇ ਬਿਮਾਰੀ ਨੂੰ ਠੀਕ ਕਰਨ ਦੇ ਆਹਰ ਵਿਚ ਲੱਗਿਆ ਰਹਿੰਦਾ ਹੈ। ਸੋ ਨਾਮ ਜਪੀਏ ਦਾ ਵੇਲਾ ਤਾਂ ਬਚਪਨ ਵਿਚ ਹੀ ਹੋਇਆ ਕਰਦਾ ਹੈ –

***ਰਾਮ ਜਪਉ ਜੀ ਐਸੇ ਐਸੇ ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ਅੰਗ – ੩੩੭***

ਅਟੱਲ ਤੇ ਅਮਰ ਨੇ ਧਰੂੰ ਤੇ ਪ੍ਰਹਿਲਾਦ। ਧਰੂੰ ਕੇਵਲ ਪੰਜ ਸਾਲ ਦਾ ਸੀ; ਅਮਰ ਹੋ ਗਿਆ। ਭਗਤ ਨਾਮਦੇਵ ਨੇ, ਕਬੀਰ ਜੀ ਨੇ, ਰਵਿਦਾਸ ਜੌ ਨੇ; ਇਨ੍ਹਾਂ ਸਾਰਿਆਂ ਨੇ ਛੋਟੀ ਉਮਰ ਤੋਂ ਹੀ ਨਾਮ ਜਪਿਆ। ਜਵਾਨੀ ਵਿਚ ਕਿਸੇ ਨੂੰ ਸੋਝੀ ਆ ਜਾਵੇ, ਇਹ ਬੜੀ ਚੰਗੀ ਗੱਲ ਐ। ਪਰ ਬੁਢਾਪੇ ਵਿਚ ਕਿਸੇ ਨੂੰ ਇਹਦੀ ਸੋਝੀ ਆ ਜਾਵੇ, ਇਹ ਬੜੀ ਔਖੀ ਬਾਤ ਹੈ। ਬੁਢਾਪੇ ਦੀ ਸੋਜੀ ਨਾਮ ਨਹੀਂ ਜਪਣ ਦਿੰਦੀ ਕਿਉਂਕਿ ਉਹਦਾ ਮਨ ਐਨਾ ਖਿੰਡ ਚੁਕਿਆ ਹੁੰਦਾ ਹੈ ਕਿ ਨਾਮ ਦੇ ਉਤੇ ਇਕਾਗਰ ਹੀ ਨਹੀਂ ਹੁੰਦਾ। ਬੜਾ ਕੁਝ ਇਹਦੇ ਉਤੇ ਬਿਮਾਰੀਆਂ ਦਾ ਢੇਰ ਜਮ੍ਹਾਂ ਹੋਇਆ ਹੁੰਦਾ ਹੈ; ਨਿੰਦਿਆ, ਚੁਗਲੀ, ਈਰਖਾ, ਬਖੀਲੀ, ਸ਼ੰਕੇ, ਡਰ, ਆਸਾ, ਤ੍ਰਿਸ਼ਨਾ, ਅੰਦੇਸ਼ਾ ਆਦਿ ਡੈਣਾਂ ਅੰਦਰ ਬੈਠੀਆਂ ਵੱਢਦੀਆਂ ਨੇ। ਫਿਰ ਨਾਮ ਜਪੇਂਗਾ ਕਿ ਇਨਹਾਂ ਨਾਲ ਮੁਕਾਬਲਾ ਕਰੇਂਗਾ? ਸੋ ਨਾਮ ਜਪਣ ਦਾ ਵੇਲਾ ਛੋਟੀ ਉਮਰ ਹੋਇਆ ਕਰਦੀ ਹੈ। ਮਹਾਰਾਜ ਕਹਿੰਦੇ, 'ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥' ਜਦੋਂ ਤਕ ਕੋਈ ਐਸੀ ਬਿਮਾਰੀ ਨਹੀਂ ਲੱਗੀ ਕਿ ਹੁਣ ਤਾਂ ਮੈਂ ਮਰ ਹੀ ਜਾਣਾ ਹੈ, ਉਸ ਤੋਂ ਪਹਿਲਾਂ ਪਹਿਲਾਂ ਨਾਮ ਜਪ ਲੈ –

***ਜਬ ਲਗੁ ਬਿਕਲੁ ਭਈ ਨਹੀ ਬਾਨੀ॥***
***ਭਜਿ ਲੇਹਿ ਰੇ ਮਨ ਸਾਰਿਗਪਾਨੀ॥ ਅੰਗ – ੧੧੫੯***

ਯਾਨੀ, ਜਿੰਨਾ ਚਿਰ ਤੱਕ ਤੋਤਲੀ ਜ਼ਬਾਨ ਨਹੀਂ ਹੋਈ, ਜਿਵੇਂ ਪਪੀਹਾ 'ਪ੍ਰਿਉ ਪ੍ਰਿਉ' ਕਰਦਾ ਹੈ, ਇਉਂ ਕਰ ਲੈ ਤੂੰ ਵੀ – 'ਵਾਹਿਗੁਰੂ–ਵਾਹਿਗੁਰੂ', 'ਰਾਮ–ਰਾਮ', 'ਅਲਾਹ–ਅਲਾਹ'; ਕੋਈ ਨਾਮ ਲੈ ਲੈ, ਕਿਉਂਕਿ ਫੁਰਮਾਨ ਹੈ –

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥ ਅੰਗ – ੧੧੬੮***

ਜਿੰਨੇ ਵੀ ਨਾਮ ਨੇ, ਸਭ ਪ੍ਰਮੇਸ਼ਰ ਦੇ ਨਾਮ ਨੇ। ਸਭ 'ਓਅੰਕਾਰ' ਸ਼ਬਦ ਵਿਚੋਂ ਨਿਕਲੇ ਨੇ ਅਤੇ ਇਹਦੇ ਵਿਚ ਹੀ ਸਮਾਅ ਜਾਣੇ ਨੇ। ਸਾਰੀ ਸ੍ਰਿਸ਼ਟੀ ਦਾ ਆਕਾਰ 'ਓਅੰਕਾਰ' ਵਿਚੋਂ ਹੀ ਹੋਇਆ ਹੈ, ਇਸੇ ਸ਼ਬਦ ਵਿਚੋਂ ਉਤਪਤੀ ਹੋਈ ਹੈ, ਇਸੇ ਵਿਚ ਸਭ ਨੇ ਸਮਾਅ ਜਾਣਾ ਹੈ। ਕੋਈ ਨਾਮ ਜਪ ਲੈ ਜਿਹੜਾ ਤੈਥੋਂ ਜਪ ਹੁੰਦਾ ਹੈ, ਪਰ ਲੈ ਲੈ ਕਿਸੇ ਪੂਰੇ ਗੁਰੂ ਤੋਂ -

***ਅਬ ਨ ਭਜਸਿ ਭਜਸਿ ਕਬ ਭਾਈ॥***
***ਆਵੈ ਅੰਤੁ ਨ ਭਜਿਆ ਜਾਈ॥ ਅੰਗ - ੧੧੫੯***

ਫੇਰ ਤਾਂ ਜਮਦੂਤਾਂ ਨੂੰ ਦੇਖ ਕੇ ਡਰੇਂਗਾ। ਫਿਰ 'ਰਾਮ-ਰਾਮ' ਕਹੇਂਗਾ? ਫੇਰ ਤਾਂ ਸਬੰਧੀ ਹੀ ਨਹੀਂ ਖਹਿੜਾ ਛੱਡਦੇ, ਕਹਿੰਦੇ ਨੇ, ਕੋਈ ਗੱਲ ਤਾਂ ਦੱਸ ਜਾਹ। ਓਧਰ ਉਹ ਚੜ੍ਹਾਈ ਕਰਨ ਲਗਦਾ ਹੈ, ਬੋਲ ਨਹੀਂ ਹੁੰਦਾ, ਅੱਖਾਂ ਨਾਲ ਹੀ ਗੱਲਾਂ ਕਰਦਾ ਹੈ। ਫਿਰ ਤਾਂ ਕੋਈ ਗੱਲ ਬਣਦੀ ਨਹੀਂ -

***ਮਨ ਕੀ ਮਨ ਹੀ ਮਾਹਿ ਰਹੀ॥***
***ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥***
***ਅੰਗ - ੬੩੧***

***ਆਵੈ ਅੰਤੁ ਨ ਭਜਿਆ ਜਾਈ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ॥ ਅੰਗ - ੧੧੫੯***

ਸੋ ਇਸ ਤਰ੍ਹਾਂ ਨਾਲ ਇਹ ਮਾਨਸ ਦੇਹੀ ਨਾਮ ਜਪਣ ਵਾਸਤੇ ਪ੍ਰਾਪਤ ਹੋਈ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਾਮ ਕਿਵੇਂ ਜਪੀਏ? ਕਿਉਂਕਿ ਗੁਰੂ ਮਹਾਰਾਜ ਕਹਿੰਦੇ ਨੇ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥***
***ਅੰਗ - ੪੯੧***

ਗੁਰੂ ਦੀ ਕ੍ਰਿਪਾ ਹੋ ਜਾਵੇ, ਵਿਧੀ ਪੂਰਵਕ ਜਪਿਆ ਨਾਮ ਮਨ ਵਿਚ ਵਸ ਜਾਵੇ, ਤਾਂ ਕਿਸੇ ਨੂੰ ਫਲ ਪ੍ਰਾਪਤ ਹੋਇਆ ਕਰਦਾ ਹੈ। ਸੋ ਇਹ ਸਵਾਲ ਜਦੋਂ ਗੁਰੂ ਨਾਨਕ ਸਾਹਿਬ ਸੰਗਲਾਦੀਪ ਗਏ, ਉਥੇ ਰਾਜਾ ਸ਼ਿਵਨਾਭ ਨੇ ਉਨ੍ਹਾਂ ਪਾਸ ਕਰਿਆ ਕਿ ਸੱਚੇ ਪਾਤਸ਼ਾਹ! ਕਿਹੜੇ ਤਰੀਕੇ ਨੇ ਨਾਮ ਜਪਣ ਦੇ? ਆਪ ਕ੍ਰਿਪਾ ਕਰਕੇ ਦੱਸੋ। ਮਹਾਰਾਜ ਜੀ ਨੇ ਫੁਰਮਾਇਆ ਕਿ ਰਾਜਨ! ਦੋ ਤਰੀਕੇ ਨੇ - ਇਕ ਨੂੰ 'ਭਗਤਿ ਜੋਗ' ਕਹਿੰਦੇ ਨੇ ਤੇ ਇਕ ਨੂੰ 'ਕਸ਼ਟ ਜੋਗ' ਕਹਿੰਦੇ ਨੇ। ਤੂੰ ਦੱਸ ਕਿਹੜਾ ਅਪਨਾਉਣਾ ਚਾਹੁੰਦਾ ਹੈਂ? ਰਾਜਾ ਕਹਿੰਦਾ, "ਮਹਾਰਾਜ ਮੈਨੂੰ ਦੋਇ ਦੱਸ ਦਿਓ, ਜਿਹੜਾ ਸੁਖਾਲਾ ਹੋਵੇਗਾ ਉਹ ਮੈਂ ਅਪਣਾਅ ਲਊਂ।" ਮਹਾਰਾਜ ਕਹਿੰਦੇ, ਪਹਿਲਾਂ ਤੈਨੂੰ ਅਸੀਂ' ਕਸ਼ਟ ਜੋਗ' ਬਾਰੇ ਦਸਦੇ ਹਾਂ; ਲਓ ਸੁਣੋ।

ਇਹਦੇ ਵਿਚ ਕੁਝ ਰਹਿਤਾਂ ਹੁੰਦੀਆਂ ਨੇ - ਦਸ ਯਮ ਹੁੰਦੇ ਨੇ, ਦਸ ਨੇਮ ਹੁੰਦੇ ਨੇ। ਇਹਦੇ ਅੱਠ ਅੰਗ ਹੁੰਦੇ ਨੇ। ਇਹ ਸਾਰੇ ਹੀ ਤਕਰੀਬਨ 26 ਹੋਇਆ ਕਰਦੇ ਨੇ। ਧਿਆਨ ਦੇ ਨਾਲ ਜੇ ਸੁਣੇਗਾ, ਤੇਰੀ ਸਮਝ ਵਿਚ ਆ ਜਾਵੇਗਾ। ਉਹ ਬੜਾ ਚੌਕਸੀ ਨਾਲ ਸੁਣਨ ਲੱਗਿਆ।

ਮਹਾਰਾਜ ਕਹਿੰਦੇ, ਪਹਿਲਾ 'ਅਹਿੰਸਾ' ਹੁੰਦਾ ਹੈ। ਨ ਮਨ ਨਾਲ, ਨਾ ਸਰੀਰ ਨਾਲ, ਨ ਬੁੱਧੀ ਨਾਲ, ਨ ਬਚਨ ਨਾਲ; ਕਿਸੇ ਦਾ ਬੁਰਾ ਨਹੀਂ ਕਰਨਾ। ਦਿਲੋਂ ਕਹਿਣਾ ਹੈ, 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।' ਬੁਰਾ ਨਹੀਂ ਕਰਨਾ ਕਿਸੇ ਦਾ ਵੀ ਸੰਸਾਰ ਵਿਚ - 'ਬੁਰਾ ਬਿਗਾਨਾ ਚਿਤਵੀਏ ਅਪਨਾ ਹੀ ਹੋ ਜਾਏ।'

***ਪਰ ਕਾ ਬੁਰਾ ਨ ਰਾਖਹੁ ਚੀਤ॥***
***ਤੁਮ ਕਉ ਦੁਖੁ ਨਹੀ ਭਾਈ ਮੀਤ॥ ਅੰਗ - ੩੮੬***

ਦੁਖ ਨਹੀਂ ਆਏਗਾ, ਬਿਗਾਨਾ ਬੁਰਾ ਨ ਚਿਤਵੇ।

ਦੂਸਰਾ ਹੁੰਦਾ ਹੈ 'ਸਤਿ' - ਸਤਿ ਦਾ ਜੀਵਨ ਹੋਣਾ ਚਾਹੀਦਾ ਹੈ। ਦਿਖਾਵੇ ਦਾ, ਪਖੰਡ ਦਾ ਜੀਵਨ ਨਹੀਂ ਹੋਣਾ ਚਾਹੀਦਾ।

ਤੀਸਰਾ ਹੁੰਦਾ ਹੈ - 'ਚੋਰੀ ਨਾ ਕਰਨਾ।' ਕੋਈ ਕੰਮ ਐਸਾ ਨਾ ਕਰ ਜੋ ਚੋਰੀ ਦਾ ਹੋਵੇ - ਨਾ ਅੱਖਾਂ ਨਾਲ ਚੋਰੀ ਕਰ, ਨਾ ਕੋਈ ਪਾਪ ਕਰ। ਪਾਪ ਕਰੇਂਗਾ ਤਾਂ ਡਰਦਾ ਰਹੇਂਗਾ, ਲੁਕਿਆ ਰਹੇਂਗਾ ਕਿ ਜੇ ਪਤਾ ਲਗ ਗਿਆ ਤਾਂ ਮੇਰੇ ਨਾਲ ਕੀ ਬਣੂ; ਉਹਦੀ ਹੀ ਚਿੰਤਾਂ ਤੇਰੇ ਮਨ ਵਿਚ ਰਹੇਗੀ।

ਚੌਥਾ ਹੋਇਆ ਕਰਦਾ ਹੈ' ਬ੍ਰਹਮਚਰੀਅ'॥ ਜਤ ਸਤ ਆਪਣਾ ਕਾਇਮ ਰੱਖਣਾ।

ਪੰਜਵਾਂ ਹੋਇਆ ਕਰਦਾ ਹੈ 'ਧੀਰਜ'।

ਛੇਵਾਂ ਹੋਇਆ ਕਰਦਾ ਹੈ 'ਖਿਮਾ'।

ਸੱਤਵਾਂ ਹੋਇਆ ਕਰਦਾ ਹੈ 'ਦਇਆ।'

ਅੱਠਵਾਂ ਹੋਇਆ ਕਰਦਾ ਹੈ 'ਕੋਮਲ ਚਿੱਤ।'

ਨੌਵਾਂ 'ਅਲਪ ਅਹਾਰ ਸੁਲਪ ਸੀ ਨਿੰਦ੍ਰਾ।'

ਦਸਵਾਂ ਹੋਇਆ ਕਰਦਾ ਹੈ 'ਸੌਚ' ਯਾਨੀ ਮਨ ਦੀ ਪਵਿੱਤਰਤਾ, ਸਰੀਰ ਦੀ ਪਵਿੱਤਰਤਾ, ਬਸਤਰਾਂ ਦੀ ਪਵਿੱਤਰਤਾ, ਖਿਆਲਾਂ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਬਚਨ ਦੀ ਪਵਿੱਤਰਤਾ -

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪***

ਮਹਾਰਾਜ ਕਹਿੰਦੇ, ਭਾਈ! ਇਹ ਦਸ ਅੰਗਾਂ ਨੂੰ 'ਯਮ' ਕਹਿੰਦੇ ਨੇ ਜਾਂ 'ਸਮ' ਭੀ ਕਹਿੰਦੇ ਨੇ।

ਦੂਸਰੀਆਂ ਨੂੰ 'ਨੇਮ' ਕਹਿੰਦੇ ਨੇ। ਪਹਿਲਾਂ ਹੈ 'ਤਪ' - ਸੇਵਾ ਕਰਨੀ। ਤਿੰਨ ਕਿਸਮ ਦਾ ਹੁੰਦਾ ਹੈ ਤਪ - ਰਜੋ ਗੁਣੀ, ਤਮੋ ਗੁਣੀ ਤੇ ਸਤੋ ਗੁਣੀ। ਇਨ੍ਹਾਂ ਸਾਰਿਆਂ ਨਾਲੋਂ ਸ੍ਰੇਸ਼ਠ ਗੁਰੂ ਦੀ ਸੇਵਾ ਕਰਨੀ, ਸਾਰਿਆਂ ਤਪਾਂ ਦਾ ਸ਼੍ਰੋਮਣੀ ਹੈ।

ਫਿਰ ਦੂਸਰਾ 'ਦਾਨ' ਹੋਇਆ ਕਰਦਾ ਹੈ। ਇਹ ਵੀ ਤਿੰਨ ਕਿਸਮ ਦਾ ਹੁੰਦਾ ਹੈ - ਤਮੋ ਗੁਣੀ ਦਾਨ, ਰਜੋ ਗੁਣੀ ਦਾਨ, ਸਤੋ ਗੁਣੀ ਦਾਨ। ਖਿਝ ਕੇ ਦਿਤਾ ਹੋਇਆ, ਕੁਪਾਤਰ ਨੂੰ ਦਿਤਾ ਹੋਇਆ, ਕੁਵੇਲੇ ਦਿਤਾ ਹੋਇਆ ਦਾਨ ਪਾਪ ਕਰਾਉਣ ਲਗ ਜਾਂਦਾ ਹੈ। ਆਪਣੀ ਉਸਤਤ ਵਾਸਤੇ, ਵਡਿਆਈ ਵਾਸਤੇ, ਕਾਰਜ ਸਿਧੀ ਵਾਸਤੇ ਦਿਤਾ ਹੋਇਆ ਦਾਨ 'ਰਜੋ ਗੁਣੀ' ਹੁੰਦਾ ਹੈ। ਨਿੰਮ੍ਰਤਾ ਦੇ

ਨਾਲ ਪ੍ਰਮੇਸ਼ਰ ਦੀ ਵਸਤੂ ਜਾਣ ਕੇ ਦਿਤਾ ਹੋਇਆ ਦਾਨ 'ਸਤੋ ਗੁਣੀ' ਦਾਨ ਹੁੰਦਾ ਹੈ; ਇਹਦਾ ਫਲ ਹੋਇਆ ਕਰਦਾ ਹੈ ਜ਼ਿਆਦਾ।

ਤੀਸਰਾ ਨੇਮ ਹੋਇਆ ਕਰਦਾ ਹੈ 'ਸੰਤੋਖ'।

ਚੌਥਾ ਹੋਇਆ ਕਰਦਾ ਹੈ 'ਆਸਤਕ ਬੁੱਧੀ।'

ਪੰਜਵਾਂ – 'ਪੂਜਾ।'

ਛੇਵਾਂ – 'ਗੁਰ ਸ਼ਬਦ ਉਤੇ ਵਿਸ਼ਵਾਸ਼।'

ਸੱਤਵਾਂ ਹੁੰਦਾ ਹੈ – ਜੋ ਕੁਛ ਗੁਰਬਾਣੀ ਕਹਿੰਦੀ ਹੈ, ਉਸਦੇ ਮੁਤਾਬਿਕ ਆਪਣੇ ਜੀਵਨ ਨੂੰ ਢਾਲਣਾ; ਉਲਟ ਬਿਲਕੁਲ ਨਾ ਜਾਣਾ।

ਅੱਠਵਾਂ ਹੋਇਆ ਕਰਦਾ ਹੈ 'ਸਾਂਤਕੀ ਬਿਰਤੀ।'। ਕ੍ਰੋਧ ਨਹੀਂ ਆਉਣ ਦੇਣਾ ਬਿਰਤੀ ਦੇ ਅੰਦਰ, Frustration ਨਹੀਂ ਆਉਣ ਦੇਣੀ, ਝੁੰਝਲਾਹਟ ਨਹੀਂ ਆਉਣ ਦੇਣੀ; ਸ਼ਾਂਤ ਰਹਿਣਾ ਹੈ। ਕੋਈ ਮਾੜੀ ਗੱਲ ਵੀ ਕਹਿ ਗਿਆ ਤਾਂ ਵੀ ਸ਼ਾਂਤ ਰਹਿਣਾ, ਧੀਰਜ ਰੱਖਣਾ।

ਨੌਵਾਂ ਹੋਇਆ ਕਰਦਾ ਹੈ 'ਨਿਤਨੇਮ' – ਨਿਤਨੇਮ ਨਹੀਂ ਕਦੇ ਖੁੰਝਾਉਣਾ। ਜੋ ਵੀ ਨਿਤਨੇਮ ਹੈ ਉਹ ਪੂਰਾ ਕਰਨਾ ਹੈ।

ਦਸਵਾਂ ਹੋਇਆ ਕਰਦਾ ਹੈ 'ਬ੍ਰਹਮ ਹੋਮ' – ਭੁੱਖੇ ਨੂੰ ਪ੍ਰਸ਼ਾਦ ਛਕਾਉਣਾ।

ਇਹ ਦੋ ਅੰਗ ਹੋ ਗਏ – ਇਕ 'ਯਮ' ਤੇ ਇਕ 'ਨੇਮ'। ਮਹਾਰਾਜ ਕਹਿੰਦੇ, ਭਾਈ! ਫੇਰ ਤੀਸਰਾ ਅੰਗ ਹੁੰਦਾ ਹੈ 'ਆਸਣ।' ਐਸੇ ਇਕਾਂਤ ਆਸਣ ਤੇ ਬੈਠਣਾ ਜਿਥੇ ਕੋਈ ਬਿਖਸ਼ੇਪਤਾ ਨਾ ਹੋਵੇ। ਭਜਨ ਕਰਨ ਨੂੰ ਥਾਂ ਛਾਂਟ ਲੈਣੀ; ਕੋਈ ਚੌਕੀ ਬਣਾ ਲੈਣੀ, ਕੋਈ ਆਸਣ ਲੈ ਲੈਣਾ। ਫਿਰ ਉਥੇ ਹੀ ਰੋਜ਼ ਭਜਨ ਕਰਨਾ। ਉਹ ਥਾਂ ਪਵਿੱਤਰ ਹੋ ਜਾਂਦਾ ਹੈ, ਉਥੇ ਮਨ ਇਕ ਦਮ ਟਿਕ ਜਾਂਦਾ ਹੈ।

ਚੌਥਾ ਹੁੰਦਾ ਹੈ 'ਪ੍ਰਾਣਾਯਾਮ' – ਸਵਾਸਾਂ ਨੂੰ ਸੰਤੁਲਨ ਵਿਚ ਲਿਆ ਕੇ ਨਾਮ ਜਪਣ ਦੀ ਜੁਗਤੀ ਮਹਾਂਪੁਰਸ਼ਾਂ ਤੋਂ ਜਾ ਕੇ ਪੁਛਣੀ ਜਿਨ੍ਹਾਂ ਨੂੰ ਅਭਿਆਸ ਦੀ ਪਰਪੱਕਤਾ ਨਾਲ ਸਾਰੇ ਅੰਦਰੂਨੀ ਭੇਦਾਂ ਦੀ ਥਾਹ ਹੁੰਦੀ ਹੈ।

ਪੰਜਵਾਂ ਅੰਗ ਹੁੰਦਾ ਹੈ 'ਪ੍ਰਤਿਹਾਰ' – ਬਾਰ-ਬਾਰ ਮਨ ਨੂੰ ਰੋਕਣਾ। ਮਨ ਦੌੜਦਾ ਹੈ, ਫੇਰ ਰੋਕ ਕੇ ਸ਼ਬਦ ਵਿਚ ਲਾਉਣਾ।

ਛੇਵਾਂ ਹੋਇਆ ਕਰਦਾ ਹੈ 'ਧਾਰਨਾ।' ਮਨ ਇਕਾਗਰ ਕਰਨ ਵਾਸਤੇ ਗੁਰੂ ਦੇ ਚਰਨਾਂ ਵਿਚ ਜੋੜਨਾ। ਜੁੜਦਾ ਨਹੀਂ, ਫੇਰ ਰੋਕ ਕੇ ਜੋੜਨਾ। ਪਾਪਾਂ ਤੋਂ ਬਚਣਾ। ਬਾਰ-ਬਾਰ ਮਨ ਨੂੰ ਦਿਲਾਸੇ ਦੇਣੇ ਤੇ ਉਪਰ ਨੂੰ ਚੜ੍ਹਾਉਣਾ –

***ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥***

***ਅੰਗ – ੧੦੯੬***

ਸੱਤਵਾਂ ਹੋਇਆ ਕਰਦਾ ਹੈ 'ਧਿਆਨ।' ਧਿਆਨ ਸਾਕਾਰ ਦਾ ਹੋਇਆ ਕਰਦਾ ਹੈ। ਇਕ ਗੁਰੂ ਦਾ ਧਿਆਨ ਤੇ ਦੂਜਾ ਸ਼ਬਦ ਦਾ ਧਿਆਨ। ਤਿੰਨ ਕਿਸਮ ਦਾ ਧਿਆਨ ਹੁੰਦਾ ਹੈ – ਪ੍ਰਤੀਕ, ਸੰਪਤ ਤੇ ਅਹੰਗ੍ਰਹਿ। ਸੋ ਤਿੰਨੇ ਤਰ੍ਹਾਂ ਦੇ ਧਿਆਨ ਮਹਾਂਪੁਰਸ਼ਾਂ ਤੋਂ ਪੁੱਛ ਲਓ। ਜਿਥੇ ਕੋਈ ਫਿੱਟ ਹੁੰਦਾ ਹੈ, ਉਥੇ ਲਾ ਦਿੰਦੇ ਹੁੰਦੇ ਨੇ ਕਿ ਤੂੰ ਧਿਆਨ ਇਸ ਤਰ੍ਹਾਂ ਕਰ।

ਅੱਠਵਾਂ ਅੰਗ ਹੋਇਆ ਕਰਦਾ ਹੈ 'ਸਮਾਧ।' ਕਹਿੰਦੇ ਨੇ, ਸਮਾਧੀ ਲਗ ਜਾਣੀ। ਜਦੋਂ ਬਾਰ-ਬਾਰ ਭਜਨ ਕਰਕੇ ਫੁਰਨਾ ਖਤਮ ਹੋ ਜਾਵੇ ਫਿਰ ਸਮਾਧੀ ਲਗ ਜਾਂਦੀ ਹੈ ਤੇ ਤ੍ਰਿਕੁਟੀ ਵਿਚੋਂ ਲੰਘ ਕੇ ਦਸਵੇਂ ਦੁਆਰ ਵਿਚ ਬਿਰਤੀ ਪਹੁੰਚ ਜਾਂਦੀ ਹੈ।

ਮਹਾਰਾਜ ਕਹਿੰਦੇ, ਲੈ ਰਾਜਨ! ਇਹ ਤਾਂ ਹੈ 'ਕਸ਼ਟ ਜੋਗ।' ਇਹ ਔਖਾ ਹੈ ਥੋੜ੍ਹਾ ਜਿਹਾ। ਹੁਣ ਤੈਨੂੰ ਅਸੀਂ ਭਗਤਿ ਜੋਗ ਦਸਦੇ ਹਾਂ। ਇਹ ਧਿਆਨ ਨਾਲ ਸਰਵਣ ਕਰੀਂ। ਇਹ ਗ੍ਰਿਹਸਤੀ ਵੀ ਕਰ ਸਕਦੇ ਨੇ, ਕਾਰੋਬਾਰ ਕਰਦੇ ਹੋਏ ਵੀ, ਬਾਲ-ਬੱਚੇ ਪਾਲਦੇ ਹੋਏ ਵੀ ਕਰ ਸਕਦੇ ਨੇ, ਟੀਚਰ ਯਾਨੀ ਪੜ੍ਹਾਉਣ ਵਾਲਾ ਵੀ, ਵਾਪਾਰੀ ਵੀ, ਫੌਜਾਂ ਵਿਚ ਨੌਕਰੀ ਕਰਨ ਵਾਲੇ, ਰੁਝੇਵਿਆਂ ਵਾਲੇ ਬੰਦੇ, ਇੰਡਸਟਰੀਆਂ ਵਿਚ ਕੰਮ ਕਰਨ ਵਾਲੇ ਬੰਦੇ – ਸਭ ਕਰ ਸਕਦੇ ਨੇ ਕਿਉਂਕਿ ਇਹ ਸੁਖਾਲਾ ਹੈ। ਇਹ ਗੱਲ ਨਹੀਂ ਹੈ ਕਿ ਇਹਦਾ ਫਲ ਘਟ ਹੈ, ਫਲ ਇਹਦਾ ਵੀ ਓਨਾ ਹੀ, ਓਵੇਂ ਜਿਵੇਂ ਹੀ ਹੈ। ਇਹ ਵੀ ਉਥੇ ਹੀ ਪਹੁੰਚਾ ਦਿੰਦਾ ਹੈ। ਦੋਇ ਹੱਥ ਜੋੜ ਕੇ ਰਾਜਾ ਕਹਿਣ ਲੱਗਿਆ, ਪਾਤਸ਼ਾਹ! ਪਹਿਲੀ ਗੱਲ ਮੈਂ ਸਮਝ ਗਿਆ।

ਆਪਾਂ ਪਿਛਲੇ ਪੰਜ ਦੀਵਾਨਾਂ ਵਿਚ ਪਹਿਲੀ ਗੱਲ ਸੁਣੀ ਹੈ, ਪੂਰੀ ਤਰ੍ਹਾਂ ਬਹੁਤ ਵਿਸਥਾਰ ਨਾਲ ਇਹਦੇ ਉਤੇ ਵਿਚਾਰ ਕੀਤੀ ਹੈ ਤੇ ਹੁਣ 'ਭਗਤਿ ਜੋਗ' ਕੀ ਹੁੰਦਾ ਹੈ – ਇਸਨੂੰ ਜ਼ਰਾ ਸਮਝਣ ਦਾ ਯਤਨ ਕਰੋ। ਜਿਹੜੇ ਸ਼ੌਕ ਵਾਲੇ ਬੰਦੇ ਨੇ, ਉਹ ਮਨ ਇਕਾਗਰ ਕਰਕੇ ਸੁਣਿਓ ਕਿਉਂਕਿ ਫਿਲਮ ਬਣ ਰਹੀ ਹੈ, ਪਤਾ ਨਹੀਂ ਕੀਹਨੇ ਕੀਹਨੇ ਦੇਖਣੀ ਹੈ ਤੇ ਕੀਹਦਾ ਕੀਹਦਾ ਭਲਾ ਹੋਣਾ ਹੈ। ਸੋ ਧਿਆਨ ਕਰੋ, ਸਾਡਾ ਵੀ ਭਲਾ ਹੋ ਜਾਏਗਾ ਜਦੋਂ ਧਿਆਨ ਨਾਲ ਸੁਣਾਂਗੇ।

ਮਹਾਰਾਜ ਕਹਿੰਦੇ –

***ਪ੍ਰਿਥਮੈ ਯਮ, ਮਨ ਰਾਖਨ ਨੀਵਾਂ॥***

***ਪੰਨਾ – ੧੧੧ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਕਹਿੰਦੇ ਕਿ ਪਹਿਲੀ ਰਹਿਤ ਇਹ ਹੈ ਕਿ ਮਨ ਨੂੰ ਨੀਵਾਂ ਰੱਖਣਾ। ਮਨ ਨੀਵਾਂ ਕਿਵੇਂ ਰਹਿੰਦਾ ਹੈ? ਜੇ ਤਾਂ ਕਹੋ ਅਸੀਂ ਚੰਗੇ ਹਾਂ, ਫਿਰ ਤਾਂ ਮਨ ਨੀਵਾਂ ਨਹੀਂ ਰਿਹਾ ਕਰਦਾ। ਮਨ ਨੀਵਾਂ ਰਹਿੰਦਾ ਹੈ ਜੇ ਦਿਲੋਂ ਅਸੀਂ ਕਹੀਏ –

***ਹਮ ਨੀ ਚੰਗੇ ਬੁਰਾ ਨਹੀ ਕੋਇ॥ ਅੰਗ – ੭੨੮***

***ਆਪਸ ਕਉ ਜੋ ਜਾਣੈ ਨੀਚਾ॥***
***ਸੋਊ ਗਨੀਐ ਸਭ ਤੇ ਊਚਾ॥ ਅੰਗ – ੨੬੬***

ਨੀਵਾਂ ਪਲੜਾ ਭਾਰੀ ਹੋਇਆ ਕਰਦਾ ਹੈ। ਨਿੰਮ੍ਰਤਾ ਵਿਚ ਰੱਖਣਾ ਹੈ ਆਪਣੇ ਆਪ ਨੂੰ, ਹੰਕਾਰ ਵਿਚ ਨਹੀਂ ਆਉਣਾ, ਵੱਡੇ ਨਹੀਂ ਬਣਨਾ –

***ਪ੍ਰਿਥਮੈ ਯਮ ਮਨ ਰਾਖਨ ਨੀਵਾਂ।***
***ਨਿਜ ਗੁਨ ਤੇ ਨਿਰਮਾਨ ਸਦੀਵਾ।***

***ਪੰਨਾ – ੧੧੧ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਪ੍ਰਮੇਸ਼ਰ ਨੇ ਗੁਣ ਦਿਤੇ ਹੋਏ ਨੇ – ਕਿਸੇ ਨੂੰ ਕੀਰਤਨ ਕਰਨ ਦਾ, ਕਿਸੇ ਨੂੰ ਵਿਆਖਿਆ ਦਾ, ਕਿਸੇ ਨੂੰ ਡਾਕਟਰੀ ਦਾ, ਕੋਈ ਇੰਜਨੀਅਰ ਹੈ, ਕੋਈ ਸਾਇੰਸਦਾਨ, ਕੋਈ ਅਫਸਰ ਤੇ ਕੋਈ

ਟੀਚਰ ਹੈ। ਮਹਾਰਾਜ ਕਹਿੰਦੇ, ਐਵੇਂ ਅਭਿਮਾਨ ਵਿਚ ਨਾ ਆ ਜਾਵੀਂ ਕਿ ਜ਼ਮੀਨ ਜਾਇਦਾਦ ਬਹੁਤ ਹੈ, ਟਰੈਕਟਰ ਲੈ ਲਿਆ। ਅਭਿਮਾਨ ਵਿਚ ਨਾ ਆ ਜਾਵੀਂ, ਨੀਵਾਂ ਰਹੀ; ਨੀਵੇਂ ਰੁੱਖਾਂ ਨੂੰ ਫਲ ਲਗਦੇ ਨੇ। ਜਿਹੜਾ ਰੁੱਖ ਉਚਾ ਹੁੰਦਾ ਹੈ, ਉਹਨੂੰ ਫਲ ਨਹੀਂ ਲਗਦਾ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਫਲ ਨੀਵਿਆਂ ਰੁੱਖਾਂ ਨੂੰ ਲਗਦੇ,***
***ਫਲ ਨੀਵਿਆਂ, ਫਲ ਨੀਵਿਆਂ ਰੁਖਾਂ ਨੂੰ ਲਗਦੇ,***
***ਉਚਾ ਹੋ ਕੇ ਮਾਰਿਆ ਗਿਆ, ਸਿੰਬਲਾ, ਸਿੰਬਲਾ-੨***

***ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥***
***ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥***
***ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥***
***ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥***
***ਅੰਗ - ੪੭੦***

ਪੰਖੀ ਸਿੰਬਲ ਰੁਖ ਵੱਲ ਆਉਂਦੇ ਨੇ - ਹਰੇ ਹਰੇ ਫਲ ਦੇਖ ਕੇ, ਹਰੇ ਹਰੇ ਪੱਤੇ ਦੇਖ ਕੇ; ਪਰ ਫਲ ਫਿੱਕੇ ਨੇ ਅਤੇ ਫੁੱਲ ਬਕਬਕੇ ਨੇ, ਗਲਘੋਟੂਆ ਲਗਦਾ ਹੈ - ਫਲ ਖਾ ਕੇ। ਇਸ ਲਈ ਨਿਰਾਸ਼ ਹੋ ਕੇ ਚਲੇ ਜਾਂਦੇ ਨੇ। ਉਂਝ ਸਿੰਬਲ ਉਚਾ ਬਹੁਤ ਹੈ ਤੇ ਸਿੱਧਾ ਬਹੁਤ ਹੈ। ਮਹਾਰਾਜ ਕਹਿੰਦੇ, ਦੇਖ! ਨੀਵਾਂ ਰਹੀਂ ਪ੍ਰੇਮੀਆਂ। ਉਚੇ 'ਚ ਕੀ ਦੋਸ਼ ਹੈ? ਕਹਿੰਦੇ, ਉਚੀ ਜ਼ਮੀਨ ਹੋਵੇ; ਮੀਂਹ ਪੈ ਜਾਵੇ ਤਾਂ ਪਾਣੀ ਸਾਰਾ ਰੁੜ੍ਹ ਜਾਏਗਾ ਤੇ ਜ਼ਮੀਨ ਕੱਟੀ ਜਾਵੇਗੀ। ਨੀਵਾਂ ਖੇਤ ਉਸ ਕੱਟੀ ਹੋਈ ਮਿੱਟੀ ਨੂੰ ਸੰਭਾਲ ਲਵੇਗਾ, ਪਾਣੀ ਨੂੰ ਸੰਭਾਲ ਲਵੇਗਾ ਅਤੇ ਨੀਵੇਂ ਖੇਤ ਵਿਚ ਧਾਨ ਲਗ ਜਾਣਗੇ। ਉਚੇ ਖੇਤ ਵਿਚ ਮੱਕੀ ਦੀ ਵੀ ਵੱਤ ਨਹੀਂ ਰਹਿਣੀ ਕਿਉਂਕਿ ਇਹ ਉਚਾ ਹੋਣ ਕਰਕੇ ਮਾਰਿਆ ਗਿਆ। ਨੁਕਸਾਨ ਹੋਇਆ ਨਾ ਉਚੇ ਹੋਣ ਦਾ। ਖਜੂਰ ਉਚੀ ਹੈ ਪਰ ਰਾਹੀ ਵਾਸਤੇ ਛਾਉਂ ਵੀ ਨਹੀਂ ਦੇ ਸਕਦੀ ਤੇ ਫਲ ਭੀ ਨਹੀਂ ਦਿੰਦੀ।

ਇਸੇ ਕਰਕੇ ਮਹਾਰਾਜ ਫੁਰਮਾਉਂਦੇ ਹਨ ਕਿ ਨੀਵਾਂ ਜਿਹੜਾ ਹੈ ਝੁਕਿਆ ਹੋਇਆ, ਠੀਕ ਹੋਇਆ ਕਰਦਾ ਹੈ -

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥***
***ਚੰਦਨ ਕੈ ਨਿਕਟੈ ਬਸੈ ਬਾਂਸੁ ਸੁਗੰਧੁ ਨ ਹੋਇ॥***
***ਅੰਗ - ੧੩੬੫***

ਬਾਂਸ, ਚੰਦਨ ਦੇ ਨੇੜੇ ਰਹਿੰਦਾ ਹੈ ਲੇਕਿਨ ਉਹਦੇ 'ਚ ਸੁਗੰਧੀ ਨਹੀਂ ਹੁੰਦੀ ਕਿਉਂਕਿ ਉਹ ਉਚਾ ਹੈ, ਹੰਕਾਰ ਭਰਿਆ ਹੋਇਆ ਹੈ ਉਹਦੇ ਅੰਦਰ - 'ਹੰਕਾਰਿਆ ਸੋ ਮਾਰਿਆ।' ਸੋ ਭਗਤਿ ਜੋਗ ਦੀ ਪਹਿਲੀ ਰਹਿਤ ਇਹ ਹੈ ਕਿ ਮਨ ਨੀਵਾਂ ਰੱਖਣਾ। ਆਪਣੇ ਗੁਣ ਦਾ ਪ੍ਰਗਟਾਵਾ ਨਹੀਂ ਕਰਨਾ ਕਿ ਮੈਂ ਰਾਗ ਜਾਣਦਾ ਹਾਂ, ਫਲਾਣਾ ਕੁਝ ਜਾਣਦਾ ਹਾਂ, ਮੈਂ ਪਾਠੀ ਬਹੁਤ ਵਧੀਆ ਹਾਂ, ਮੈਂ ਸੰਤ ਹਾਂ, ਲੋਕ ਮੈਨੂੰ ਮੰਨਦੇ ਨੇ। ਆਹ ਗੱਲ ਨਹੀਂ ਆਉਣ ਦੇਣੀ ਆਪਣੇ ਅੰਦਰ। ਨੀਵੇਂ ਰਹਿਣਾ ਹੈ ਅਤੇ ਹਮੇਸ਼ਾ ਮਨ 'ਚ ਇਹ ਕਹਿਣਾ ਹੈ -

***ਹਮ ਨਹੀ ਚੰਗੇ ਬੁਰਾ ਨਹੀ ਕੋਇ॥***
***ਪ੍ਰਣਵਤਿ ਨਾਨਕੁ ਤਾਰੇ ਸੋਇ॥ ਅੰਗ - ੭੨੮***

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਅੰਗ -੧੩੬੪***

***ਸਭ ਕੀ ਰੇਨੁ ਹੋਇ ਰਹੈ ਮਨੂਆ***
***ਸਗਲੇ ਦੀਸਹਿ ਮੀਤ ਪਿਆਰੇ॥***
***ਸਭ ਮਧੇ ਰਵਿਆ ਮੇਰਾ ਠਾਕੁਰੁ***
***ਦਾਨੁ ਦੇਤ ਸਭਿ ਜੀਓ ਸਮ੍ਹਾਰੇ॥ ਅੰਗ - ੩੭੯***

ਭਾਈ, ਚੰਗਾ ਮੈਂ ਹਾਂ ਨਹੀਂ ਅਤੇ ਬੁਰਾ ਕੋਈ ਦਿਸਦਾ ਨਹੀਂ। ਇਹ ਬਿਰਤੀ ਹਰ ਵਕਤ ਰੱਖੇ। ਇਹ ਪਹਿਲੀ ਰਹਿਤ ਹੈ ਭਗਤਿ ਜੋਗ ਦੀ। ਕੋਈ ਔਖੀ ਨਹੀਂ ਹੈ। ਕਾਰੋਬਾਰੀ ਕਿੰਨਾ ਹੀ ਹੈ, ਮਨ ਨੀਵਾਂ ਹੀ ਰੱਖਣਾ ਹੈ। ਇਸ ਤੇ ਕੋਈ ਟਾਈਮ ਨਹੀਂ ਲਗਦਾ, ਕੋਈ ਹੋਰ ਪਾਬੰਦੀ ਨਹੀਂ, ਕੇਵਲ ਆਪਣੇ ਮਨ ਨੂੰ ਸਾਧਣਾ ਹੈ।

ਦੂਜੀ ਰਹਿਤ ਇਹ ਹੈ ਕਿ ਸਤਿਸੰਗ ਵਿਚ ਨੇਮ ਨਾਲ ਜਾਵੇ।। ਸਤਿਸੰਗ ਵਿਚ ਜਾਣ ਲਈ ਕੋਈ ਟਿਕਟ ਨਹੀਂ ਲਗਦਾ, ਨਾ ਕੋਈ ਰੋਕ ਹੈ ਪਰ ਇਹ ਹੈ ਕਿ ਭਾਗਾਂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦੀ। ਤੁਰਨ ਵੇਲੇ ਹੀ ਕੋਈ ਰੁਕਾਵਟ ਪੈ ਜਾਂਦੀ ਹੈ - ਜੇ ਭਾਗਾਂ ਵਿਚ ਨਾ ਹੋਵੇ -

***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ॥ ਅੰਗ - ੯੫***

***ਦੂਜੋ ਨੇਮ ਜਾਇ ਸਤਿਸੰਗਤਿ॥***
***ਕਥਾ ਕੀਰਤਨ ਸੁਨਿ ਮਿਲ ਪੰਗਤ॥***
***ਪੰਨਾ - ੧੧੧ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਸੰਗਤ ਵਿਚ ਬੈਠ ਕੇ, ਚਿੱਤ ਨੂੰ ਇਕਾਗਰ ਕਰਕੇ ਕਥਾ ਕੀਰਤਨ ਸਰਵਣ ਕਰੇ। ਏਥੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਵਾਹਿਗੁਰੂ ਜੀ ਸਤਿਸੰਗਤ ਵਿਚ ਰਹਿੰਦੇ ਨੇ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਜਿਥੋਂ ਹਰਿ ਪਾਈਐ ਜੀ - ੨***
***ਸਤਿਸੰਗਤ ਨਾਮ ਨਿਧਾਨ ਹੈ - ੨, ੨.***

ਸਤਿਸੰਗਤ ਨਾਮ ਦਾ ਖਜ਼ਾਨਾ ਹੈ। ਜਦੋਂ ਨਾਮ ਮਿਲ ਗਿਆ ਫਿਰ ਪ੍ਰਮੇਸ਼ਰ ਵੀ ਮਿਲੇਗਾ -

***ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥***
***ਗੁਰ ਪਰਸਾਦੀ ਘਟਿ ਚਾਨਣਾ ਆਨ੍ਹੇਰੁ ਗਵਾਇਆ ॥***
***ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥***
***ਅੰਗ - ੧੨੪੪***

ਜਿਵੇਂ ਲੋਹੇ ਨੂੰ ਪਾਰਸ ਨਾਲ ਲਾ ਦਿਓ, ਉਸੇ ਵੇਲੇ ਸੋਨਾ ਬਣ ਜਾਏਗਾ। ਇਸੇ ਤਰ੍ਹਾਂ ਸਤਿਸੰਗਤ ਵਿਚ ਕਿੱਡਾ ਹੀ ਵਿਕਾਰੀ ਪੁਰਸ਼ ਕਿਉਂ ਨਾ ਆ ਜਾਵੇ ਤੇ ਜੇ ਨਿੰਮ੍ਰਤਾ ਨਾਲ, ਸ਼ਰਧਾ ਦੇ ਨਾਲ ਅਤੇ ਇਕਾਗਰਤਾ ਦੇ ਨਾਲ, ਪੂਰੀ ਵਿਧੀ ਦੇ ਨਾਲ ਸਤਿਸੰਗਤ ਕਰਦਾ ਹੈ ਤਾਂ ਜਿਵੇਂ ਲੋਹਾ, ਪਾਰਸ ਨਾਲ ਲਗ ਕੇ ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਉਹਦਾ ਜੀਵਨ ਵੀ ਸ਼ੁੱਧ ਹੋ ਜਾਇਆ ਕਰਦਾ ਹੈ।

***ਨਾਨਕ ਸਤਿਗੁਰਿ ਮਿਲਿਐ***
***ਨਾਉ ਪਾਈਐ ਮਿਲਿ ਨਾਮੁ ਧਿਆਇਆ ॥***

***ਜਿਨ੍ ਕੈ ਪੋਤੈ ਪੁੰਨੁ ਹੈ ਤਿਨ੍ਹੀ ਦਰਸਨੁ ਪਾਇਆ ॥***
***ਅੰਗ - ੧੨੪੪-੧੨੪੫***

ਸੋ ਇਸ ਤਰ੍ਹਾਂ ਦੂਜਾ ਜੋ ਨੇਮ ਹੈ, ਉਹ ਇਹ ਹੈ ਕਿ ਸਤਿਸੰਗਤ ਵਿਚ ਜਾਵੇ, ਕਥਾ ਕੀਰਤਨ ਮਿਲ ਕੇ ਸੁਣੇ।

ਤੀਜੀ ਰਹਿਤ ਹੈ 'ਇਕਾਂਤ ਦੇਸ'। ਇਕਾਗਰ ਚਿਤ ਹੋ ਕੇ ਬੈਠਣਾ। ਜਗਿਆਸੂ ਕਹਿੰਦੇ ਕਿ ਮਹਾਰਾਜ ਜੀ! ਆਪ ਕਹਿੰਦੇ ਹੋ ਕਿ ਕੰਮ-ਕਾਰ, ਖੇਤੀ-ਬਾੜੀ ਭੀ ਕਰੋ, ਟੀਚਰ (ਅਧਿਆਪਕ) ਬਣ ਕੇ ਬੱਚਿਆਂ ਨੂੰ ਭੀ ਪੜ੍ਹਾਓ, ਵਪਾਰੀ ਬਣ ਕੇ ਵਣਜ-ਵਪਾਰ ਕਰੋ, ਫਿਰ ਇਕਾਂਤ ਦੇਸ਼ ਕਿਥੋਂ ਬਣ ਜਾਏਗਾ ਸਾਨੂੰ? ਮਹਾਰਾਜ ਕਹਿੰਦੇ ਕਿ ਦੇਖੋ, 'ਇਕਾਂਤ ਦੇਸ' ਮਨ ਨਾਲ ਸਬੰਧ ਰਖਦਾ ਹੈ-

***ਸੋ ਇਕਾਂਤੀ ਜਿਸੁ ਰਿਦਾ ਥਾਇ॥ ਅੰਗ - ੧੧੮੦***

ਕਹਿੰਦੇ ਇਹ ਜੁਗਤਿ ਹੁੰਦੀ ਹੈ ਕਿ ਸਾਰਿਆਂ ਵਿਚ ਇਕ ਵਾਹਿਗੁਰੂ ਦੇਖਣਾ ਸ਼ੁਰੂ ਕਰ ਦੇਵੇ ਕਿ ਇਹ ਸਭ ਵਾਹਿਗੁਰੂ ਹੀ ਹੈ। ਜਦੋਂ ਇਸ ਤਰ੍ਹਾਂ ਦੇਖਾਂਗੇ, ਚੰਗਾ ਮਾੜਾ ਨਹੀਂ ਚਿਤਵਾਂਗੇ, ਉਸ ਵੇਲੇ ਫੇਰ ਚਿਤ ਇਕਾਗਰ ਹੋ ਜਾਏਗਾ ਅਤੇ 'ਇਕਾਂਤ ਦੇਸ' ਸਾਨੂੰ ਪ੍ਰਾਪਤ ਹੋ ਜਾਏਗਾ।

***ਔਰ ਦੂਸਰਾ ਲਖਈ ਨਾਹਿਂ॥***
***ਏਕੋ ਬਿਆਪਕ ਸਭ ਘਟ ਮਾਹਿਂ।***
***ਅੰਗ - ੧੧੧ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਚਿਤ ਦੇ ਵਿਚ ਇਹ ਫੈਸਲਾ ਕਰੇ ਕਿਉਂਕਿ ਇਹ ਗੱਲ ਸਤਿ ਹੈ। ਸਾਧ ਸੰਗਤਿ ਜੀ! ਇਕ ਤਾਂ ਹੁੰਦਾ ਹੈ ਕਿ 'ਫਰਜ਼ ਕਰ ਲਓ', ਪਰ ਇਹ ਬਚਨ ਫਰਜ਼ ਕਰੋ ਨਹੀਂ, ਇਹ ਗੱਲ ਤਾਂ ਸਚਮੁੱਚ ਹੈ ਕਿ ਏਥੇ ਸਾਰਿਆਂ ਦੇ ਅੰਦਰ ਵਾਹਿਗੁਰੂ ਵਸਦਾ ਹੈ, ਫਿਰ ਕਿਸੇ ਨੂੰ ਮਾੜਾ ਨਹੀਂ ਕਹਾਂਗੇ। ਮਾੜਾ ਤਾਂ ਕਹਿਣਾ ਹੀ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ, ਮੰਦਾ ਕਿਸਨੂੰ ਕਹੀਏ,***
***ਸਭ ਘਟਿ ਰਾਮ ਵਸਦੈ - ੨.***
***ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥***
***ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥***
***ਅੰਗ - ੧੩੮੧***

ਸੋ ਇਸ ਤਰ੍ਹਾਂ ਦੇ ਨਾਲ ਸਾਰਿਆਂ ਦੇ ਵਿਚ ਪ੍ਰਮੇਸ਼ਰ ਦੇਖਣਾ।

***ਚੌਥਾ ਅੰਗ ਹੁੰਦਾ ਹੈ 'ਆਸਨ।***
***'ਚੌਥੋ ਆਸਨ ਸਮਝਹੁ ਚਿਤ।***
***ਪੰਨਾ - ੧੧੧ (ਸ੍ਰੀ ਗੁ. ਪ੍ਰ. ਸੂ, ਗ੍ਰੰਥ)***

ਆਪਣਾ ਜਿਹੜਾ ਚਿਤ ਹੈ, ਇਹਨੂੰ ਆਸਣ ਬਣਾ ਲਓ, ਇਹਨੂੰ ਇਕਾਗਰ ਕਰ -

***ਕਰਹਿ ਗੁਬਿੰਦ ਵਿਖੈ ਥਿਤ ਬ੍ਰਿੱਤ॥***
***ਪੰਨਾ - ੧੧੧ (ਸ੍ਰੀ ਗੁ. ਪ੍ਰ. ਸੂ, ਗ੍ਰੰਥ)***

ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ, ਉਹਦੇ ਵਿਚ ਬਿਰਤੀ ਨੂੰ ਟਿਕਾਓ, ਨੱਠਣ ਨਾ ਦਿਓ ਕਿਸੇ ਪਾਸੇ।

ਪੰਜਵੀਂ ਰਹਿਤ 'ਪ੍ਰਾਣਾਯਾਮ' ਹੋਇਆ ਕਰਦੀ ਹੈ। ਪ੍ਰਾਣਾਯਾਮ ਦੇ ਤਿੰਨ ਗੁਣ ਹੁੰਦੇ ਹਨ - ਪੂਰਕ, ਕੁੰਭਕ, ਰੇਚਕ। ਇਕ ਖਿੱਚਣਾ ਹੁੰਦਾ ਹੈ ਸੁਆਸ ਅੰਦਰ ਨੂੰ, ਇਕ ਰੋਕਣਾ ਹੁੰਦਾ ਹੈ ਅਤੇ ਇਕ ਸੁਆਸ ਛੱਡਣਾ ਹੁੰਦਾ ਹੈ। ਇਹ ਕਿਸ ਤਰ੍ਹਾਂ ਕਰਨਾ ਹੈ; ਮਹਾਰਾਜ ਕਹਿੰਦੇ, ਇਹ ਬਹੁਤ ਹੀ ਸੁਖਾਲਾ ਤਰੀਕਾ ਹੈ -

***ਪੂਰਕ ਗੁਰ ਕੇ ਬਚਨ ਸੁਨ ਸਭੈ ਕਰਖ ਕਰ ਲੇਯ॥***
***ਪੰਨਾ - ੧੧੧ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਸਤਿਸੰਗ ਕਰਦੇ ਹੋ, ਇਹ ਬਚਨ ਸਾਰੇ ਹਿਰਦੇ ਵਿਚ ਇਕੱਠੇ ਕਰਦੇ ਚਲੇ ਜਾਓ। ਕਹਿੰਦੇ, ਇਹ ਤਾਂ ਹੈ ਸਾਹ ਅੰਦਰ ਨੂੰ ਖਿੱਚਣਾ। ਕਿਉਂਕਿ ਉਹ 'ਕਸ਼ਟ ਯੋਗ' ਹੈ ਅਤੇ ਇਹ 'ਭਗਤਿ ਜੋਗ' ਹੈ। ਦੋਹਾਂ ਦਾ ਫਰਕ ਹੈ, ਸਾਧਸੰਗਤ ਜੀ! ਉਹਦੇ ਵਿਚ ਸੁਆਸ ਖਿੱਚ ਕੇ ਨਾਮ ਅੰਦਰ ਨੂੰ ਲੈ ਕੇ ਜਾਣਾ ਹੈ। ਇਹਦੇ 'ਚ ਗੁਰੂ ਦੇ ਬਚਨ ਆਪਣੇ ਅੰਦਰ ਧਾਰੀ ਜਾਣੇ ਨੇ, ਖਿਚੀ ਜਾਣੇ ਨੇ, ਖਿਚੀ ਜਾਣੇ ਨੇ, ਕੋਈ ਬਚਨ ਬਾਹਰ ਨਹੀਂ ਜਾਣ ਦੇਣਾ -

***ਬਚਨ ਸੁਨ ਸਮਝੀ ਵਸਤ, ਜੋ ਰਿਦੈ ਸਦਾ ਥਿਰ ਕੇਯ॥***
***ਪੰਨਾ - ੧੧੧ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਜਿਹੜਾ ਬਚਨ ਹੁਣ ਸੁਣ ਲਿਆ, ਸਮਝ ਲਿਆ, ਉਹਨੂੰ ਹਿਰਦੇ ਵਿਚ ਧਾਰਨ ਕਰ ਲੈਣਾ, ਸਾਂਭ ਕੇ ਰੱਖਣਾ -

***ਕਰ ਅਭਯਾਸ ਨ ਤਹਿ ਪਰਹਰੈ॥***
***ਪੰਨਾ - ੧੧੧ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

*' ਚਲਦਾ............।'*

**(ਪੰਨਾ 45 ਦਾ ਬਾਕੀ)**

ਅਰਦਾਸ ਕਰੋ, ਹੇ ਪਿਤਾ! ਅਸੀਂ ਤੇਰੇ ਆਦਰਸ਼ ਨੂੰ ਭੁੱਲ ਗਏ ਹਾਂ, ਤੇਰੇ ਪਿਆਰ ਦੀ ਥਾਂ ਅਸੀਂ ਮਾਇਆ ਨੂੰ, ਪਦਵੀਆਂ ਨੂੰ, ਵਡਿਆਈਆਂ ਨੂੰ ਪਿਆਰ ਕਰ ਰਹੇ ਹਾਂ ਅਤੇ ਗੁਰਬਾਣੀ ਦੇ ਪਿਆਰ ਤੋਂ ਵਾਂਝੇ ਰਹਿ ਕੇ ਵੀ 'ਪੰਜ ਪਿਆਰਿਆਂ ਦੀ ਪਦਵੀ' ਅਪਣਾਅ ਕੇ ਅਸੀਂ ਪਾਖੰਡਮਈ ਜੀਵਨ ਗੁਜ਼ਾਰ ਰਹੇ ਹਾਂ ਅਸਾਨੂੰ ਮਾਇਆ ਦੇ ਪਿਆਰੇ ਤਾਂ ਕਿਹਾ ਜਾ ਸਕਦਾ ਹੈ ਪਰ ਅਸੀਂ ਗੁਰੂ ਦੇ ਪਿਆਰੇ ਨਹੀਂ ਹਾਂ ਕਿਉਂਕਿ ਅਸੀਂ ਆਪਣਾ ਤਨ ਮਨ ਧਨ ਆਪਣੇ ਪਾਸ ਹੀ ਰੱਖਿਆ ਹੋਇਆ ਹੈ। ਕਹਿਣ ਮਾਤਰ ਅਸੀਂ ਕਹਿੰਦੇ ਹਾਂ ਕਿ ਮੇਰਾ ਸਭ ਕੁਝ ਗੁਰੂ ਦਾ ਹੈ ਪਰ ਅਸੀਂ 'ਮੈਂ' ਤੇ 'ਮੇਰੀ' ਕਦੀ ਤਿਆਗ ਨਹੀਂ ਸਕਦੇ। ਹੇ ਸਤਿਗੁਰੂ ਜੀ ਕ੍ਰਿਪਾ ਕਰੋ, ਅਸਾਡੇ ਔਗੁਣਾਂ ਵਲ ਨਾ ਤੱਕੋ। ਸੋਝੀ ਬਖਸ਼ੋ, ਮਿਲਾਓ ਉਨ੍ਹਾਂ ਪਿਆਰਿਆਂ ਨੂੰ ਜਿਨ੍ਹਾਂ ਨੂੰ ਤੇਰੇ ਪਿਆਰ ਵਿਚ ਅਖੰਡ ਜਾਗ ਪ੍ਰਾਪਤ ਹੋਈ ਹੋਈ ਹੈ, ਜੋ ਤਿੰਨਾਂ ਗੁਣਾਂ ਤੋਂ ਉਪਰ ਆਤਮ ਰਸ ਵਿਚ ਭਰਪੂਰ ਹਨ। ਇਹੋ ਅਰਦਾਸ ਹੈ ਪਾਤਸ਼ਾਹ! ਤੇਰੇ ਚਰਨਾਂ ਵਿਚ ਅਸੀਂ ਬਖਸ਼ੇ ਜਾਣ ਦੇ ਕਾਬਲ ਤਾਂ ਨਹੀਂ ਪਰ ਤੇਰਾ ਜੋ ਸੁਭਾਅ ਹੈ ਉਸ ਦੇ ਮੁਤਾਬਿਕ ਅੱਜ ਅਸਾਨੂੰ ਬਖਸ਼ ਦੇ -

*ਸਦਾ ਸਦਾ ਸਦਾ ਦਇਆਲ।।*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ।।*
*ਪੰਨਾ - 275*

( - - - - - )

# ਅਰਦਾਸ ਸ਼ਕਤੀ

***ਭਾਈ ਸਾਹਿਬ ਰਘਬੀਰ ਸਿੰਘ 'ਬੀਰ'***

## ਅਰਦਾਸ ਸ਼ਕਤੀ

ਗੱਲ ਕੋਈ 6-7 ਸਾਲ ਪਹਿਲੋਂ ਦੀ ਹੈ, ਉਦੋਂ ਹਾਲੇ ਮੈਂ 'ਆਤਮ ਸਾਇੰਸ' ਦੀ ਮੈਬਰ ਨਹੀਂ ਸੀ ਬਣੀ। ਜਿਥੇ ਮੇਰੇ ਪਤੀ ਜੀ ਕੰਮ ਕਰਦੇ ਸਨ, ਉਥੇ ਕਾਮਿਆਂ ਵਿਚ ਫੁੱਟ ਪੈ ਗਈ ਤੇ ਕਈ ਧੜੇ ਬਣ ਗਏ। ਇਹ ਗੱਲ ਸਾਰੇ ਜਾਣਦੇ ਹਨ ਕਿ ਇਕ ਆਦਮੀ ਨੂੰ ਮੈਂ ਚੰਗਾ ਕਹਾਂ ਉਸਨੂੰ ਹੋਰ ਕੋਈ ਆਦਮੀ ਭੈੜਾ ਵੀ ਕਹਿੰਦੇ ਹਨ। ਇਹੋ ਗੱਲ ਮੇਰੇ ਪਤੀ ਜੀ ਨਾਲ ਵਾਪਰ ਰਹੀ ਸੀ। ਉਨ੍ਹਾਂ ਨੂੰ ਇਕ ਆਦਮੀ ਐਨਾ ਚੰਗਾ ਲਗਦਾ ਸੀ ਕਿ ਉਹ ਉਸ ਨਾਲ ਘੰਟਾ-ਘੰਟਾ ਰਾਹ ਵਿਚ ਖੜੇ ਹੋ ਕੇ ਗੱਲਾਂ ਕਰਦੇ ਰਹਿੰਦੇ। ਸਾਡੇ ਘਰ ਦੇ ਗੇਟ ਸਾਮ੍ਹਣੇ ਐਨ ਵਿਚਕਾਰ ਇਕ ਦਰਖਤ ਸੀ, ਉਸੇ ਦਰਖਤ ਥੱਲੇ ਉਹ ਖੜ੍ਹੇ ਰਹਿੰਦੇ ਤੇ ਓਹੀ ਸੜਕ ਸ਼ਰੇ-ਆਮ ਹੋਣ ਕਰਕੇ ਇਹ ਦੋਨੋਂ ਲੋਕਾਂ ਦੀਆਂ ਅੱਖਾਂ ਹੇਠ ਆਉਂਦੇ ਅਤੇ ਖਾਸ ਕਰ ਧੜੇਬੰਦੀ ਦੇ ਦਿਨਾਂ ਵਿਚ। ਮੇਰੇ ਪਤੀ ਦੀ ਪੁਜੀਸ਼ਨ ਵੀ ਕਾਫੀ ਉਚੀ ਸੀ, ਜਿਸ ਕਰਕੇ ਮੈਂ ਉਨਹਾਂ ਨੂੰ ਕਈ ਵਾਰੀ ਸਮਝਾਇਆ ਕਿ ਤੁਸੀਂ ਉਸ ਆਦਮੀ ਨੂੰ ਘਰ ਲੈ ਆਇਆ ਕਰੋ ਤੇ ਬੈਠ ਕੇ ਭਾਵੇਂ ਚਾਰ ਘੰਟੇ ਗੱਲਾਂ ਕਰੋ ਪਰ ਬਾਹਰ ਤੁਹਾਨੂੰ ਇਹ ਨਹੀਂ ਸੋਭਦਾ ਕਿ ਤੁਸੀਂ ਇਕ ਅਫਸਰ ਹੁੰਦੇ ਹੋਏ ਇਕ ਧੜੇ ਨਾਲ ਐਨੀ ਦੋਸਤੀ ਕਰੋ। ਪਰ ਮੇਰੇ ਪਤੀ ਜੀ ਇਹ ਗੱਲ ਮੰਨਣ ਨੂੰ ਤਿਆਰ ਨਾ ਹੋਏ। ਸਗੋਂ ਕਈ ਵਾਰੀ ਉਹ ਮੈਨੂੰ ਗੁੱਸੇ ਵੀ ਹੁੰਦੇ। ਮੇਰਾ ਦਿਲ ਬੜਾ ਦੁਖੀ ਹੁੰਦਾ, ਕਈ ਵਾਰੀ ਇਸੇ ਗੱਲ ਤੋਂ ਅਸੀਂ ਲੜਾਈ ਵੀ ਕਰ ਲੈਂਦੇ। ਇਹ ਰੋਜ਼ ਦਾ ਕੰਮ ਸੀ ਤੇ ਏਸੇ ਕਰਕੇ ਮੈਂ ਦੁਖੀ ਰਹਿੰਦੀ। ਇਕ ਦਿਨ ਪਤਾ ਨਹੀਂ ਕਿਵੇਂ ਮੈਨੂੰ ਬੈਠੀ-ਬੈਠੀ ਬੈਠੀ ਨੂੰ ਖਿਆਲ ਆਇਆ ਕਿ ਮੈਂ ਹੋਰ ਤਾਂ ਸਾਰਾ ਤਾਣ ਲਾ ਚੁੱਕੀ ਤੇ ਹੁਣ ਉਸ ਸਤਿਗੁਰੂ ਸੱਚੇ ਪਾਤਸ਼ਾਹ, ਘਟ ਘਟ ਦੀਆਂ ਜਾਨਣਹਾਰ ਅੱਗੇ ਆਪਣਾ ਦੁਖ ਰੱਖਾਂ। ਉਸੇ ਦਿਨ ਤੋਂ ਮੈਂ ਨਿਰਮਾਣ ਅਰਦਾਸਾਂ ਕਰਨ ਲੱਗੀ ਅਤੇ ਮੇਰੀ ਗੱਲ ਠੀਕ ਸੀ, ਇਸ ਕਰਕੇ ਸਤਿਗੁਰੂ ਜੀ ਨੂੰ ਵੀ ਮੇਰੇ ਤੇ ਦਯਾ ਆਈ ਤੇ ਮੇਰੀਆਂ ਅਰਦਾਸਾਂ ਕਬੂਲ ਹੋਈਆਂ। ਇਕ ਦਿਨ ਮੇਰੇ ਪਤੀ ਜੀ ਕਹਿਣ ਲੱਗੇ ਕਿ ਮੇਰਾ ਜੀਅ ਕਰਦਾ ਹੈ ਕਿ ਇਹ ਦਰਖਤ ਰਾਹ ਵਿਚੋਂ ਕਟਵਾ ਦਿਆਂ ਕਿਉਂਕਿ ਮੋਟਰ ਦੇ ਰਾਹ ਵਿਚ ਰੁਕਾਵਟ ਹੈ। ਅੰਧੇ ਨੂੰ ਕੀ ਚਾਹੀਦਾ ਸੀ, ਦੋ ਨੈਣ। ਮੈਂ ਅੰਦਰ ਹੀ ਅੰਦਰ ਉਸ ਘਟ ਘਟ ਦੀਆਂ ਜਾਨਣਹਾਰ ਦਾ ਸ਼ੁਕਰੀਆ ਅਦਾ ਕੀਤਾ। ਬਸ ਜੀ, ਮਹੀਨਾ ਲੱਗਾ ਕਿ ਗੁਰੂ ਦੀ ਕ੍ਰਿਪਾ ਹੋਈ ਤੇ ਉਹ ਦਰਖਤ ਕਟਵਾ ਦਿਤਾ ਗਿਆ ਤੇ ਉਥੇ ਉਨ੍ਹਾਂ ਦਾ ਖੜ੍ਹੇ ਹੋ ਕੇ ਗੱਲਾਂ ਕਰਨਾ ਬਹੁਤ ਹੱਦ ਤੱਕ ਘੱਟ ਗਿਆ। ਮੇਰੀਆਂ ਅਰਦਾਸਾਂ ਉਸੇ ਤਰ੍ਹਾਂ ਚਾਲੂ ਸਨ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਕ ਹੋਰ ਕ੍ਰਿਸ਼ਮਾ ਦਿਖਾਇਆ, ਮੇਰੇ ਪਤੀ ਜੀ ਦੇ ਹੱਥੀ ਹੀ ਉਸ ਆਦਮੀ ਨੂੰ ਦੂਸਰੀ ਕੰਪਨੀ ਵਿਚ ਠੇਕਾ ਮਿਲ ਗਿਆ ਤੇ ਉਸ ਆਦਮੀ ਨੇ ਸਾਡੀ ਕੰਪਨੀ ਵਿਚ ਦਿਲਚਸਪੀ ਲੈਣੀ ਘੱਟ ਕਰ ਦਿਤੀ ਤੇ ਬਹੁਤ ਘੱਟ ਇਧਰ ਫੇਰੀ ਪਾਉਂਦਾ ਅਤੇ ਜਦ ਵੀ ਆਉਂਦਾ, ਆਫਿਸ ਵਿਚ ਬੈਠ ਕੇ ਗੱਲਾਂ ਕਰਕੇ ਵਾਪਸ ਚਲਾ ਜਾਂਦਾ।

ਅੰਤ ਵਿਚ ਮੈਂ ਸਤਿਗੁਰੂ ਨਾਨਕ ਦੇਵ ਜੀ ਦਾ ਬਾਰ-ਬਾਰ ਸ਼ੁਕਰ ਕਰਦੀ ਹਾਂ ਕਿ ਉਨ੍ਹਾਂ ਦੀ ਓਟ ਲੈ ਕੇ ਮੈਂ ਅਰਦਾਸਾਂ ਕੀਤੀਆਂ ਇਨ੍ਹਾਂ ਦੀ ਅਪਾਰ ਕ੍ਰਿਪਾ ਦਵਾਰਾ ਮੇਰੇ ਮਨ ਦੀਆਂ ਸਧਰਾਂ ਪੂਰੀਆਂ ਹੋਈਆਂ ਤੇ ਮੇਨੂੰ ਵੀ ਬੇਅੰਤ ਖੁਸ਼ੀ ਹੋਈ।

*(ਜੀ. ਕੌਰ)*

## ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ

ਸਜਣੋਂ, ਮੈਂ ਕੋਈ ਲਿਖਾਰੀ ਨਹੀਂ, ਜੋ ਰਸਦਾਇਕ ਜਾਂ ਦਿਲ-ਖਿਚਵੇਂ ਲਫਜ਼ਾਂ ਦੀ ਗੋਂਦ ਗੁੰਦ ਕੇ ਆਪ ਦੇ ਸਾਮ੍ਹਣੇ ਪੇਸ਼ ਕਰਾਂ। ਮੈਂ ਵੀ ਆਪ ਦੀ ਤਰ੍ਹਾਂ ਇਸ ਪਵਿੱਤਰ ਆਤਮ ਸਾਇੰਸ ਰਸਾਲੇ ਦੀ ਮਾਮੂਲੀ ਜਿਹਾ ਪਾਠਕ ਹੀ ਹਾਂ। ਦੇਖਣ ਵਿਚ ਆਈ ਤੇ ਮਹਾਂਪੁਰਸ਼ਾਂ ਤੋਂ ਸੁਣੀ ਗੱਲ ਹੈ ਕਿ ਚਾਵਲ ਇਕ ਦੂਜੇ ਨਾਲ ਖਹਿ ਕੇ ਹੀ ਸਫਾ ਹੁੰਦੇ ਨੇ। ਸੋ ਇਹ ਦੋ ਘਟਨਾਵਾਂ ਜੋ ਮੇਰੇ ਨਾਲ ਵਾਪਰੀਆਂ ਜਾਂ ਤਜਰਬੇ ਵਿਚ ਆਈਆਂ ਨੇ, ਸਰਦਾਰ ਬਹਾਦਰ ਓਅੰਕਾਰ ਸਿੰਘ ਜੀ ਜਬਲਪੁਰ ਵਾਲਿਆਂ ਦੇ ਇਸੇ ਮਹਾਂਵਾਕ ਦੇ ਆਧਾਰ ਤੇ ਲਿਖੇ ਲੇਖ ਦੀ ਹੋਰ ਪ੍ਰੋੜਤਾ ਕਰਨਗੀਆਂ, ਇਨ੍ਹਾਂ ਦਾ ਇਹ ਲੇਖ ਸ਼ਾਇਦ ਨਵੰਬਰ 1952 ਵਿਚ ਆਇਆ ਸੀ। ਮੈਨੂੰ ਪੂਰਨ ਵਿਸ਼ਵਾਸ਼ ਹੈ ਕਿ ਇਸ ਲੇਖ ਨੂੰ ਪੜ੍ਹ ਕੇ ਅਰਦਾਸ ਕਰਨ ਵਾਲਿਆਂ ਦੇ ਵਾਹਿਗੁਰੂ ਪਿਆਰ ਵਿਚ ਤੇ ਅਰਦਾਸ ਸਮੇਂ ਇਕਾਗਰਤਾ ਵਿਚ ਹੋਰ ਵੀ ਵਾਧਾ ਹੋਇਆ ਹੋਵੇਗਾ ਤੇ ਇਸੇ ਤਰ੍ਹਾਂ ਹੋਰ ਕਿਸੇ ਗੁਰੂ ਸਵਾਰੇ ਦੇ ਲਫਜ਼ ਮੈਨੂੰ ਵੀ ਚਾਵਲਾਂ ਦੀ ਤਰ੍ਹਾਂ ਸਫਾ ਕਰਨ ਦਾ ਕੰਮ ਕਰਨਗੇ।

ਪਹਿਲੀ ਘਟਨਾ - 1936-37 ਦਾ ਜ਼ਿਕਰ ਹੈ ਕਿ ਮੈਂ ਬੰਗਾਲ ਰੇਲਵੇ ਵਿਚ ਫਾਇਰਮੈਨ ਸਾਂ। ਬਦਰਪੁਰ ਤੋਂ ਚਾਂਦਪੁਰ ਤੱਕ ਮੈਂ ਚਲਿਆ ਕਰਦਾ ਸਾਂ। ਰਸਤੇ ਵਿਚ ਇਕ, ਸ਼ਾਹਾਜੀ ਬਾਜ਼ਾਰ, ਸਟੇਸ਼ਨ ਆਉਂਦਾ ਹੈ, ਉਧਰ ਦੇ ਰਹਿਣ ਵਾਲਿਆਂ ਨੇ ਇਹ ਜਗ੍ਹਾ ਅਕਸਰ ਵੇਖੀ ਹੋਵੇਗੀ। ਹੁਣ ਤੇ ਇਹ ਸਾਰਾ ਇਲਾਕਾ ਪਾਕਿਸਤਾਨ ਵਿਚ ਆ ਗਿਆ ਹੈ। ਇਹ ਜਗ੍ਹਾ ਕਿਸੇ ਹੋ ਚੁੱਕੇ ਕਾਮਲ ਮੁਸਲਮਾਨ ਬਜ਼ੁਰਗ ਦੀ ਸੀ। ਸਾਡੀ ਟਰੇਨ ਇਸ ਜਗ੍ਹਾ ਦੇ ਬਿਲਕੁਲ ਲਾਗੇ ਦੀ ਜਾਇਆ ਕਰਦੀ ਸੀ। ਮੁਸਾਫਰ ਇਸ ਜਗ੍ਹਾ ਤੇ, ਪੈਸੇ ਅਤੇ ਮੋਮਬੱਤੀਆਂ ਆਦਿ ਯਥਾ-ਸ਼ਕਤ ਬਗੈਰ ਕਿਸੇ ਮਜ਼ਹਬੀ ਇਮਤਿਆਜ਼ ਦੇ ਚੜ੍ਹਾਇਆ ਕਰਦੇ ਸਨ। ਮੇਰੇ ਨਾਲ ਕਈ ਯੂਰਪੀਅਨ ਡਰਾਈਵਰ ਵੀ ਸਨ। ਜਦੋਂ ਸਾਡਾ ਇੰਜਨ ਇਸ ਜਗ੍ਹਾਂ ਦੇ ਸਾਮ੍ਹਣੇ ਆਉਂਦਾ, ਉਨ੍ਹਾਂ ਤਕਰੀਬਨ ਇਕ ਲਮ੍ਹੇ ਮਾਤਰ ਇੰਜਨ ਦੀ ਸਟੀਮ ਬੰਦ ਕਰ ਦੇਣੀ ਅਤੇ ਆਪਣੀ ਆਪਣੀ ਜਗ੍ਹਾ ਤੋਂ ਉਠ ਕੇ, ਉਸ ਮੁਸਲਮਾਨ ਦੀ ਜਗ੍ਹਾ ਨੂੰ ਸਲਾਮ ਕਰਨਾ। ਢੇਰ ਚਿਰ ਮੈਂ ਉਨ੍ਹਾਂ ਦੀ ਸ਼ਰਧਾ, ਪ੍ਰੇਮ ਤੇ ਸਤਿਕਾਰ ਦੇਖਦਾ ਰਿਹਾ। ਮੇਰੇ ਦਿਲ ਵਿਚ ਉਦੋਂ ਆਈ ਹਰਫ ਬਾ-ਹਰਫ ਲਿਖ ਰਿਹਾ ਹਾਂ) ਮੈਂ ਸੋਚ ਰਿਹਾ ਸਾਂ - ਮੈਂ ਪੰਜਾਬ ਲਾਈਨ ਤੇ ਡਰਾਈਵਰ ਹੋਵਾਂ ਤੇ ਅੰਮ੍ਰਿਤਸਰ ਜਾਣ ਦੇ ਮੌਕੇ ਟਾਂਗਰੇ ਸਟੇਸ਼ਨ ਦੇ ਪਿਛੇ, ਸੰਤ ਬਾਬਾ ਗੁਰਬਖਸ਼ ਸਿੰਘ ਜੀ ਦਾ ਗੁਰਦਵਾਰਾ ਹੈ, ਉਥੇ ਬਾਬਾ ਜੀ ਬੇਸ਼ਕ ਨਾ ਹੀ ਹੋਣ 'ਤੇ ਮੈਂ ਵੀ ਇਸੇ ਤਰ੍ਹਾਂ ਨਮਸ਼ਕਾਰ ਕਰਾਂ। ਇਹ ਖਿਆਲ ਮੇਰੀਆਂ ਅਰਦਾਸਾਂ ਨਾਲ ਉਸ ਵਾਹਿਗੁਰੂ ਦੇ ਹਜ਼ੂਰ ਪਹੁੰਚਿਆ, ਜੋ ਮੇਰੀਆਂ ਉਨ੍ਹਾਂ ਦਿਨਾਂ ਵਿਚ ਰਾਤ ਦਿਨੇ ਅਕਸਰ ਹੋਇਆ ਕਰਦੀਆਂ ਸਨ। ਮੈਨੂੰ ਇਸ ਬਟਵਾਰੇ ਸਮੇਂ ਈ.ਪੀ. ਰੇਲਵੇ ਵਾਲਿਆਂ ਨੇ ਬੁਲਾ ਲਿਆ।

ਹੁਣ ਸਜਣੋਂ, ਸੋਚੋ। ਕੌਣ ਲਿਆਉਣ ਵਾਲਾ ਸੀ ਤੇ ਕੌਣ ਕਰਨ ਵਾਲਾ ਸੀ? ਕਿਥੇ ਆਸਾਮ ਰੇਲਵੇ ਹੈ, ਕਿਥੇ ਈ.ਪੀ. ਹੈ,

ਲਿਆਂਦਾ ਵੀ ਮੈਨੂੰ ਕਿੱਥੇ ਗਿਆ? ਇਹ ਸਿਰਫ ਉਨ੍ਹਾਂ ਅਰਦਾਸਾਂ ਦਾ ਸਦਕਾ ਹੈ, ਜਿਨ੍ਹਾਂ ਮੇਰੇ ਖਿਆਲ ਨੂੰ ਕੰਧਾਵੇ ਚੁਕਿਆ ਤੇ ਉਸ ਵਾਹਿਗੁਰੂ ਅੱਗੇ ਰਖਿਆ, ਜਿਸ ਦਾ ਫਲ ਪੂਰਾ ਹੋਇਆ।

ਹੁਣ ਜਦੋਂ ਵੀ ਮੈਂ ਅੰਮ੍ਰਿਤਸਰ ਜਾਂਦਾ ਹਾਂ, ਸ਼ੌਕ ਨਾਲ ਆਪਣੇ ਕੀਤੇ ਵਾਹਿਗੁਰੂ ਨਾਲ ਵਾਅਦੇ ਅਨੁਸਾਰ ਉਸੇ ਤਰ੍ਹਾਂ ਕਰਦਾ ਹਾਂ, ਜਿਵੇਂ ਉਹ ਯੂਰਪੀਅਨ ਡਰਾਈਵਰ ਕਰਿਆ ਕਰਦੇ ਸਨ। ਟਰੇਨ ਬੇਸ਼ਕ ਕਿਤਨੀ ਜ਼ਰੂਰੀ ਹੋਵੇ, ਬੇਸ਼ਕ ਮੈਂ ਲੇਟ ਦੌੜ ਰਿਹਾ ਹੋਵਾਂ ਲੇਕਿਨ ਵਾਅਦਾ ਜ਼ਰੂਰ ਪੂਰਾ ਕਰਨਾ ਹੈ ਤੇ ਕਰਦਾ ਹਾਂ।

ਸਜਣੋਂ ਅਜ਼ਮਾਉ ਤੇ ਦ੍ਰਿੜ੍ਹ ਸਮਝੋ, ਕੀ? 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸਿ।' ਲੇਕਿਨ ਇਸ ਵਿਚ ਕੁਝ ਸ਼ਰਤਾਂ ਨੇ, ਜੋ ਮੈਨੂੰ ਸ: ਰਘਬੀਰ ਸਿੰਘ ਜੀ 'ਬੀਰ' ਨੇ ਸ਼ਬਦ - 'ਥਿਰੁ ਘਰ ਬੈਸਹੁ ਹਰਿ ਜਨ ਪਿਆਰੇ। ਸਤਿਗੁਰੂ ਤੁਮਰੇ ਕਾਜ ਸਵਾਰੇ।' ਬਾਰੇ ਸਮਝਾਈਆਂ ਹੋਈਆਂ ਸਨ। ਇਸ ਸਾਰੇ ਸ਼ਬਦ ਵਿਚ ਗੁਰੂ ਸਾਹਿਬਾਨ ਨੇ ਦੁਹਰਾ ਕੇ ਸਮਝਾਇਆ ਹੈ। ਇਹ ਲੇਖ ਏਸੇ ਪੁਸਤਕ ਵਿਚ 'ਸਿਖ ਤੇ ਵਾਹਿਗੁਰੂ ਦਾ ਇਕਰਾਰਨਾਮਾ' ਦੇ ਸਿਰਲੇਖ ਹੇਠ ਛਪਿਆ ਹੋਇਆ ਹੈ। ਮੇਰੇ ਵਾਂਗੂੰ ਕਈਆਂ ਭੁੱਲਿਆਂ ਭਟਕਿਆਂ ਨੂੰ ਇਸ ਲੇਖ ਤੋਂ ਦਿਲੀ ਤਸਕੀਨ ਆ ਸਕਦੀ ਹੈ, ਬਸ਼ਰਤਿ ਕਿ ਉਹ ਇਸ ਨੂੰ ਪੂਰੀ ਤਰ੍ਹਾਂ ਪੜ੍ਹ ਲੈਣ, ਸਮਝ ਲੈਣ, ਨਿਰਾ ਸਮਝ ਹੀ ਨਾ ਲੈਣ ਸਗੋਂ ਵਰਤੋਂ ਵਿਚ ਲੈ ਆਉਣ।

ਦੂਜੀ ਘਟਨਾ - 1945 ਗਰਮੀਆਂ ਦਾ ਜ਼ਿਕਰ ਹੈ ਕਿ ਮੇਰੀ ਸਵਰਗਵਾਸੀ ਮਾਤਾ ਜੀ, ਰਾਵਲਪਿੰਡੀ ਵਿਚ ਇਕ ਦਿਨ ਜ਼ਿਆਦਾ ਬੇਚੈਨ ਹੋ ਗਈ, ਮੰਜੇ ਤੋਂ ਉਠ ਬੈਠ ਨਾ ਸਕੇ। ਮੈਂ ਪਾਸ ਹੀ ਬੈਠਾ ਸਾਂ। ਮੈਥੋਂ ਵੱਡਾ ਭਰਾ, ਜਿਸਨੂੰ 17 ਸਾਲ ਮਾਂ ਪਾਸੋਂ ਵਿਛੜਿਆਂ ਹੋਏ ਸਨ, ਦੇ ਵਿਛੋੜੇ ਦੇ ਵੈਰਾਗ ਵਿਚ ਮਾਂ ਦੋ-ਚਾਰ ਲਫਜ਼ ਆਖਦੀ ਸੀ। ਇਕ ਤੇ ਉਸ ਦਾ ਉਂਜ ਉਹ ਆਖੀਰ ਵਕਤ ਸੀ, ਇਕ ਉਹ ਲਫਜ਼ ਹੀ ਐਸੇ ਸਨ ਕਿ ਪੱਥਰ ਦਿਲ ਨੂੰ ਮੋਮ ਕਰੀ ਜਾਂਦੇ ਸਨ। ਉਹ ਆਖਦੀ ਸੀ - ਕਾਕਾ 12-14 ਸਾਲਾਂ ਪਿਛੋਂ ਤੇ, ਮਹਾਰਾਜ ਰਾਮਚੰਦਰ ਜੀ ਤੇ ਪਾਂਡੋ ਵੀ ਦੇਸ਼ ਨਿਕਾਲਾ ਕੱਟ ਕੇ, ਘਰ ਨੂੰ ਵਾਪਸ ਆ ਗਏ ਸਨ। ਮੇਰਾ ਇਹ ਆਖਰੀ ਸਮਾਂ ਹੈ, ਮੇਰੀ ਰੂਹ ਤੇਰੇ ਦੇਖਣ ਨੂੰ ਤੜਫ ਰਹੀ ਹੈ, ਸਿਰਫ ਮੇਰੀਆਂ ਅੱਖਾਂ ਅੱਗੋਂ ਲੰਘ ਜਾਹ। ਉਹ ਕਦੀ ਆਪਣੇ ਨਿਤਨੇਮ ਅਨੁਸਾਰ ਪਾਠ ਕਰਨਾ ਸ਼ੁਰੂ ਕਰ ਦਿੰਦੀ, ਕਦੀ ਆਹਿਸਤਾ ਨਾਲ ਬੇਨਤੀ ਕਰਨ ਲਗ ਜਾਂਦੀ। ਸਜਣੋਂ, ਪੁੱਤਰ ਪਿਆਰ ਵਿਚ ਤੇ ਮਾਂ ਦੀ ਮਮਤਾ ਦੇ ਵਿਛੋੜੇ ਵਿਚ, ਦਰਦ ਭਰੇ ਲਫਜ਼ ਮੈਨੂੰ ਵੀ ਇਤਨਾ ਬੇਚੈਨ ਕਰੀ ਜਾਂਦੇ ਸਨ। ਉਹ ਦਸ਼ਾ ਹੋ ਸਕਦਾ ਹੈ, ਕਈ ਇਕ ਪਿਆਰ ਭਰਿਆਂ ਹਿਰਦਿਆਂ ਨਾਲ ਵੀ ਵਾਪਰੀ ਹੋਵੇਗੀ।

ਮੈਂ ਹੁਣ ਸੋਚ ਰਿਹਾ ਸੀ ਕਿ ਹੋ ਕੀ ਸਕਦਾ ਹੈ? ਮੇਰੇ ਵੱਸ ਤੋਂ ਬਿਲਕੁਲ ਬਾਹਰੀ-ਗੱਲ ਸੀ। ਕਿਥੇ ਅਫਰੀਕਾ, ਕਿਥੇ ਰਾਵਲਪਿੰਡੀ, ਕੋਈ ਦੋ-ਚਾਰ ਦਿਨ ਦਾ ਰਸਤਾ ਨਹੀਂ।ਮੈਂ ਇਕੱਲਾ ਹਾਂ, ਏਥੇ ਤਾਂ ਕੋਈ ਰਿਸ਼ਤੇਦਾਰ ਵੀ ਨੇੜੇ ਨਹੀਂ, ਜੋ ਸਾਡੀ ਹੌਸਲਾ-ਅਫਜ਼ਾਈ ਕਰੇ। ਅਚਾਨਕ ਖਿਆਲ ਆਇਆ, ਮਨਾਂ ਇਸੇ ਮਾਂ ਨੇ ਗੁਰੂ ਘਰ ਤੇ ਵਿਸ਼ਵਾਸ਼ ਬੰਧਾਇਆ ਹੋਇਆ ਹੈ। ਅਜਿਹੀ ਔਕੜ ਸਮੇਂ, ਵਾਹਿਗੁਰੂ ਜਿਸ ਦਾ ਰਿਸ਼ਤਾ ਸਾਡੇ ਨਾਲ ਪਿਉ ਪੁੱਤਰ ਦਾ ਹੈ, ਇਸ ਵੱਡੇ ਆਸਰੇ ਤੋਂ ਵੱਧ ਰਿਸ਼ਤੇਦਾਰ ਜੋ ਇਨਸਾਨੀ ਜਾਮੇ ਵਿਚ ਹੈ, ਕੀ ਆਸਰਾ ਦੇ ਸਕਦਾ ਹੈ? ਤੇ ਫਿਰ ਉਹ ਸ਼ਬਦ ਯਾਦ ਆਇਆ, ਜੋ ਰਾਗ ਗੋਂਡ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ -

*ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ*
*ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥*
*ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ*
*ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥*
*ਹਰਿ ਤਿਸ ਕੀ ਆਸ ਕੀਜੈ ਮਨ ਮੇਰੇ*
*ਜੋ ਸਭ ਮਹਿ ਸੁਆਮੀ ਰਹਿਆ ਸਮਾਈ ॥ ੧ ॥*
*ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥*
*ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ*
*ਸਾ ਨਿਹਫਲ ਆਸ ਸਭ ਬਿਰਥੀ ਜਾਈ ॥ ੧ ॥ ਰਹਾਉ ॥*
*ਜੋ ਦੀਸੈ ਮਾਇਆ ਮੋਹ ਕੁਟੰਬੁ*
*ਸਭੁ ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥*
*ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ*
*ਇਨ੍ ਕਾ ਵਾਹਿਆ ਕਛੁ ਨ ਵਸਾਈ ॥*
*ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ*
*ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥ ੨ ॥*
*ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ*
*ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥*
*ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ*
*ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥*
*ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ*
*ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥ ੩ ॥*
*ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ*
*ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ ॥*
*ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ*
*ਐਸੀ ਮੇਰੈ ਸਤਿਗੁਰਿ ਬੂਝ ਬੁਝਾਈ ॥*
*ਜਨ ਨਾਨਕ ਕੀ ਆਸ ਤੂ ਜਾਣਹਿ*
*ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ ॥*
***ਅੰਗ - ੮੬੦●***

ਇਸ ਉਪਰੋਕਤ ਸ਼ਬਦ ਨੇ ਮੇਰੇ ਨਿਵਾਣ ਵਲ ਵਹੇ ਜਾਂਦੇ ਦਿਲ ਨੂੰ ਖੜ੍ਹਾ ਕੀਤਾ ਪਰ ਮੇਰੀਆਂ ਅੱਖਾਂ ਉਵੇਂ ਹੀ ਵੱਸ ਰਹੀਆਂ ਸਨ। ਏਨੇ ਨੂੰ ਮੇਰਾ ਖਿਆਲ ਫੇਰ ਬਾਬਰ ਬਾਦਸ਼ਾਹ ਦੀ ਅਰਜ਼ੋਈ ਵਲ ਗਿਆ, ਜੋ ਉਸ ਨੇ ਆਪ ਪੁੱਤਰ ਪਿਆਰ ਖਾਤਰ ਸਾਈਂ ਦੀ ਦਰਗਾਹ ਵਿਚ ਕੀਤੀ ਸੀ। ਮੈਂ ਵੀ ਅਰਦਾਸ ਕਰਾਂ, ਮੇਰੇ ਜੀਅ ਵਿਚ ਆਈ, ਮਤੇ ਥੇਟ ਪੈ ਹੀ ਜਾਵੇ। ਮੈਂ ਮੰਜੇ ਦੇ ਗਿਰਦੇ ਫਿਰ ਰਿਹਾ ਸਾਂ ਅਤੇ ਹੱਥ ਬੰਨ੍ਹੀਂ ਬੇਨਤੀ ਕਰ ਰਿਹਾ ਸਾਂ - ਸੱਚਿਆ ਪਾਤਸ਼ਾਹ! ਬੱਚੇ ਵਿਲਕਣ ਤੇ ਪਿਉ ਸ਼ੁਰੂ ਤੋਂ ਹੀ ਪਸੀਜਦਾ ਆਇਆ ਹੈ, ਤੂੰ ਅਗਰ ਰਹਿਮਤ ਕਰ ਦੇਵੇਂ ਤਾਂ ਵੱਡੀ ਗੱਲ ਨਹੀਂ। ਇਹ ਕੋਹ ਹੋ ਰਿਹਾ ਹਿਰਦਾ ਇਸ ਨਾਸ਼ਵੰਤ ਸੰਸਾਰ ਤੋਂ ਓਝਲ ਹੋਣ ਵਾਲਾ ਹੈ। ਇਕ ਦਫਾ ਇਸਨੂੰ ਆਪਣੇ ਬੱਚੇ (ਯਾਨੀ ਮੇਰੇ ਵੱਡੇ ਭਾਈ) ਨੂੰ ਮਿਲਾ ਦੇ, ਫੇਰ ਤੇਰਾ ਹੁਕਮ ਅਟੱਲ ਹੈ, ਤੂੰ ਆਪਣੇ ਪਾਸ ਬੁਲਾ ਲਵੀਂ। ਸਾਨੂੰ ਇਸ ਗੱਲ ਦੀ ਰੱਤੀ ਭਰ ਚਿੰਤਾਂ ਨਹੀਂ, ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ। ਇਹ ਤਾਂ ਜ਼ਰੂਰੀ ਹੈ, ਮੌਤ ਦਰਵਾਜ਼ਾ ਹੈ, ਜਿਥੋਂ ਹਰ ਇਕ ਨੂੰ ਲੰਘਣਾ ਹੀ ਪੈਣਾ ਹੈ। ਮੈਂ ਕਦੇ ਸੋਚ ਵਿਚ ਪੈ ਜਾਂਦਾ ਸਾਂ,

ਸ਼ਾਇਦ ਮੈਨੂੰ ਅਰਦਾਸ ਵੀ ਨਹੀਂ ਕਰਨੀ ਆਉਂਦੀ, ਮੈਂ ਕਿਵੇਂ ਆਖਾਂ ਉਸ ਪਿਤਾ ਨੂੰ। ਫੇਰ ਖਿਆਲ ਆਵੇ, ਪਿਉ ਪੁੱਤਰ ਦੀਆਂ ਹਰਕਤਾਂ ਤਾਂ ਉਸ ਦੇ ਚਿਹਰੇ ਤੋਂ ਅਨੁਭਵ ਕਰ ਲਿਆ ਕਰਦਾ ਹੈ। ਇਹ ਤਾਂ ਉਹ ਪਿਤਾ ਹੈ, ਜੋ ਘਟ ਘਟ ਕੇ ਪਟ ਪਟ ਕੀ ਜਾਨਤ। ਭਲੇ ਬੁਰੇ ਕੀ ਪੀਰ ਪਛਾਨਤ। ਇਸ ਤਰ੍ਹਾਂ ਮੇਰੇ ਵਿਚ ਸ਼ੰਕੇ, ਅਰਦਾਸ ਕਰਨ ਦੀ ਊਣਤਾਈ ਤੇ ਉਤਪੰਨ ਵੀ ਹੁੰਦੇ ਸਨ ਤੇ ਆਪੇ ਅੰਦਰੋਂ ਕੋਈ ਆਵਾਜ਼ ਦੂਰ ਵੀ ਕਰ ਦਿੰਦੀ ਸੀ। ਮੈਂ ਫੇਰ ਆਪਣੀ ਤਵੱਜੋ, ਸ਼ੰਕਿਆਂ ਵਲੋਂ ਹਟਾ ਅਰਦਾਸ ਵਲ ਲਾਉਂਦਾ ਸੀ। ਛਮ ਛਮ ਪਾਣੀ ਮੇਰੀਆਂ ਅੱਖਾਂ ਵਿਚ ਆ ਜਾਂਦਾ ਸੀ। ਉਸੇ ਤਰ੍ਹਾਂ ਫਿਰ ਇਕਾਗਰ ਹੋ ਕੇ ਮੈਂ ਬੇਨਤੀ ਕੀਤੀ ਤੇ ਇਹ ਸਧਨੇ ਦਾ ਸ਼ਬਦ ਪੜ੍ਹਿਆ –

***ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥***
***ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥ ੧ ॥***
***ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥***
***ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥ ੧ ॥***
***ਰਹਾਉ ॥ ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥***
***ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥ ੨ ॥***
***ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥***
***ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ੩ ॥***
***ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥***
***ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ਅੰਗ – ੮੫੮***

ਦਾਤਾ! ਮੈਂ ਕਿੰਨਿਆਂ ਕੁ ਆਦਮੀਆਂ ਦੇ ਨਾਮ ਲਵਾਂ, ਜਿਨ੍ਹਾਂ ਦੀ ਆਰਾਧਨਾ ਤੇ ਤੂੰ ਉਨ੍ਹਾਂ ਦੀ ਵਿਗੜੀ ਸਵਾਰੀ ਹੈ। ਤੂੰ ਰਹਿਮਤ ਵਿਚ ਆ, ਇਸ ਬੁਝ ਰਹੀ ਬੱਤੀ ਵਿਚ, ਆਪਣੇ ਫਜ਼ਲ ਨਾਲ ਅੰਮ੍ਰਿਤ ਰੂਪ ਕੁਝ ਸਮੇਂ ਵਾਸਤੇ ਸਵਾਸ ਪਾ ਦੇ। ਹੋ ਸਕਦਾ ਹੈ ਕਿ ਗਿਣਤੀ ਦੇ ਬਾਕੀ ਸਵਾਸ ਹੋਣ। ਹੇ ਮੇਰੇ ਵਾਹਿਗੁਰੂ! ਤੂੰ ਮੇਰੀ ਜ਼ਿੰਦਗੀ 'ਚੋਂ ਦੋ ਸਾਲ ਦਾ ਅਰਦਾਸ ਮੇਰੀ ਮਾਂ ਨੂੰ ਦੇ, ਅਗਰ ਜ਼ਿਆਦਾ ਨਹੀਂ ਹੋ ਸਕਦਾ। ਯਕੀਨ ਵਾਲੀ ਗੱਲ ਹੈ, ਜਦੋਂ ਇਹ ਆਖਰੀ ਆਵਾਜ਼ ਮੇਰੇ ਦਿਲ 'ਚੋਂ ਅਰਦਾਸ ਵਜੋਂ ਨਿਕਲੀ ਤਾਂ ਇਕੱਠਾ ਹੀ ਰੁਕਿਆ ਪਾਣੀ ਮੇਰੀਆਂ ਅੱਖਾਂ 'ਚੋਂ ਫੁੱਟ ਪਿਆ। ਹੁਣ ਮੇਰੀਆਂ ਪ੍ਰਕਰਮਾ ਵੀ ਖਤਮ ਹੋ ਚੁੱਕੀਆਂ ਸਨ, ਮੈਂ ਉਦਾਸ ਹੋ ਕੇ ਬੈਠ ਗਿਆ। ਥੋੜ੍ਹਾ ਬਹੁਤ ਪਾਣੀ ਮੈਂ ਖੁਦ ਪੀਤਾ ਤੇ ਉਸ ਗੁਰਬਾਣੀ ਵਿਚ ਭਰੋਸਾ ਰਖਣ ਵਾਲੀ ਮਾਂ ਦੇ ਮੁਖ ਵਿਚ ਕੁਝ ਕੁ ਬੂੰਦਾਂ ਪਾਣੀ ਦੀਆਂ ਚੁਆਈਆਂ। ਇਹ ਬੂੰਦਾਂ ਪਾਣੀ ਦੀਆਂ ਨਹੀਂ ਸਨ, ਇਹ ਕੋਈ ਅੰਮ੍ਰਿਤ ਸੀ, ਜੋ ਖੁਦ ਅਕਾਲ ਪੁਰਖ ਨੇ ਭੇਜਿਆ ਤੇ ਮੇਰੇ ਨਾਚੀਜ਼ ਹੱਥੋਂ ਉਸ ਦੇ ਮੂੰਹ ਵਿਚ ਚੁਆਇਆ। ਹੁਣ ਇਥੇ ਮੈਂ ਕਿਹੜੇ ਲਫਜ਼ ਲਿਖਾਂ, ਜਿਨ੍ਹਾਂ ਨਾਲ ਆਪ ਨੂੰ ਯਕੀਨ ਆਵੇ। ਥੋੜ੍ਹੀ ਹੀ ਦੇਰ ਬਾਅਦ ਸਾਧਾਰਣ ਦਵਾ ਦਾਰੂ ਰਵਾਇਤ ਅਨੁਸਾਰ ਦਿੱਤੀ। ਹੁਣ ਕੁਝ ਹੋਰ, ਘੜੀ ਨੂੰ ਕੁਝ ਹੋਰ। ਬਸ ਸ਼ਾਮ ਹੋਈ, ਜਿਸ ਦੀ ਸਾਨੂੰ ਸਭ ਨੂੰ ਨਾ-ਉਮੀਦੀ ਸੀ, ਮਾ ਉਠ ਕੇ ਮੰਜੇ ਤੇ ਬੈਠ ਗਈ। ਅਗਲੇ ਦਿਨ ਉਸ ਤੋਂ ਜ਼ਿਆਦਾ ਫਰਕ ਦਿਸਿਆ। ਬਸ ਫੇਰ ਕੀ ਸੀ, ਮੈਨੂੰ ਤਾਂ ਪੂਰਾ ਯਕੀਨ ਸੀ ਕਿ ਕਰਨ ਵਾਲਾ ਆਪ ਹੀ ਕੁਝ ਕਰ ਕਰਾ ਗਿਆ ਤੇ ਮਾਂ ਠੀਕ ਹੋ ਗਈ।

1947 ਵਿਚ ਗਰਮੀਆਂ ਦੇ ਉਨ੍ਹਾਂ ਹੀ ਦਿਨਾਂ ਵਿਚ ਮਾਂ ਫੇਰ ਬੀਮਾਰ ਹੋਈ। ਇਸ ਦਫਾ ਮੇਰੇ ਵੱਡੇ ਭਰਾ ਅਫਰੀਕਾ ਤੋਂ ਆ ਚੁੱਕੇ ਸਨ। ਗੱਲ ਕੀ, ਮਾਤਾ ਦਾ ਇਹ ਅੰਤ ਆਪਣੇ ਪੁੱਤਰ ਦੇ ਹੱਥਾਂ ਵਿਚ ਹੋਇਆ।

ਹੁਣ ਪਾਠਕ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਉਹ ਸੁਣਦਾ ਜ਼ਰੂਰ ਹੈ, ਲੇਕਿਨ ਸੁਣਾਉਣ ਵਾਲਾ ਅਗਰ ਨਿਮਰਤਾ ਨਾਲ ਉਸੇ ਤੇ ਆਸਾਰਾ ਰਖ ਕੇ ਉਸ ਨੂੰ ਸੁਣਾਵੇ। ਉਹ ਰਸਤਾ ਨਿਮਰਤਾ ਭਰੀ ਅਰਦਾਸ ਹੈ, ਤਾਂ ਤੇ ਅਸੀਂ ਸਭ ਹੀ ਆਖ ਸਕਦੇ ਹਾਂ, ਕੀ?

***ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।***

(ਗਿ: ਬਚਿਤ੍ਰ ਸਿੰਘ, ਜਲੰਧਰ)

## ਅਰਦਾਸ ਸ਼ਕਤੀ

ਇਸ ਵੇਲੇ ਦੁਨੀਆਂ ਦਾ ਸਭ ਤੋਂ ਵੱਡਾ ਰੇਡੀਓ ਪ੍ਰੋਗਰਾਮ ਜੋ ਕਿ ਵੱਖੋ-ਵੱਖਰੇ ਦੇਸ਼ਾਂ ਦੇ ਸਤ ਸੌ ਰੇਡੀਓ ਸਟੇਸ਼ਨਾਂ ਤੋਂ ਸੁਣਾਇਆ ਜਾਂਦਾ ਹੈ ਅਤੇ ਜਿਸ ਦਾ ਹਰ ਹਫਤੇ ਦਾ ਖਰਚ ਤਕਰੀਬਨ 60 ਹਜ਼ਾਰ ਰੁਪਏ ਤੋਂ ਵੱਧ ਹੈ, ਸ੍ਰੀ ਬਿਲੀ ਗ੍ਰਾਹਮ ਦਾ ਈਸਾਈ ਧਰਮ ਬਾਬਤ ਪ੍ਰਚਾਰ ਦਾ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਵਰਗਾ ਵਿਸ਼ਾਲ ਤੇ ਮਹਿੰਗਾ ਕਿਸੇ ਗਵਰਨਮੈਂਟ ਦਾ ਪ੍ਰੋਗਰਾਮ ਜਾਂ ਕਿਸੇ ਦੇਸ਼ ਦਾ ਕੋਈ ਵਪਾਰਕ ਰੇਡੀਓ ਪ੍ਰੋਗਰਾਮ ਨਹੀਂ। ਇਸ ਇਤਨੇ ਵੱਡੇ ਖਰਚੇ ਵਾਲੇ ਰੇਡੀਓ ਪ੍ਰੋਗਰਾਮ ਦੇ ਅਰੰਭ ਹੋਸ਼ ਦੀ ਇਕ ਬੜੀ ਦਿਲਚਸਪ ਘਟਨਾ ਹੈ ਜੋ ਕਿ ਅੰਗਰੇਜ਼ੀ ਦੇ ਰਸਾਲੇ ਰੀਡਰਜ਼ ਡਾਈਜੈਸਟ ਵਿਚ ਛਪੀ ਹੈ।

ਸ੍ਰੀ ਬਿਲੀ ਗ੍ਰਾਹਮ ਇਸ ਵੇਲੇ ਦੇ ਸਭ ਤੋਂ ਛੋਟੀ ਉਮਰ ਦੇ, ਪਰ ਸਭ ਤੋਂ ਮਸ਼ਹੂਰ ਧਾਰਮਕ ਪ੍ਰਚਾਰਕ ਹਨ। ਇਹ ਦੁਨੀਆਂ ਦੇ ਸਭ ਵੱਡੇ ਦੇਸ਼ਾਂ ਵਿਚ ਜਾ ਕੇ ਈਸਾਈ ਮਤ ਦਾ ਪ੍ਰਚਾਰ ਕਰਦੇ ਹਨ। ਇਨ੍ਹਾਂ ਦੇ ਹਰ ਧਾਰਮਕ ਲੈਕਚਰ ਦੇ ਬਾਦ ਹਜ਼ਾਰਾਂ ਦੀ ਗਿਣਤੀ ਵਿਚ ਲੋਕੀ ਈਸਾ ਜੀ ਨੂੰ ਅਪਣਾਂਦੇ ਅਤੇ ਉਨ੍ਹਾਂ ਦੇ ਧਰਮ ਵਲ ਮੂੰਹ ਫੇਰਦੇ ਹਨ।

ਇਕ ਵੇਰ ਜਦ ਬਿਲੀ ਗ੍ਰਾਹਮ ਜੀ ਨੂੰ ਕਈ ਮਿਤ੍ਰਾਂ ਨੇ ਰੇਡੀਓ ਥਾਣੀਂ ਪ੍ਰਚਾਰ ਕਰਨ ਲਈ ਬਹੁਤ ਆਖਿਆ, ਤਦਇਹ ਇਤਨੇ ਵੱਡੇ ਅਤੇ ਮਹਿੰਗੇ ਕੰਮ ਨੂੰ ਸ਼ੁਰੂ ਕਰ ਸਕਣਾ ਇਕ ਅਸੰਭਵ ਗੱਲ ਸਮਝਦੇ ਸੀ। ਪਰ ਦੋਸਤਾਂ ਮਿਤ੍ਰਾਂ ਦੇ ਮਜਬੂਰ ਕਰਨ ਉਤੇ ਇਕ ਦਿਨ ਉਨ੍ਹਾਂ ਨੇ ਇਸ ਪ੍ਰੋਗਰਾਮ ਦਾ ਖਰਚ ਪੁੱਛਿਆ ਤਾਂ ਪਤਾ ਲੱਗਾ ਕਿ (ਉਸ ਸਮੇਂ) ਇਸ ਕੰਮ ਨੂੰ ਸ਼ੁਰੂ ਕਰਨ ਲਈ 25 ਹਜ਼ਾਰ ਡਾਲਰ ਜਾਂ 75 ਹਜ਼ਾਰ ਰੁਪਏ ਤੋਂ ਵੱਧ ਰਕਮ ਚਾਹੀਦੀ ਹੋਵੇਗੀ ਅਤੇ ਇਸ ਤੋਂ ਬਾਅਦ ਹਰ ਹਫਤੇ 7 ਹਜ਼ਾਰ ਡਾਲਰ ਜਾਂ 21 ਹਜ਼ਾਰ ਰੁਪਏ ਤੋਂ ਵੱਧ ਇਸ ਪ੍ਰੋਗਰਾਮ ਨੂੰ ਜਾਰੀ ਰੱਖਣ ਵਾਸਤੇ ਖਰਚ ਆਵੇਗਾ। ਇਹ ਸੁਣ ਕੇ ਬਿਲੀ ਗ੍ਰਾਹਮ ਜੀ ਨੇ ਆਖਿਆ ਕਿ ਸਾਡੇ ਪਾਸ ਨਾ ਤੇ ਇਤਨੇ ਰੁਪਏ ਤੇ ਨਾ ਹੀ ਇਤਨਾ ਸਮਾਂ ਹੈ। ਇਤਨਾ ਵੱਡਾ ਕੰਮ ਸਾਥੋਂ ਨਹੀਂ ਹੋ ਸਕੇਗਾ। ਇਹ ਸੁਣ ਕੇ ਉਨ੍ਹਾਂ ਦੇ ਮਿਤ੍ਰ ਨਿਰਾਸ਼ ਹੋ ਕੇ ਵਾਪਸ ਚਲੇ ਗਏ। ਜਦ ਬਿਲੀ ਗ੍ਰਾਹਮ ਜੀ ਇਸ ਤੋਂ ਬਾਅਦ ਆਪਣੇ ਕਮਰੇ ਵਿਚ ਗਏ ਤਾਂ ਉਨ੍ਹਾਂ ਨੂੰ ਖਿਆਲ ਆਇਆ ਕਿ ਮੈਂ ਤਾਂ ਭਾਵੇਂ ਨਾਂਹ ਕਰ ਦਿਤੀ ਹੈ ਪਰ ਹੋ ਸਕਦਾ ਹੈ ਕਿ ਸ੍ਰੀ ਵਾਹਿਗੁਰੂ ਜੀ ਮੈਥੋਂ ਇਹ ਕੰਮ ਕਰਵਾਣਾ ਚਾਹੁੰਦੇ ਹੋਣ, ਤਾਈਉਂ ਤੇ ਉਨ੍ਹਾਂ ਨੇ ਮੇਰੇ ਇਤਨੇ ਦੋਸਤਾਂ ਪਾਸੋਂ ਮੈਨੂੰ ਐਨੀ ਵਾਰੀ ਇਹ ਗੱਲ ਕਹਾਈ ਹੈ। ਇਤਨੇ ਚਿਰ ਨੂੰ ਉਹੀ ਦੋ ਦੋਸਤ, ਜਿਨ੍ਹਾਂ ਨੇ ਉਨ੍ਹਾਂ ਨੂੰ ਰੇਡੀਓ ਪ੍ਰੋਗਰਾਮ ਸ਼ੁਰੂ ਕਰਨ ਲਈ ਪਹਿਲਾਂ ਵੀ ਕਿਹਾ ਸੀ, ਉਥੇ ਆਣ ਪਹੁੰਚੇ। ਉਨ੍ਹਾਂ ਨੇ ਬਿਲੀ ਗ੍ਰਾਹਮ ਨੂੰ ਆਪਣੇ ਫੈਸਲੇ ਸਬੰਧੀ ਮੁੜ ਵਿਚਾਰ ਕਰਨ ਲਈ ਆਖਿਆ, ਪਰ ਇਸ ਵਾਰੀ ਬਿਲੀ ਗ੍ਰਾਹਮ ਨੇ ਉਨ੍ਹਾਂ ਨੂੰ ਨਾਂਹ ਨਾ ਕੀਤੀ ਅਤੇ ਇਹ ਆਖਿਆ

ਕਿ ਇਸ ਕੰਮ ਦਾ ਆਖਰੀ ਫੈਸਲਾ ਮੇਰੇ ਹੱਥ ਵਿਚ ਨਹੀਂ ਬਲਕਿ ਸ੍ਰੀ ਵਾਹਿਗੁਰੂ ਜੀ ਦੇ ਹੱਥ ਵਿਚ ਹੈ। ਆਉ, ਅਰਦਾਸ ਕਰੀਏ ਅਤੇ ਸ੍ਰੀ ਵਾਹਿਗੁਰੂ ਜੀ ਦੇ ਹੁਕਮ ਨੂੰ ਉਡੀਕੀਏ।

ਉਪਰੰਤ ਤਿੰਨੇ ਜਣੇ ਗੋਡੇ ਟੇਕ ਕੇ ਪ੍ਰਾਰਥਨਾ ਵਿਚ ਜੁਟ ਗਏ। ਇਨ੍ਹਾਂ ਵਿਚੋਂ ਇਕ ਨੇ ਪਿਛੋਂ ਦਸਿਆਕਿ ਉਸ ਨੇ ਐਸੀ ਦਿਲੀ ਅਰਦਾਸ ਇਸ ਤੋਂ ਪਹਿਲੇ ਕਦੀ ਨਹੀਂ ਕੀਤੀ ਸੀ। ਬਿਲੀ ਗ੍ਰਾਹਮ ਦਾ ਆਪਣਾ ਵੀ ਇਹੀ ਵਿਸ਼ਵਾਸ਼ ਹੈ ਕਿ ਉਸ ਦਿਨ ਵਰਗੀ ਅਰਦਾਸ ਉਸ ਨੇ ਨਾ ਕਦੇ ਪਹਿਲੇ ਤੇ ਨਾ ਕਦੇ ਉਸ ਦਿਨ ਤੋਂ ਪਿਛੋਂ ਕੀਤੀ ਹੈ। ਇਹ ਅਰਦਾਸ ਕੀ ਸੀ, ਵਾਹਿਗੁਰੂ ਜੀ ਦੀ ਹਸਤੀ ਨੂੰ ਸ਼ਾਖਸਾਤ ਸਾਮ੍ਹਣੇ ਰਖਦਿਆਂ ਹੋਇਆਂ ਉਨ੍ਹਾਂ ਨਾਲ ਅਤਿ ਵਿਸ਼ਵਾਸ਼ ਭਰੀਆਂ ਗੱਲਾਂ ਸਨ। ਬਿਲੀ ਗ੍ਰਾਹਮ ਜੀ ਨੇ ਅਰਦਾਸ ਵਿਚ ਆਖਿਆ - ਸੱਚੇ ਪਾਤਸ਼ਾਹ! ਮੈਨੂੰ ਪਤਾ ਨਹੀਂ ਕਿ ਇਤਨਾ ਧਨ ਕਿਥੇ ਪਿਆ ਹੈ ਅਤੇ ਉਥੋਂ ਕਿਵੇਂ ਲਵਾਂ, ਪਰ ਤੈਨੂੰ ਪਤਾ ਹੈ ਕਿ ਇਹ ਧਨ ਕਿਥੇ ਹੈ। ਜੇਕਰ ਤੂੰ ਆਪਣੇ ਸੇਵਕ ਤੋਂ ਆਪਣੀ ਸੇਵਾ ਜ਼ਰੂਰ ਕਰਵਾਣਾ ਚਾਹੁੰਦਾ ਹੈਂ ਤਾਂ ਮੈਨੂੰ ਵਿਸ਼ਵਾਸ਼ ਹੈ ਕਿ ਅੱਜ ਅੱਧੀ ਰਾਤ ਤੋਂ ਪਹਿਲੇ ਪਹਿਲੇ ੭੫ ਹਜ਼ਾਰ ਰੁਪਏ ਆਪਣੀ ਸੇਵਾ ਲਈ ਮੇਰੇ ਹਵਾਲੇ ਕਰ ਦੇਵੇਂਗਾ।

ਇਸ ਤੋਂ ਪਹਿਲਾ ਕਿਉਂਕਿ ਬਿਲੀ ਗ੍ਰਾਹਮ ਨੂੰ ਕਦੀ ਕਿਸੇ ਪਾਸੇ ਤੋਂ ਆਪਣੇ ਪ੍ਰਚਾਰ ਦੇ ਕੰਮ ਲਈ ਪੰਦਰਾਂ ਸੌ ਰੁਪਏ ਤੋਂ ਵੱਧ ਰਕਮ ਨਹੀਂ ਮਿਲੀ ਸੀ, ਇਸ ਵਾਸਤੇ ਉਸ ਦੇ ਦੋਹਾਂ ਮਿਤ੍ਰਾਂ ਨੂੰ ਯਕੀਨ ਸੀ ਕਿ ਬਿਲੀ ਗ੍ਰਾਹਮ ਨੇ ਆਪਣੇ ਰੱਬ ਜੀ ਤੋਂ ਇਕ ਅਸੰਭਵ ਗੱਲ ਮੰਗੀ ਹੈ। ਉਨ੍ਹਾਂ ਨੂੰ ਇਹ ਅਰਦਾਸ ਸੁਣ ਕੇ ਇਸ ਦੇ ਨਾ ਹੋਣ ਵਿਚ ਇਤਨਾ ਵਿਸ਼ਵਾਸ਼ ਹੋਇਆ ਕਿ ਉਹ ਬਿਲੀ ਗ੍ਰਾਹਮ ਤੋਂ ਰੁਖਸਤ ਲੈ ਕੇ ਹਵਾਈ ਅੱਡੇ ਵੱਲ ਰਵਾਨਾ ਹੋ ਗਏ।

ਉਸ ਰਾਤ ਪ੍ਰਚਾਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰਾਹਮ ਜੀ ਨੇ ਬੜੇ ਭਾਈ ਇਕੱਠ ਵਿਚ ਰੇਡੀਓ ਥਾਣੀ ਪ੍ਰਚਾਰ ਦੀ ਤਜਵੀਜ਼ ਪੇਸ਼ ਕੀਤੀ ਅਤੇ ਆਖਿਆ ਕਿ ਐਸੇ ਵੱਡੇ ਖਰਚ ਵਾਲਾ ਕੰਮ ਕਰਨਾ ਉਸ ਦੀ ਹਿੰਮਤ ਤੋਂ ਬਾਹਰ ਹੈ ਅਤੇ ਕਈ ਵਾਰੀ ਇਸ ਕੰਮ ਤੋਂ ਇਨਕਾਰ ਕਰ ਚੁਕਿਆ ਹਾਂ, ਪਰ ਅੱਜ ਰਾਤ ਉਸ ਨੇ ਇਸ ਕੰਮ ਬਾਬਤ ਆਖਰੀ ਫੈਸਲਾ ਵਾਹਿਗੁਰੂ ਜੀ ਦੇ ਹੱਥ ਵਿਚ ਛੱਡ ਦਿਤਾ ਹੈ। ਉਨ੍ਹਾਂ ਨੇ ਆਪਣੀ ਅਰਦਾਸ ਬਾਰੇ ਅਤੇ ਕਿਤਨਾ ਰੁਪਿਆ ਚਾਹੀਦਾ ਹੈ, ਬਿਲਕੁਲ ਲੋਕਾਂ ਨੂੰ ਨਹੀਂ ਦਸਿਆ ਸਿਰਫ ਇਤਨਾ ਹੀ ਆਖਿਆ ਕਿ ਅਗਰ ਤੁਸੀਂ ਸਮਝਦੇ ਹੋ ਕਿ ਇਹ ਵਾਹਿਗੁਰੂ ਜੀ ਦੀ ਆਸ਼ਾ ਹੈ ਅਤੇ ਇਸ ਬਾਬਤ ਆਪਣੇ ਅੰਦਰ ਵਾਹਿਗੁਰੂ ਜੀ ਦੀ ਪ੍ਰੇਰਨਾ ਮਹਿਸੂਸ ਕਰਦੇ ਹੋ, ਤਾਂ ਤੁਸੀਂ ਮੈਨੂੰ ਦੱਸ ਸਕਦੇ ਹੋ।

ਪ੍ਰਚਾਰ ਦੀ ਮੀਟਿੰਗ ਦੇ ਖਤਮ ਹੋਣ ਤੇ ਜਦ ਬਿਲੀ ਗ੍ਰਾਹਮ ਆਪਣੇ ਸਾਥੀਆਂ ਨੂੰ ਮਿਲਣ ਵਾਲੇ ਕਮਰੇ ਵਲ ਗਿਆ ਤਾਂ ਉਹਦਾ ਇਕ ਸਤਸੰਗੀ ਦਰਵਾਜ਼ੇ ਵਿਚ ਖੜ੍ਹਾ ਉਸਨੂੰ ਉਡੀਕ ਰਿਹਾ ਸੀ ਅਤੇ ਉਸ ਦੇ ਪਿਛੇ ਕਤਾਰ ਬਣਾਈ ਲੋਕ ਖੜ੍ਹੇ ਸੀ। ਉਪਰੰਤ ਲੋਕੀਂ ਅੰਦਰ ਆਉਂਦੇ ਗਏ ਤੇ ਨਕਦ ਰੁਪਿਆ, ਚੈਕ ਤੇ ਮਾਮੂਲੀ ਅਖਬਾਰ ਦੇ ਕਾਗਜ਼ਾਂ ਉਤੇ ਰੁਪਏ ਦੇਣ ਦੇ ਇਕਰਾਰ ਬਿਲੀ ਗ੍ਰਾਹਮ ਦੇ ਸਾਮ੍ਹਣੇ ਰਖਦੇ ਗਏ।

ਇਕ ਲਕੜੀ ਦੇ ਵਪਾਰੀ ਨੇ ਸੱਤ ਹਜ਼ਾਰ ਪੰਜ ਸੌ ਰੁਪਏ ਦੇਣ ਦਾ ਇਕ ਛੋਟੇ ਜਿਹੇ ਕਾਗਜ਼ ਤੇ ਇਕਰਾਰ ਲਿਖ ਕੇ ਦਿਤਾ। ਇਕ ਸਕੂਲ ਮਾਸਟਰ ਅਤੇ ਉਹਦੀ ਸੁਪਤਨੀ ਨੇ ਇਕ ਹਜ਼ਾਰ ਰੁਪਏ ਦਾ ਇਕਰਾਰ ਲਿਖਦਿਆਂ ਕਾਗਜ਼ ਤੇ ਇਹ ਵੀ ਲਿਖਿਆ ਕਿ ਸਾਡੇ ਬੈਂਕ ਦੇ ਅਕਾਊਂਟ ਵਿਚ ਇਸ ਤੋਂ ਵੱਧ ਹੋਰ ਰੁਪਏ ਨਹੀਂ ਹਨ, ਅਗਰ ਹੁੰਦੇ ਤਾਂ ਇਸ ਨੇਕ ਕੰਮ ਵਿਚ ਉਹ ਵੀ ਦੇਣੋਂ ਦਰੇਗ ਨਾ ਕਰਦੇ।

ਇਕ ਸਕੂਲ ਦੇ ਵਿਦਿਆਰਥੀ ਨੇ ਆਪਣੀ ਸਾਰੀ ਜੇਬ ਖਾਲੀ ਕਰਦਿਆਂ ਹੋਇਆਂ ਹੱਥ ਜੋੜ ਕੇ ਆਖਿਆ ਕਿ ਮੇਰੀ ਇਸ ਤੁਛ ਰਕਮ ਨੂੰ ਹੀ ਪ੍ਰਵਾਨ ਕਰ ਲਵੋ।

ਜਦ ਸਾਰੇ ਇਕੱਠੇ ਕੀਤੇ ਹੋਏ ਰੁਪਏ ਦਾ ਜੋੜ ਕੀਤਾ ਗਿਆ ਤਾਂ ਇਹ ਰਕਮ 70 ਹਜ਼ਾਰ 5 ਸੌ ਰੁਪਏ ਬਣੀ। ਹਵਾਈ ਅੱਡੇ ਨੂੰ ਰਵਾਨਾ ਹੋ ਗਏ ਉਹੋ ਦੋਵੇਂ ਬਿਲੀ ਗ੍ਰਾਹਮ ਜੀ ਦੇ ਮਿਤ੍ਰ ਵੀ ਪਿਛੇ ਹੀ ਖੜ੍ਹੇ ਸਨ। ਕਿਉਂਕਿ ਹਵਾਈ ਜਹਾਜ਼ ਤੇ ਚੜ੍ਹਨ ਲੱਗਿਆਂ ਉਨ੍ਹਾਂ ਨੂੰ ਬਿਲੀ ਗ੍ਰਾਹਮ ਜੀ ਦੀ ਅਰਦਾਸ ਨੇ ਮੁੜ ਕੇ ਵਾਪਸ ਆਉਣ ਲਈ ਮਜ਼ਬੂਰ ਕਰ ਦਿਤਾ ਸੀ ਅਤੇ ਉਨ੍ਹਾਂ ਨੇ ਇਕ ਦਿਨ ਹੋਰ ਠਹਿਰ ਕੇ ਇਸ ਅਰਦਾਸ ਦੇ ਨਤੀਜੇ ਨੂੰ ਵੇਖਣ ਦਾ ਫੈਸਲਾ ਕਰ ਲਿਆ ਸੀ।

ਇਹ ਦੋਵੇਂ ਮਿਤ੍ਰ ਝਟ ਅੱਗੇ ਵਧੇ ਅਤੇ ਬਿਲੀ ਗ੍ਰਾਹਮ ਨੂੰ ਆਖਣ ਲੱਗੇ ਇਹ ਤੁਹਾਡੀ ਅਰਦਾਸ ਦੀ ਸਫਲਤਾ ਹੈ - ਤੁਹਾਡੀ ਅਰਦਾਸ ਸੁਣੀ ਗਈ ਹੈ। ਬਿਲੀ ਗ੍ਰਾਹਮ ਜੀ ਨੇ ਅੱਗੋਂ ਆਖਿਆ ਨਹੀਂ, ਮੇਰੀ ਅਰਦਾਸ ਪ੍ਰਵਾਨ ਨਹੀਂ ਹੋਈ, ਅਸੀਂ ਤਾਂ 75 ਹਜ਼ਾਰ ਰੁਪਏ ਮੰਗਿਆ ਸੀ। ਜਾਂ ਤਾਂ 75 ਹਜ਼ਾਰ ਰੁਪਏ ਦੇਵੇਗਾ, ਜਾਂ ਅਸੀਂ ਇਹ ਵੀ ਨਹੀਂ ਲਵਾਂਗੇ।" ਇਨ੍ਹਾਂ ਦੋਹਾਂ ਮ੍ਰਿਤਾਂ ਨੇ ਆਖਿਆ ਕਿ ਤੁਸੀਂ ਫਿਕਰ ਨਾ ਕਰੋ, ਬਾਕੀ ਦਾ ਸਾਢੇ ਚਾਰ ਹਜ਼ਾਰ ਰੁਪਏ ਦਾ ਪ੍ਰਬੰਧ ਮੰਗਿਆ ਸੀ। ਜਾਂ ਤਾਂ 75 ਹਜ਼ਾਰ ਰੁਪਏ ਦੇਵੇਗਾ, ਜਾਂ ਅਸੀਂ ਇਹ ਵੀ ਨਹੀਂ ਲਵਾਂਗੇ।" ਇਨਹਾਂ ਦੋਹਾਂ ਮ੍ਰਿਤਾਂ ਨੇ ਆਖਿਆ ਕਿ ਤੁਸੀਂ ਫਿਕਰ ਨਾ ਕਰੋ, ਬਾਕੀ ਦਾ ਸਾਢੇ ਚਾਰ ਹਜ਼ਾਰ ਰੁਪਏ ਦਾ ਪ੍ਰਬੰਧ ਅਸੀਂ ਕਰ ਦੇਵਾਂਗੇ।" ਅੱਗੋਂ ਬਿਲੀ ਗ੍ਰਾਹਮ ਜੀ ਨੇ ਦ੍ਰਿੜ੍ਹਤਾ ਨਾਲ ਜਵਾਬ ਦਿਤਾ ਕਿ ਅਸੀਂ ੭੫ ਹਜ਼ਾਰ ਰੁਪਏ ਵਾਸਤੇ ਅਰਦਾਸ ਕਰ ਚੁਕੇ ਹਾਂ, ਇਸ ਤੋਂ ਘੱਟ ਵਾਸਤੇ ਨਹੀਂ।

ਜਦ ਇਹ ਤਿੰਨੇ ਮਿਤ੍ਰ ਆਪਣੇ ਹੋਟਲ ਦੇ ਕਮਰੇ ਵਿਚ ਪਹੁੰਚੇ ਤਾਂ ਰਾਤ ਦੇ ਬਾਰਾਂ ਵਜਣ ਵਿਚ ਕੁਝ ਮਿੰਟ ਰਹਿੰਦੇ ਸਨ। ਬਿਲੀ ਗ੍ਰਾਹਮ ਵਾਸਤੇ ਤਿੰਨ ਚਿੱਠੀਆਂ ਮੇਜ਼ 'ਤੇ ਪਈਆਂ ਸਨ ਇੱਕ ਚਿੱਠੀ ਲਿਖਣ ਵਾਲੇ ਨੇ ਲਿਖਿਆ ਹੋਇਆ ਸੀ ਕਿ ਮੈਂ ਤਿੰਨ ਹਜ਼ਾਰ ਰੁਪਏ ਦਾ ਚੈਕ ਭੇਜ ਰਿਹਾ ਹਾਂ ਅਤੇ ਨਿਸ਼ਚਾ ਹੇ ਕਿ ਰੇਡੀਓ ਥਾਣੀਂ ਪ੍ਰਚਾਰ ਕਰਨ ਦਾ ਤੁਹਾਡਾ ਪ੍ਰੋਗਰਾਮ ਜ਼ਰੂਰ ਸਫਲ ਹੋਵੇਗਾ। ਬਾਕੀ ਦੋਹਾਂ ਚਿੱਠੀਆਂ ਦੇ ਅੰਦਰ ਹਰ ਇਕ ਵਿਚ ਸਾਢੇ ਸੱਤ ਸੌ ਰੁਪਏ ਦਾ ਚੈਕ ਸੀ।

ਹੁਣ ਸਾਰੀ ਅਰਦਾਸ ਸ੍ਰੀ ਵਾਹਿਗੁਰੂ ਜੀ ਦੇ ਦਰਬਾਰ ਵਿਚ ਪ੍ਰਵਾਨ ਹੋਈ ਹੈ, ਬਿਲੀ ਗ੍ਰਾਹਮ ਨੇ ਕਿਹਾ। ਉਸ ਤੋਂ ਬਾਦ ਉਸ ਕਮਰੇ ਵਿਚ ਫਿਰ ਸਾਰੇ ਗੋਡਿਆਂ ਦੇ ਭਾਰ ਝੁਕ ਗਏ ਅਤੇ ਡਾਢੀਆਂ ਸ਼ੁਕਰ ਭਰੀਆਂ ਦਿਲੀ ਅਰਦਾਸਾਂ ਕੀਤੀਆਂ।

ਅੱਜ ਤੱਕ ਬਿਲੀ ਗ੍ਰਾਹਮ ਜੀ ਦਾ ਇਹ ਰੇਡੀਓ ਪ੍ਰੋਗਰਾਮ ਪਹਿਲੇ ਲਿਖੇ ਅਨੁਸਾਰ ਡਾਢੀ ਸਫਲਤਾ ਨਾਲ ਚਲ ਰਿਹਾ ਹੈ। ਇਸ ਦਾ ਹਜ਼ਾਰਾਂ ਰੁਪਏ ਦਾ ਹਫਤਾਵਾਰ ਖਰਚ ਲੋਕਾਂ ਦੇ ਖੁਸ਼ੀ ਤੇ ਧੰਨਵਾਦ ਨਾਲ ਭੇਜੇ ਚੰਦਿਆਂ ਨਾਲ ਚਲ ਰਿਹਾ ਹੈ।

ਵਿਸ਼ਵਾਸ਼ ਭਰੇ ਹਿਰਦਿਆਂ ਦੀਆਂ ਸੱਚੀਆਂ ਤੇ ਸ਼ੁਭ ਅਰਦਾਸਾਂ ਵਾਹਿਗੁਰੂ ਜੀ ਸਦਾ ਪੂਰੀਆਂ ਕਰਦੇ ਹਨ ਅਤੇ ਅੱਗੇ ਨੂੰ ਕਰਦੇ ਰਹਿਣਗੇ।

***(ਸੁਰਜੀਤ)***

*******

# ਸਤਵੰਤ ਕੌਰ

***ਭਾਈ ਵੀਰ ਸਿੰਘ***

## ਕਾਂਡ ਸੋਲ੍ਹਵਾਂ

ਖਿਆਲ ਕੀਤਾ ਜਾਂਦਾ ਹੈ ਕਿ ਮੀਰ ਮੰਨੂੰ ਨੇ ਮਰਨ ਤੋਂ ਪਹਿਲਾਂ ਦਿੱਲੀ ਦਰਬਾਰ ਵਿਚ ਆਪਣਾ ਤੁਅੱਲਕ ਵਧਾਉਣ ਲਈ ਆਪਣੀ ਧੀ ਦਿੱਲੀ ਦੇ ਵਜ਼ੀਰ ਗਾਜ਼ੀਉਦੀਨ ਨਾਲ ਮੰਗਾਈ ਸੀ, ਪਰ ਮੁਰਾਦ ਬੇਗਮ ਤੇ ਉਸ ਦੀ ਧੀ, ਇਸ ਗੱਲ ਦੇ ਵਿਰੁੱਧ ਸਨ। ਜਦੋਂ ਬੇਗਮ ਤੇ ਉਮਰਾਵਾਂ ਦੀ ਅਣਬਣ ਹੋ ਗਈ ਤਾਂ ਗਾਜ਼ੀਉਦੀਨ ਨੇ ਸੱਯਦ ਜਮੀਲ ਨੂੰ ਉਸਦੀ ਸਹਾਇਤਾ ਲਈ ਲਾਹੌਰ ਘੱਲਿਆ, ਪਰ ਬੇਗਮ ਦੀ ਇਸ ਦੇ ਨਾਲ ਵੀ ਵਿਗੜ ਗਈ। ਬੇਗਮ ਨੇ ਅਬਦਾਲੀ ਨੂੰ ਆਪਣੀ ਸਹਾਇਤਾ ਲਈ ਚੋਰੀ ਸੱਦ ਘੱਲਿਆ। ਗਾਜ਼ੀਉਦੀਨ ਇਹ ਚਲਾਕੀ ਮਲੂਮ ਕਰਕੇ 1812 ਬਿ. ਵਿਚ ਫੌਜ ਲੈ ਕੇ ਦਿੱਲੀਉਂ ਟੁਰਿਆ। ਬਹੁਤੀ ਫੌਜ ਮਾਛੀਵਾੜੇ ਛੱਡ ਕੇ ਥੋੜ੍ਹੀ ਜਿਹੀ ਨਾਲ ਲੈ ਕੇ ਇਸ ਬਹਾਨੇ ਤੱਤ ਫੱਟ ਲਾਹੌਰ ਪੁੱਜਾ ਕਿ ਮਾਨੋ ਆਪਣਾ ਵਿਆਹ ਕਰਨ ਆਇਆ ਹੈ। ਇਸ ਬਹਾਨੇ ਉਸਨੇ ਲਾਹੌਰ ਪਹੁੰਚ ਕੇ ਸ਼ਹਿਰ ਤੇ ਬੇਗਮ ਦਾ ਮਹਿਲ ਅਚਾਨਕ ਘੇਰ ਲਿਆ। ਜਦ ਬੇਗਮ ਨਾ ਮੰਨੀ ਤਾਂ ਉਸਨੂੰ ਕੈਦ ਕਰਕੇ ਦਿੱਲੀ ਟੋਰ ਦਿੱਤਾ ਤੇ ਲਾਹੌਰ ਦੀ ਸੂਬੇਦਾਰੀ 30 ਲੱਖ ਨਜ਼ਰਾਨਾ ਲੈ ਕੇ ਆਦੀਨਾਂ ਬੇਗ, ਦੁਆਬੇ ਦੇ ਹਾਕਮ, ਨੂੰ ਦੇ ਦਿੱਤੀ। ਵਜ਼ੀਰ ਤਾਂ ਦਿੱਲੀ ਮੁੜ ਗਿਆ ਤੇ ਬੇਗਮ ਦੀ ਧੀ ਵੀ ਉਸ ਨੇ ਵਿਆਹ ਲਈ, ਪਰ ਅਹਿਮਦਸ਼ਾਹ ਅਬਦਾਲੀ ਇਹ ਖਬਰਾਂ ਸੁਣ ਕੇ ਕੰਧਾਰ ਤੋਂ ਪੰਜਾਬ ਤੇ ਸੰਮਤ 1813 ਬਿ. ਵਿਚ ਚੜ੍ਹ ਆਇਆ। ਆਦੀਨਾ ਬੇਗ ਉਸਦੇ ਅੱਗੇ ਲਗ ਕੇ ਭੱਜ ਉਠਾ ਤੇ ਪਹਾੜੀਂ ਜਾ ਲੁਕਿਆ। ਲਾਹੌਰ ਵਿਚ ਆਪਣੀ ਕੁਛ ਫੌਜ ਛੋੜ ਕੇ ਅਬਦਾਲੀ ਅੱਗੇ ਟੁਰਿਆ। ਦੁਆਬੇ ਪੁੱਜ ਕੇ ਉਸ ਨੇ ਨਾਸਰੂਦੀਨ ਨੂੰ ਇਥੋਂ ਦਾ ਹਾਕਮ ਥਾਪਿਆ ਤੇ ਫੇਰ ਆਪ ਸਰਹਿੰਦ ਹੁੰਦਾ ਹੋਇਆ ਦਿੱਲੀ ਅਪੜਿਆ। ਨਵਾਬ ਨਜੀਬੁਦੌਲਾ ਜੋ ਅੰਦਰਖਾਨੇ ਅਬਦਾਲੀ ਨਾਲ ਰਲਿਆ ਹੋਇਆ ਸੀ, ਕਰਨਾਲ ਅਬਦਾਲੀ ਨੂੰ ਆ ਮਿਲਿਆ। ਉਧਰੋਂ ਪਾਤਸ਼ਾਹ ਆਲਮਗੀਰ ਤੇ ਗਾਜ਼ੀਉਦੀਨ ਵਜ਼ੀਰ ਬੀ ਅਬਦਾਲੀ ਨੂੰ ਦੱਸ ਕੋਹ ਅੱਗੇ ਆ ਕੇ ਮਿਲੇ ਤੇ ਹਮਲਾਆਵਰ ਨੂੰ ਬੜੇ ਆਦਰ ਨਾਲ ਸ਼ਹਿਰ ਲੈ ਗਏ। ਵਜ਼ੀਰ ਨੇ ਪਹਿਲਾਂ ਸੱਸ ਨਾਲ ਸੁਲਹ ਕੀਤੀ ਤੇ ਫੇਰ ਉਸਦੀ ਸਿਫਾਰਸ਼ ਨਾਲ ਅਬਦਾਲੀ ਤੋਂ ਮਾਫੀ ਲਈ, ਹੁਣ ਅਬਦਾਲੀ ਨੇ ਅਮੀਰਾਂ ਉਮਰਾਵਾਂ ਤੇ ਚੱਟੀਆਂ ਲਾਈਆਂ, ਤਲਾਸ਼ੀਆਂ ਲਈਆਂ, ਲੱਖਾਂ ਹੀ ਰੁਪਏ ਕਢਵਾਏ। ਫੇਰ ਸ਼ਹਿਰ ਦੇ ਲੋਕਾਂ ਨੂੰ ਲੁੱਟਿਆ। ਦੋ ਮਹੀਨੇ ਸ਼ਹਿਰ ਤੇ ਲੁੱਟ ਦੀ ਉਹ ਬਿਪਤਾ ਰਹੀ ਜੋ ਨਾਦਰ ਦੀ ਲੁੱਟ ਭੁੱਲ ਗਈ, ਵੱਡੇ ਵੱਡੇ ਅਮੀਰਾਂ ਦੇ ਘਰਾਂ ਵਿਚ ਝਾੜੂ ਦਾ ਤੀਲਾ ਤੱਕ ਨਾ ਛੱਡਿਆ। ਅੰਤ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਦਾ ਵਿਆਹ ਮੁਹੰਮਦ ਸ਼ਾਹ ਦੇ ਪੁੱਤਰ ਅਹਿਮਦਸ਼ਾਹ ਦੀ ਲੜਕੀ ਨਾਲ ਕੀਤਾ। ਫਿਰ ਬੱਲਬਗੜ੍ਹ ਕਤਲ ਕਰਕੇ ਮਥੁਰਾ ਲੁੱਟੀ ਤੇ ਕਤਲਾਮ ਕੀਤੀ ਫੇਰ ਆਗਰੇ ਤੇ ਕਹਿਰ ਟੁੱਟਾ ਤੇ ਗਿਰਦੇ ਦਾ ਦੇਸ਼ ਵਿਰਾਨ ਕੀਤਾ। ਹਜ਼ਾਰਾਂ ਹਿੰਦੂ ਗੁਲਾਮ ਬਣਾ ਕੇ ਨਾਲ ਲੈ ਟੁਰਿਆ, ਵਹਿਸ਼ੀਆਨਾ ਜ਼ੁਲਮ ਤੇ ਕਤਲਾਂ ਦੇ ਮਗਰੋਂ ਅਬਦਾਲੀ ਦਿੱਲੀ ਆਇਆ ਤੇ ਮੁਹੰਮਦ ਸ਼ਾਹ ਦੀ ਬੇਟੀ ਹਜ਼ਰਤ ਬੇਗਮ ਨਾਲ ਵਿਆਹ ਕਰਕੇ ਪਾਤਸ਼ਾਹ ਆਲਮਗੀਰ ਤੋਂ ਬਹੁਤ ਧਨ ਲੀਤਾ ਤੇ ਉਸਨੂੰ ਤਖਤ ਤੇ ਬਿਠਾ ਕੇ ਕੰਧਾਰ ਵੱਲ ਨੂੰ ਮੁੜ ਗਿਆ। ਲਾਹੌਰ ਨੂੰ ਮੁੜਦਿਆਂ ਰਸਤੇ, ਉਹ ਹੋਣੀ ਹੋਈ ਸੀ ਕਿ ਜਿਸ ਵਿਚ ਸਤਵੰਤ ਕੌਰ ਕੈਦ ਪਈ ਸੀ।

ਉਪਰ ਦੱਸੇ ਹਾਲਾਤ ਮੁਜਬ ਜਦੋਂ ਅਬਦਾਲੀ ਦਿੱਲੀ ਨੂੰ ਗਿਆ ਸੀ ਤਾਂ ਮਗਰੋਂ ਆਦੀਨਾ ਬੇਗ ਪਹਾੜਾਂ ਤੋਂ ਉਤਰਿਆ ਸੀ। ਜਲੰਧਰ ਦੇ ਇਲਾਕੇ ਵਿਚ ਨਾਸਰੁੱਦੀਨ ਇਸ ਵੇਲੇ ਸਿੱਖਾਂ ਤੇ ਕਹਿਰ ਦੇ ਜ਼ੁਲਮ ਢਾਹ ਰਿਹਾ ਸੀ। ਨਾਸਰੁੱਦੀਨ ਨੇ ਹੁਣ ਸੋਢੀ ਵਡਭਾਗ ਸਿੰਘ ਸਾਹਿਬ ਨੂੰ ਐਸਾ ਤੰਗ ਕੀਤਾ ਕਿ ਉਨ੍ਹਾਂ ਨੂੰ ਵੀ ਨੱਸਣਾ ਪਿਆ। ਗੁਰਦੁਆਰੇ ਨਾਸਰੁੱਦੀਨ ਨੇ ਕਬਜ਼ਾ ਕਰਕੇ ਥੰਮ੍ਹ ਸਾਹਿਬ ਨੂੰ ਸਾੜ ਦਿੱਤਾ। ਉਥੇ ਗਊਆਂ ਕੁਹਾਈਆਂ, ਇਸਤ੍ਰੀਆਂ ਤੇ ਜ਼ੁਲਮ ਕਰਾਏ ਤੇ ਤਰ੍ਹਾਂ-ਤਰ੍ਹਾਂ ਦੇ ਕਹਿਰ ਕਮਾਏ ਇਨ੍ਹਾਂ ਦਿਨਾਂ ਵਿਚ ਪਿੰਡ ਭੇੜੀ (ਹੁਸ਼ਿਆਰਪੁਰ) ਦੇ ਲਾਗੇ ਸੋਢੀ ਸਾਹਿਬ ਤੇ ਆਦੀਨਾਬੇਗ ਦਾ ਮਿਲਾਪ ਹੋ ਗਿਆ। ਦੋਹਾਂ ਦਾ ਇਕ ਦੁੱਖ ਵਿਚ ਦੁਖੀ ਹੋਣ ਕਰਕੇ ਤੌਖਲਿਆਂ ਦੀ ਏਕਤਾ ਦੇ ਕਾਰਣ ਇਕ ਆਸਾ ਹੋ ਗਿਆ ਏਥੇ ਹੀ ਹੁਣ ਇਹ ਗੋਂਦ ਗੁੰਦੀ ਗਈ ਕਿ ਜਲੰਧਰ ਤੋਂ ਨਾਸਰੁੱਦੀਨ ਨੂੰ ਕੱਢ ਦਿੱਤਾ ਜਾਵੇ। ਇਸ ਲਈ ਸੋਢੀ ਸਾਹਿਬ ਨੇ ਜੰਗਲਾਂ, ਬਨਾਂ, ਪਹਾੜਾਂ, ਤੇ ਬਾਰਾਂ ਵਿਚ ਸਿੰਘਾਂ ਨੂੰ ਸੁਨੇਹੇ ਭੇਜ ਦਿੱਤੇ। ਖਾਲਸੇ ਦੇ ਦਲ ਮੱਤੇ ਹੋਏ ਸ਼ੇਰਾਂ ਵਾਂਗੂੰ ਉਮੰਡ ਆਏ। ਇਕ ਭਾਰੀ ਫੌਜ ਇਕੱਤਰ ਹੋ ਗਈ। ਗੁਰਮਤਾ ਹੋ ਕੇ ਆਦੀਨਾ ਬੇਗ ਨਾਲ ਸ਼ਰਤਾਂ ਦਾ ਫੈਸਲਾ ਹੋਇਆ ਤੇ ਖਾਲਸੇ ਦੇ ਜੱਥੇਦਾਰ ਨਵਾਬ ਸਾਹਿਬ ਕਪੂਰ ਸਿੰਘ ਜੀ ਇਸ ਜੰਗ ਦੀ ਸਰਕਰਦਗੀ ਕਰਨੇ ਲਈ ਤੁਰਕੀ ਤੇ ਸਿੰਘ, ਦੁਹਾਂ ਦਲਾਂ ਪਰ ਥਾਪੇ ਗਏ। ਇਸ ਵੇਲੇ ਦੀ ਇਕ ਹਾਸੇ ਦੀ ਗੱਲ ਅੱਜ ਤੱਕ ਚਲੀ ਆਉਂਦੀ ਹੈ, ਉਹ ਇਹ ਹੈ ਕਿ ਆਦੀਨਾ ਬੇਗ ਦੇ ਮੁਸਲਮਾਨ ਸਿਪਾਹੀਆਂ ਤੇ ਨਾਸੁੱਰਦੀਨ ਦੀ ਮੁਸਲਮਾਨ ਸੈਨਾ ਦੀ ਪੁਸ਼ਾਕ ਨੀਲੀ ਜਿਹੀ ਇਕ ਰੰਗੀ ਸੀ, ਤਾਂ ਤੇ ਖਤਰਾ ਸੀ ਕਿ ਖਾਲਸਾ ਜੀ ਕਿਤੇ ਨਾਸੁਰੱਦੀਨ ਦੀ ਸੈਨਾ ਨਾਲ ਲੜਦੇ ਘਰ ਵਿਚ ਖਾਨਾ ਜੰਗੀ ਤੇ ਹੀ ਭੁਲੇਖੇ ਸਿਰ ਨਾ ਉਤਰ ਪੈਣ, ਇਸ ਕਰਕੇ ਜਥੇਦਾਰ ਨੇ ਹਰੇਕ ਮੁਸਲਮਾਨ ਨੂੰ ਹੁਕਮ ਦਿੱਤਾ ਕਿ ਆਪਣੀ ਦਸਤਾਰ ਵਿਚ ਕਣਕ ਦੇ ਸਿੱਟੇ ਕਸ ਕੇ ਬੰਨ੍ਹ ਲਵੋ, ਜੋ ਖਾਲਸਾ ਜੀ ਆਪਣੇ ਵਲਦਿਆਂ ਨੂੰ ਪਛਾਣ ਸਕਣ। ਨਵਾਬ ਸਾਹਿਬ ਨੇ ਸ਼ੁਰੂ ਕਰਨ ਲਈ ਆਪਣੀ ਹੱਥੀਂ ਕੁਛ ਸਿੱਟੇ ਆਦੀਨਾ ਬੇਗ ਦੀ ਪੱਗ ਵਿਚ ਅੜੁੰਬ ਦਿੱਤੇ। ਆਖਦੇ ਹਨ ਕਿ ਆਦੀਨਾ ਬੇਗ ਨੇ ਇਸ ਗੱਲ ਨੂੰ ਆਪਣੀ ਫਤੇ ਦਾ ਸ਼ਗਨ ਸਮਝ ਕੇ ਸ਼ੁਕਰੀਆਂ ਕੀਤਾ, ਪਰੰਤੂ ਇਸ ਨਿਸ਼ਾਨ ਨੇ ਵੈਰੀ ਨੂੰ ਬੀ ਲਾਭ ਪਹੁੰਚਾਇਆ। ਘੋਰ ਜੁੱਧ ਸ਼ੁਰੂ ਹੋ ਗਿਆ, ਸਿੱਖਾਂ ਦੇ ਹਮਲੇ ਦੀ ਤੁੰਦੀ ਤੇ ਕੌਮੀ ਜੋਸ਼ ਅਰ ਬੇਗੁਨਾਹਾਂ ਦੇ ਕਤਲ ਹੋਣ ਤੇ ਗੁਰਦੁਆਰਿਆਂ ਦੀ ਬੇਅਬਦੀ ਦਾ ਗੁੱਸਾ ਕਟਕ ਕੇ ਸਿਰਾਂ ਨੂੰ ਜਾ ਚੜ੍ਹਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਇਕ ਦਸਤਾ ਫੌਜ ਦਾ ਲੈ ਕੇ ਸੱਜੇ ਪਰ੍ਹੇ ਪਰ ਇਸ ਜ਼ੋਰ ਨਾਲ ਜਾ ਕੇ ਪਏ ਕਿ ਚਲਦੀਆਂ ਤੋਪਾਂ ਦੇ ਸਿਰ ਤੇ ਪਹੁੰਚ ਕੇ ਮੂੰਹ ਬੰਦ ਕਰ ਦਿੱਤੇ ਅਰ। ਸ਼ਮਸ਼ੇਰ ਖਾਂ ਸੈਨਾਪਤ ਦਾ ਸਿਰ ਉਡਾ ਦਿੱਤਾ। ਦੂਸਰੇ ਪਾਸੇ

ਸੱਯਦ ਖੈਰਸ਼ਾਹ, ਸਰਦਾਰ ਕਰਮ ਸਿੰਘ ਜੀ ਪੰਜ ਗੜ੍ਹੀਏ ਦੇ ਹੱਥੋਂ ਕਤਲ ਹੋ ਗਿਆ। ਜਦ ਦੋ ਵੱਡੇ ਸਰਦਾਰ ਗਾਜਰਾਂ ਦੀ ਤਰ੍ਹਾਂ ਕੱਟੇ ਗਏ ਤਦ ਕੀਹ ਸੀ? ਨਾਸਰੁੱਦੀਨ ਦੀ ਫੌਜ ਉੱਠ ਨੱਸੀ। ਸ਼ੇਖ ਸ਼ਹਿਰ ਜਲੰਧਰ ਵਿਚ ਜਾ ਵੜੇ ਤੇ ਪਲੋ ਪਲੀ ਵਿਚ ਕਬਜ਼ਾ ਕਰ ਲਿਆ। ਇਸ ਵੇਲੇ ਨਾਸਰੁੱਦੀਨ ਬੀ ਇਕ ਦਸਤੇ ਦੇ ਹੱਥ ਆ ਗਿਆ। ਗੁਰਦੁਆਰਾ ਸਾੜਨ ਦੇ ਜ਼ੁਰਮ ਵਿਚ ਉਸਨੂੰ ਆਪਣੀ ਜਾਨ ਦੇਣੀ ਪਈ। ਆਦੀਨਾ ਬੇਗ ਨੇ ਇਸ ਵੇਲੇ ਪੰਜ ਹਜ਼ਾਰ ਦਾ ਕੜਾਹ ਪ੍ਰਸ਼ਾਦ ਕਰਵਾਕੇ ਖੁਸ਼ੀ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੇਟ ਕੀਤਾ ਅਤੇ ਕੁਛ ਹਜ਼ਾਰ ਰੁਪਿਆ ਗੁਰਦੁਆਰੇ ਦੀ ਮੁਰੰਮਤ ਵਾਸਤੇ ਨਜ਼ਰ ਕੀਤਾ, ਜੋ ਖਾਲਸੇ ਨੇ ਦਿਨਾਂ ਵਿਚ ਹੀ ਫੇਰ ਬਣਾ ਲਿਆ, ਆਦੀਨਾ ਬੇਗ ਨੇ ਇਸ ਮੰਦਰ ਨਾਮ ਜਾਗੀਰ ਲਾਈ, ਜਿਸ ਦਾ ਕੁਛ ਹਿੱਸਾ ਅੱਜ ਤੱਕ ਮੰਦਰ ਦੇ ਨਾਮ ਟੁਰਿਆ ਆਉਂਦਾ ਹੈ। ਜਿਨ੍ਹਾਂ ਜਿਨ੍ਹਾਂ ਸਿੱਖਾਂ ਦੇ ਘਰ ਬਾਰ ਬਰਬਾਦ ਹੋਏ ਸੋ ਆਦੀਨਾ ਬੇਗ ਨੇ ਸਭ ਦੇ ਨੁਕਸਾਨ ਭਰ ਦਿੱਤੇ ਤੇ ਖਾਲਸੇ ਨਾਲ ਮੇਲ ਵਧਾ ਲਿਆ।

ਅਹਿਮਦਸ਼ਾਹ ਤਾਂ ਕਾਹਲੀ ਦਾ ਮਾਰਿਆ ਕੰਧਾਰ ਨੂੰ ਟੁਰ ਗਿਆ ਸੀ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਸੂਬਾ ਥਾਪ ਗਿਆ ਸੀ ਤੇ ਜਹਾਂ ਖਾਂ ਨੂੰ ਉਸਦਾ ਵਜ਼ੀਰ ਅਤੇ ਪੁੱਤ ਨੂੰ ਕਹਿ ਗਿਆ ਸੀ ਕਿ ਸਿੱਖਾਂ ਨੂੰ ਦੰਡ ਦੇਣਾ। ਸੋ ਤੈਮੂਰ ਨੇ ਸਿੱਖਾਂ ਤੇ ਸਖਤੀ ਸ਼ੁਰੂ ਕੀਤੀ, ਪਰ ਸਿੱਖ ਕਦ ਦਾਉ ਹੇਠ ਆਉਂਦੇ ਸੀ। ਵੱਸਦਾ ਪੰਜਾਬ ਫੇਰ ਖਾਲੀ ਹੋ ਗਿਆ ਅਰ ਖਾਲਸਾ ਜੀ ਬਨਾਂ ਤੇ ਬਾਰਾਂ ਵਿਚ ਜਾ ਵਘੇ।

ਸ਼ਾਹਜ਼ਾਦਾ ਤੈਮੂਰ ਨੂੰ ਇਕ ਦਿਨ ਆਪਣੇ ਦੇਸ਼ ਤੋਂ ਪਾਤਸ਼ਾਹੀ ਖਤਾਂ ਵਿਚ ਇਕ ਨਿਜ ਦਾ ਰੁੱਕਾ ਆਇਆ, ਜਿਸ ਵਿਚ ਸਤਵੰਤ ਕੌਰ ਦੇ ਪਿੰਡ ਦਾ ਪਤਾ ਲਿਖਿਆ ਸੀ ਅਰ ਇਹ ਹੁਕਮ ਸੀ ਕਿ ਉਸ ਪਿੰਡ ਤੋਂ ਪਤਾ ਕਰੋ ਕਿ ਹਿੰਮਤ ਸਿੰਘ ਦੀ ਲੜਕੀ ਜੋ ਮੀਰ ਜਾਫਰ ਦਾਉ ਨਾਲ ਕੈਦ ਕਰਕੇ ਲੈ ਆਇਆ ਸੀ, ਮੁੜ ਕੇ ਘਰ ਪਹੁੰਚ ਗਈ ਹੈ ਕਿ ਨਹੀਂ। ਜੇ ਪਹੁੰਚ ਗਈ ਹੋਵੇ ਤਾਂ ਕੈਦ ਕਰਕੇ ਕਾਬਲ ਵਾਪਸ ਭੇਜੀ ਜਾਵੇ ਤੇ ਜੇ ਨਾ ਪਹੁੰਚੀ ਹੋਵੇ ਤਾਂ ਕਿਸੇ ਨਾਲ ਕੋਈ ਸਖਤੀ ਨਰਮੀ ਨਾ ਕੀਤੀ ਜਾਵੇ। ਪੁੱਛ ਗਿੱਛ ਵੀ ਚੁੱਪ ਚਾਪ ਹੋਵੇ, ਆਮ ਤੌਰ ਤੇ ਨਾ ਹੋਵੇ। ਤੈਮੂਰਸ਼ਾਹ ਨੇ ਇਸ ਕੰਮ ਪਰ ਆਪਣੇ ਇਕ ਇਤਬਾਰੀ ਆਦਮੀ ਨੂੰ ਲਗਾਇਆ, ਜੋ ਆਪਣਾ ਪ੍ਰਬੰਧ ਕਰਕੇ ਟੁਰ ਗਿਆ। ਦੋ ਇਕ ਜ਼ਨਾਨੀਆਂ ਨੇ ਪਿੰਡ ਵਿਚ ਜਾ ਕੇ ਚੁੱਪ ਚੁਪਾਤੇ ਪਤੇ ਕੀਤੇ ਤਾਂ ਇਤਨਾ ਪਤਾ ਲੱਗਾ ਕਿ ਇਸ ਨਾਮ ਦੀ ਇਕ ਅਤਿ ਨੇਕ ਧਰਮਾਤਮਾ ਤੇ ਦੇਵੀ ਕੰਨਿਆਂ ਇਕ ਕਾਬਲੀ ਸਰਦਾਰ ਨੇਕੀ ਦੇ ਬਦਲੇ ਬਦੀ ਕਰਦਾ ਹੋਇਆ ਕੈਦ ਕਰਕੇ ਲੈ ਗਿਆ ਸੀ, ਪਰ ਉਸ ਦੇ ਮਾਂ ਬਾਪ ਨੂੰ ਮੁੜ ਕੇ ਕੁਛ ਸੁੱਧ ਨਹੀਂ ਆਈ ਕਿ ਲੜਕੀ ਦਾ ਕੀ ਹੋਇਆ।

ਭਾਵੇਂ ਜਨਾਨੀਆਂ ਨੇ ਸ਼ਹਿਰ ਤੋਂ ਹਾਲ ਚੁੱਲ ਚਪਾਤੇ ਕੱਢਿਆ, ਪਰ ਬਸੰਤ ਕੌਰ ਨੂੰ ਪਤਾ ਲੱਗ ਗਿਆ ਸੀ ਕਿ ਸਤਵੰਤ ਕੌਰ ਦੀ ਪੁੱਛ-ਗਿੱਛ ਹੋ ਰਹੀ ਹੈ, ਮਾਂ ਦੀ ਮਮਤਾ ਕਦ ਅਟਕਣ ਦਿੰਦੀ ਹੈ? ਥਹੁ ਥਿੱਤਾ ਲੈਂਦੀ ਉਨ੍ਹਾਂ ਸੂਹੀਆਂ ਤ੍ਰੀਮਤਾਂ ਨੂੰ ਜਾ ਹੀ ਮਿਲੀ ਅਰ ਇਸ ਤਰ੍ਹਾਂ ਨਾਲ ਧੀ ਦੇ ਹਾਲਾਤ ਕਹੇ ਕਿ ਉਹ ਪੱਥਰ ਬੀ ਮੋਮ ਹੋ ਗਈਆਂ। ਵਿਸ਼ੇਸ਼ ਪਤਾ ਤਾਂ ਉਨ੍ਹਾਂ ਨੂੰ ਬੀ ਕੁਛ ਨਹੀਂ ਸੀ, ਪਰ ਇੰਨਾ ਬਸੰਤ ਕੌਰ ਥਹੁ ਲੈ ਆਈ ਸੀ ਕਿ ਕਾਬਲ ਤੋਂ ਇਹ ਪੁੱਛ ਕੀਤੀ ਗਈ ਹੈ ਕਿ ਕਾਕੀ ਘਰ ਪਹੁੰਚੀ ਹੈ ਕਿ ਨਹੀਂ?

ਹੁਣ ਘਰ ਵਿਚ ਵਿਚਾਰ ਸ਼ੁਰੂ ਹੋਈ, ਸਭਨਾਂ ਨੇ ਇਹ ਸਿੱਟਾ ਕੱਢਿਆ ਕਿ ਸਤਵੰਤ ਕੌਰ ਉਥੇ ਜ਼ਰੂਰ ਕਿਸੇ ਵੱਡੇ ਆਦਮੀ ਦੇ ਹੱਥ ਚੜ੍ਹੀ ਹੈ, ਨਹੀਂ ਤਾਂ ਇਤਨੀ ਭਾਲ ਕਿਕੂੰ ਹੋਣੀ ਸੀ ਤੇ ਇਹ ਜੋ ਭਾਲ ਹੋ ਰਹੀ ਹੈ, ਇਸ ਦਾ ਸਾਫ ਮਤਲਬ ਹੈ ਕਿ ਉਹ ਆਪਣੀ ਬੰਦੀ ਵਿਚੋਂ ਨੱਸ ਟੁਰੀ ਹੈ। ਉਸ ਦਾ ਨੱਸ ਟੁਰਨਾ ਦੱਸਦਾ ਹੈ ਕਿ ਉਸਦਾ ਧਰਮ ਕਾਇਮ ਹੈ ਅਰ ਉਸਨੂੰ ਆਪਣੇ ਘਰ ਪਹੁੰਚਣ ਦੀ ਸਿੱਕ ਹੈ। ਉਸ ਧਰਮ ਪਿਆਰੀ ਮਾਂ ਨੂੰ ਅੱਜ ਇੱਕ ਠੰਢ ਤਾਂ ਪੈ ਗਈ ਕਿ ਮੇਰੀ ਪਿਆਰੀ ਆਪਣੇ ਧਰਮ ਵਿਚ ਹਰੀ ਕਾਇਮ ਹੈ। ਦੁਖ ਚਾਹੇ ਪਾਉਂਦੀ ਹੋਵੇ, ਪਰ ਧਰਮ ਰੱਖਿਆ ਲਈ ਯਤਨ ਕਰ ਰਹੀ ਹੈ, ਮਾਂ ਦੀਆਂ ਆਂਦਰਾਂ ਦਾ ਸੰਸਾਰੀ ਹਿੱਸਾ ਤਾਂ ਤੜਫਨੀ ਵਿਚ ਹੈ, ਪਰ ਵੱਡੀ ਤੜਫਨੀ ਜੋ ਧਰਮ ਦੀ ਆਨ ਨੂੰ ਵੱਜਦੀ ਸੀ, ਦੂਰ ਹੋ ਗਈ, ਕਿਉਂਕਿ ਇਹ ਨਿਸ਼ਚਾ ਬਹੁਤ ਸੁਖਦਾਈ ਸੀ ਕਿ ਜੋ ਕਾਬਲੋਂ ਉੱਠ ਨੱਸੀ ਹੈ ਅਰ ਫੇਰ ਹੱਥ ਨਹੀਂ ਆਈ, ਜੇ ਕਦੇ ਫਸ ਬੀ ਗਈ ਤਾਂ ਜਾਨ ਪਰ ਖੇਡੇਗੀ, ਧਰਮ ਪਰ ਕਦੇ ਨਹੀਂ ਖੇਡੇਗੀ। ਅੱਜ ਬਸੰਤ ਕੌਰ ਦੇ ਘਰ ਕੀਰਨੇ ਨਹੀਂ ਪਏ, ਪੱਲੇ ਨਹੀਂ ਪਾਏ ਗਏ, ਸਹੇਲੀਆਂ ਤੇ ਸਾਕਾਂ ਦੀਆਂ ਤ੍ਰੀਮਤਾਂ ਵੈਣ ਪਾਉਣ ਨਹੀਂ ਆਈਆਂ, ਪਰਚਾਉਣੀ ਤੇ ਜਣਾਉਣੀ ਨਹੀਂ ਹੋਈ। ਅੱਜ ਖੁਸ਼ੀ ਮਨਾਈ ਗਈ ਹੈ, ਅਰਦਾਸਾ ਸੋਧਿਆ ਗਿਆ ਹੈ, ਸ਼ੁਕਰ ਕੀਤਾ ਗਿਆ ਹੈ। ਲੋਹੇ ਦੀ ਖਾਣ ਵਿਚ ਇਸ ਗੱਲ ਦੀ ਖੁਸ਼ੀ ਹੋਈ ਹੈ ਕਿ ਖਾਣ ਤੋਂ ਵਿਛੜੇ ਲੋਹੇ ਨੇ ਆਪਣੀ ਲੋਹਸਾਰੀ ਕਰੜਾਈ ਨਹੀਂ ਛੱਡੀ। ਜਿੱਥੇ-ਜਿੱਥੇ ਸਿੱਖਾਂ ਵਿਚ ਖਬਰ ਹੁੰਦੀ ਹੈ, ਵਧਾਈ ਆਉਂਦੀ ਹੈ, ਅਰ ਹਰ ਸਿੱਖ ਸੁਣਦੇ ਸਾਰ ਹੱਥ ਜੋੜ ਕੇ ਉੱਠ ਖੜੋਂਦਾ ਤੇ ਸ਼ੁਕਰੀਆਂ ਕਰਦਾ ਹੈ ਕਿ ਹੇ ਵਾਹਿਗੁਰੂ! ਤੂੰ ਧੰਨ ਹੈਂ ਜੋ ਸਾਡੇ ਬੱਚਿਆਂ ਦਾ ਬਾਟ ਘਾਟ, ਦੁਖ ਸੁਖ, ਦੁਸ਼ਮਣਾਂ ਦੇ ਘੂਰਿਆਂ ਵਿਚ ਬੀ ਸਹਾਈ ਹੋ ਰਿਹਾ ਹੈਂ। ਫੇਰ ਅਰਦਾਸਾ ਸੋਧਿਆ ਜਾਂਦਾ ਹੈ ਕਿ ਹੇ ਗੁਰੂ ਜੀ! ਪਿਆਰੀ ਦੀ ਸਹਾਇਤਾ ਕਰੋ, ਉਸਦੇ ਰਸਤੇ ਦੇ ਆਗੂ ਹੋਵੋ ਅਰ ਬਚਾ ਕੇ ਘਰੀਂ ਲਿਆਓ, ਜਹਾਂ-ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ। ਇਹ ਅਰਦਾਸਾ ਉਨ੍ਹਾਂ ਸਮਿਆਂ ਦਾ ਸਿੱਖਾਂ ਦਾ ਜੀਉਂਦਾ ਇਤਿਹਾਸ ਹੈ।

ਲਾਹੌਰ ਦੇ ਤਖਤ ਤੇ ਬੈਠ ਤੈਮੂਰ ਸ਼ਾਹ ਆਦੀਨਾ ਬੇਗ ਨੂੰ ਆਪਣੇ ਤਾਬੇ ਪੱਕੀ ਤਰ੍ਹਾਂ ਕਰਨ ਦੇ ਫਿਕਰ ਵਿਚ ਸੀ। ਇਕ ਵੇਰ ਬਹਾਨਾ ਪਾ ਕੇ ਸ਼ਾਹਜ਼ਾਦੇ ਨੇ ਆਦੀਨਾ ਬੇਗ ਨੂੰ ਕਿਸੇ ਮਸ਼ਵਰੇ ਲਈ ਲਾਹੌਰ ਸੱਦ ਭੇਜਿਆ। ਉਸ ਨੇ ਉਤਰ ਦਿੱਤਾ ਕਿ ਮੇਰੇ ਇਲਾਕੇ ਵਿਚ ਸਿੱਖਾਂ ਨੇ ਫਸਾਦ ਪਾ ਰੱਖਿਆ ਹੈ, ਮੈਂ ਇਸ ਕਰਕੇ ਅਜੇ ਨਹੀਂ ਆ ਸਕਦਾ। ਇਸ ਪਰ ਸ਼ਾਹਜ਼ਾਦੇ ਨੇ ਨੀਤੀ ਤੋਂ ਮੰਮ ਨਾ ਲਿਆ, ਪਠਾਣੀ ਗੁੱਸੇ ਵਿਚ ਆ ਕੇ ਉਸਦੇ ਫੜਨੇ ਲਈ ਫੌਜ ਭੇਜ ਦਿੱਤੀ। ਅੱਗੇ ਆਦੀਨਾ ਬੇਗ ਸੀ, ਜਿਸ ਦੀਆਂ ਚਾਲਾਂ ਦਾ ਜਾਣੂੰ ਨਿਰਾ ਇਕੋ ਉਹੋ ਆਪ ਸੀ। ਜਦ ਲਾਹੌਰ ਦੀ ਫੌਜ ਜਲੰਧਰ ਪਹੁੰਚੀ ਤਦੋਂ ਆਦੀਨਾ ਬੇਗ (ਲਤੀਫ ਲਿਖਦਾ ਹੈ

ਕਿ) ਸਿੱਖ ਸੈਨਾ ਲੈ ਕੇ ਉਸ ਨਾਲ ਲੜਿਆ ਤੇ ਉਹ ਹਾਰ ਖਾ ਕੇ ਵਟਾਲੇ ਨੂੰ ਮੁੜ ਗਈ। ਹਾਰ ਦਾ ਹਾਲ ਸੁਣ ਕੇ ਜਹਾਂ ਖਾਂ ਆਪ ਦੁਆਬੇ ਵੱਲ ਵਧਿਆ ਤੇ ਆਪ ਵਟਾਲੇ ਅੱਪੜ ਕੇ ਉਸ ਨੇ ਮੁਰਾਦ ਖਾਂ ਨੂੰ ਜੋ ਹਾਰ ਖਾ ਕੇ ਜਲੰਧਰ ਤੋਂ ਮੁੜਿਆ ਸੀ, ਮਰਵਾ ਦਿੱਤਾ, ਇਸ ਸ਼ੁਭੇ ਵਿਚ ਕਿ ਉਹ ਆਦੀਨਾ ਬੇਗ ਨਾਲ ਰਲ ਗਿਆ ਸੀ। ਲਾਹੌਰੋਂ ਵੱਡੀ ਸੈਨਾ ਦੀ ਖਬਰ ਪਾ ਕੇ ਆਦੀਨਾ ਬੇਗ ਪਹਾੜਾਂ ਨੂੰ ਫੇਰ ਨੱਸ ਗਿਆ। ਹੁਣ ਜਹਾਂ ਖਾਂ ਤੇ ਸ਼ਾਹਜ਼ਾਦਾ ਤੈਮੂਰ ਸਿੱਖਾਂ ਦੇ ਮਗਰ ਪੈ ਗਏ ਤੇ ਰਾਮਰੌਣੀ ਤੇ ਹਮਲਾ ਕਰ ਦਿੱਤਾ। ਰਾਮਰੌਣੀ ਢਾਹ ਦਿੱਤੀ ਤੇ ਗੁਰਦੁਆਰਿਆਂ ਦੀ ਬੇਅਦਬੀ ਵੀ ਕੀਤੀ। ਇਹ ਖਬਰ ਸੁਣ ਕੇ ਖਾਲਸਾ ਚਾਰ ਚੁਫੇਰਿਓਂ ਉਮੰਡ ਆਇਆ। ਖੂਬ ਜੰਗ ਹੋਏ। ਪੰਜਾਬ ਵਿਚ ਤੜਥੱਲ ਮੱਚ ਗਿਆ। ਹਾਲ ਲੰਮੇ ਹਨ, ਪਰ ਸੰਖੇਪ ਗੱਲ ਇਹ ਹੈ ਕਿ ਸਿੱਖਾਂ ਦਾ ਹੱਥ ਉੱਚਾ ਰਿਹਾ ਤੇ ਲਤੀਫ ਲਿਖਦਾ ਹੈ ਕਿ ਪਹਿਲੀ ਪੂਰੀ ਫਤੇ ਸਿੱਖਾਂ ਨੂੰ ਇਸ ਸਮੇਂ ਹੋਈ। 1758 ਈ. (1715 ਬਿ:) ਦੇ ਅੱਧ ਦੇ ਲਗਭਗ ਤੈਮੂਰ ਸ਼ਾਹ ਤੇ ਜਹਾਂ ਖਾਂ ਚੁਪਾਤੇ ਲਾਹੌਰ ਖਾਲੀ ਕਰਕੇ ਅਹਿਮਦਸ਼ਾਹ ਪਾਸ ਟੁਰ ਗਏ। ਸਿੱਖਾਂ ਦੀ ਕਾਮਯਾਬੀ ਨਾਲ ਦੁਖ ਕੇ ਆਦੀਨਾ ਬੇਗ ਨੇ ਹੁਣ ਮਰਹੱਟੇ ਪੰਜਾਬ ਵਿਚ ਬੁਲਾਏ।

ਦੱਖਣ ਤੇ ਹਿੰਦੋਸਤਾਨ ਦੇ ਹਰ ਇਲਾਕੇ ਵਿਚ ਮਰਹੱਟਿਆਂ ਦਾ ਜ਼ੋਰ ਫੈਲ ਰਿਹਾ ਸੀ, ਇਨ੍ਹਾਂ ਵੱਲ ਆਦੀਨਾ ਬੇਗ ਨੇ ਇਕ ਏਲਚੀ ਭੇਜਿਆ ਕਿ ਤੁਸੀਂ ਕਿੱਧਰ ਭੁੱਲੇ ਫਿਰ ਰਹੇ ਹੋ, ਪੰਜਾਬ ਸੁੰਞਾ ਪਿਆ ਹੈ, ਕੋਈ ਮਾਲਕ ਨਹੀਂ ਹੈ ਇੱਧਰ ਮੁਹਾਰਾਂ ਮੋੜੋ ਅਰ ਆ ਕੇ ਦੇਸ਼ ਨੂੰ ਸਾਂਭ ਲਵੋ, ਮੈਂ ਮਦਦ ਲਈ ਤਿਆਰ ਹਾਂ। ਸਗੋਂ ਜਿਸ ਦਿਨ ਤੁਸੀਂ ਸਤਿਲੁਜ ਟੱਪੋ ਲਾਹੌਰ ਤੋੜੀ ਲੱਖ ਰੁਪਿਆ ਪੜਾ ਲਓ, ਦੇਸ਼ ਫਤਹ ਕਰੋ। ਮੈਨੂੰ ਲਾਲਚ ਏਨਾਂ ਹੈ ਕਿ ਜਲੰਧਰ ਦੀ ਸੂਬੇਦਾਰੀ ਮੇਰੀ ਨਾ ਖੋਹੀ ਜਾਵੇ। ਜਦ ਇਹ ਖਬਰ ਪਹੁੰਚੀ ਤਦੋਂ ਮਰਹੱਟੇ ਇੱਧਰ ਝੁਕੇ। ਮਲਹਾਰ ਰਾਓ ਤੇ ਰਾਘੋ ਰਾਏ ਆਦਿਕ ਸਰਦਾਰ ਆਪਣੇ ਤਾਬੇ ਬਹੁਤੀ ਫੌਜ ਤੇ ਤੋਪਖਾਨਾ ਲੈ ਕੇ ਪੰਜਾਬ ਵਲ ਟੁਰੇ। ਸੰਮਤ 1813-14 ਵਿਚ ਸਰਹਿੰਦ ਦੇ ਨਵਾਬ ਬਾਲ ਮੁਕਾਬਲਾ ਪਿਆ, ਇਧਰੋਂ ਅਦੀਨਾ ਬੇਗ ਤੇ ਸਿੱਖ ਪਹੁੰਚ ਪਏ। ਇਹ ਗੱਲ ਅਨਹੋਣੀ ਸੀ ਕਿ ਸਰਹਿੰਦ ਉਤੇ ਹਮਲਾ ਹੋਵੇ ਤੇ ਸਿਖ ਅੜਕਣ, ਵਗਦੀ ਅੱਗ ਵਿਚ ਪੌੜੀਆਂ ਲਾ ਕੇ ਸ਼ਹਿਰ ਦੀ ਫਸੀਲ ਤੇ ਜਾ ਚੜ੍ਹੇ ਤੇ ਸੀਨਾਜ਼ੋਰੀ ਨਾਲ ਅੰਦਰ ਕੁੱਦ ਪਏ, ਦੇਖਦੇ-ਦੇਖਦੇ ਸ਼ਹਿਰ ਸਰ ਹੋ ਗਿਆ। ਹੰਕਾਰੀ ਮਰਹੱਟੇ ਸਿੱਖਾਂ ਦੀ ਇਹ ਬਹਾਦਰੀ ਦੇਖ ਕੇ ਹੈਰਾਨ ਹੋ ਗਏ, ਸਰਹਿੰਦ ਹੱਥ ਆ ਗਿਆ, ਮਰਹੱਟਿਆਂ ਨੇ ਕਬਜ਼ਾ ਕਰਕੇ ਸਰੀਕ ਬੇਗ ਖਾਂ ਨੂੰ ਹਾਕਮ ਥਾਪਿਆ ਤੇ ਅੱਗੇ ਟੁਰੇ। ਖੰਨੇ ਕੋਲ ਜਦ ਪਹੁੰਚੇ ਤਦ ਮਰਹੱਟੇ ਇਕ ਮੂਰਖਤਾ ਵਿਚ ਆ ਗਏ। ਜੇ ਕਦੇ ਇਸ ਵੇਲੇ ਮਰਹੱਟੇ ਅਰ ਸਿੱਖ ਇੱਕ ਜਾਨ ਹੋ ਜਾਂਦੇ ਤਾਂ ਸਾਰਾ ਦੇਸ਼ ਇਨ੍ਹਾਂ ਦੋਹਾਂ ਤਾਕਤਾਂ ਦੇ ਹੱਥ ਆ ਜਾਂਦਾ ਅਰ ਹਿੰਦੋਸਤਾਨ ਇਕ ਵੇਰ ਤਾਂ ਹਿੰਦੀ ਹਿੰਦ ਹੋ ਕੇ ਆਜ਼ਾਦੀ ਦਾ ਪੰਘੂੜਾ ਝੂਟ ਲੈਂਦਾ, ਪਰ ਮਰਹੱਟਿਆਂ ਨੇ ਸਰਹਿੰਦ ਦੇ ਖਜ਼ਾਨੇ ਤੇ ਸ਼ੀਹਰ ਦੀ ਲੁੱਟ ਦਾ ਮਾਲ ਸਿੱਖਾਂ ਤੋਂ ਵਾਪਸ ਮੰਗਿਆ, ਜਦ ਉਨ੍ਹਾਂ ਨਾਂਹ ਕੀਤੀ ਤੇ ਦੱਸਿਆ ਕਿ ਅਸਾਂ ਜੋ ਕੁਛ ਲਿਆ ਹੈ ਇਹ ਅਦੀਨਾ ਬੇਗ ਨਾਲ ਸਾਡੀ ਸ਼ਰਤ ਸੀ ਅਰ ਅਸਾਂ ਇਸ ਮਾਲ ਨਾਲ ਦੇਸ਼ ਦੇ ਵੈਰਾਨ ਹੋ ਗਏ ਗਰੀਬਾਂ ਤੇ ਮਜ਼ਲੂਮ ਸਿੱਖਾਂ ਨੂੰ ਪਾਲਣਾ ਹੈ ਅਰ ਆਪਣੀ ਜੰਗੀ ਤਾਕਤ ਦੇ ਸਾਮਾਨ ਖਰੀਦਣੇ ਹਨ, ਅਸੀਂ ਕਦੇ ਇਹ ਨਹੀਂ ਮੋੜਾਂਗੇ। ਇਹ ਝਗੜਾ ਉਸ ਪਿੰਡ ਹੋ ਰਿਹਾ ਹੈ, ਜਿਥੇ ਗਰੀਬ ਸਤਵੰਤ ਕੌਰ ਨੇ ਜਨਮ ਧਾਰਿਆ ਸੀ, ਜਿੱਥੋਂ ਦੀ ਮਿੱਟੀ ਨੇ ਉਸ ਦੀ ਕਾਯਾਂ ਡੌਲੀ ਸੀ, ਜਿੱਥੋਂ ਦੇ ਪਾਣੀ ਤੇ ਪੌਣ ਨੇ ਉਸਨੂੰ ਖਿਡਾਇਆ ਸੀ। ਖਾਲਸੇ ਦੇ ਦਲ ਇਥੇ ਉਤਰੇ ਪਏ ਸੇ, ਸਤਿਸੰਗ ਲਗ ਰਿਹਾ ਸੀ, ਸਿੱਖ ਹਿੰਦੂ ਸਭ ਖੁਸ਼ ਸੇ ਕਿ ਹੁਣ ਇਹ ਦੋ ਤਾਕਤਾਂ, ਜੋ ਪਛਮੋਤਰ ਨੂੰ ਚੱਲੀਆਂ ਹਨ, ਸਦਾ ਲਈ ਕਾਬਲ ਦਾ ਕਿਲਾ ਪੁੱਟ ਕੇ ਦਰਾ ਖੈਬਰ ਦੀ ਧੌਣ ਤੋੜ ਆਉਣਗੀਆਂ, ਪਰ ਅਭਾਗੇ ਦੇਸ਼ ਦੇ ਅਭਾਗੇ ਲੱਛਣ, ਐਨ ਦੀਵਾਨ ਸਜੇ ਵਿਚ ਖਬਰ ਆਈ ਕਿ ਰਾਘੋ ਰਾਉ ਫੌਜ ਲਈ ਸਿੱਖਾਂ ਨੂੰ ਮਾਰਨ ਆ ਰਿਹਾ ਹੈ। ਭੋਗ ਪਾਉਂਦੇ ਹੀ ਖਾਲਸਾ ਜੀ ਉੱਠ ਤੁਰੇ, ਖਾਲੀ ਤੰਬੂ ਤੇ ਸਾਏਬਾਨ ਪਿਛੋਂ ਰਹਿ ਗਏ ਜਿਨ੍ਹਾਂ ਪਰ ਰਾਘੋ ਨੇ ਆ ਕੇ ਧਾਵਾ ਕੀਤਾ ਤੇ ਸ਼ਹਮ ਉਠਾਈ। ਖਾਲਸਾ ਜੀ ਪੈਰ ਉਠਾਉਂਦਾ ਸਿੱਧਾ ਅੰਮ੍ਰਿਤਸਰ ਨੂੰ ਹੋਇਆ ਤੇ ਉੱਥੇ ਗੁਰਮਤੇ ਲਈ ਸਾਹ ਲੀਤਾ। ਦੇਸ਼ ਸਾਰੇ ਸੱਦੇ ਫਿਟ ਗਏ ਕਿ ਇਕ ਭਾਰੇ ਗੁਰਮਤੇ ਲਈ ਪ੍ਰਬੰਧ ਹੋਯਾ ਹੈ ਕਿ ਪੰਥ ਨੇ ਮਰਹੱਟਿਆਂ ਨਾਲ ਕੀਕੂੰ ਵਰਤਣਾ ਹੈ।

ਹੁਣ ਮਰਹੱਟੇ ਸਤਲੁਜ ਪਾਰ ਹੋ ਆਏ, ਸਰਹਿੰਦ ਸਰ ਕਰ ਆਏ ਸਨ, ਦੁਆਬੇ ਨੇ ਤਾਂ ਉਸਨੂੰ ਨਿਉਂਦਰਿਆਂ ਹੀ ਸੀ। ਮਾਰੋ ਮਾਰ ਕਰਦੇ ਮਰਹੱਟੇ ਲਾਹੌਰ ਪਹੁੰਚ ਗਏ। ਪਿੱਛੇ ਦਸ ਆਏ ਹਾਂ ਕਿ ਤੈਮੂਰ ਸ਼ਾਹ ਨੱਸ ਚੁੱਕਾਂ ਸੀ, ਪਰ ਇਹ ਬੀ ਖਿਆਲ ਹੈ ਕਿ ਉਹ ਅਜੇ ਲਾਹੌਰ ਹੈਸੀ। ਕੱਚੀ ਸਰਾਂ ਦੇ ਕੋਲ ਤੈਮੂਰ ਸ਼ਾਹ ਨਾਲ ਮਰਹੱਟਿਆਂ ਦਾ ਟਾਕਰਾ ਹੋਇਆ। ਦੁਰਾਨੀ ਹਾਰ ਖਾ ਕੇ ਨੱਸੇ ਤੇ ਅਟਕ ਪਾਰ ਹੋ ਗਏ। ਤੈਮੂਰ ਸ਼ਾਹ ਦਾ ਮਾਲ ਮਤਾ ਸਾਰਾ ਮਰਹੱਟਿਆਂ ਨੇ ਸਾਂਭਿਆਂ। 75 ਲੱਖ ਰੁਪਿਆ ਸਾਲਾਨਾ ਨਜ਼ਰਾਨਾ ਲੈਣਾ ਕਰਕੇ ਇਨ੍ਹਾਂ ਨੇ ਆਦੀਨਾ ਬੇਗ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ ਅਤੇ ਖਾਜਾ ਮੀਰਜ਼ਾ ਨੂੰ ਆਦੀਨਾ ਬੇਗ ਦਾ ਨਾਇਬ ਥਾਪਿਆ। ਸ਼ਾਮ ਜੀ, ਰਾਮ ਜੀ ਦੇ ਮਰਹੱਟੇ ਸਰਦਾਰ ਮੁਲਤਾਨ ਤੇ ਪਹੁੰਚ ਕੇ ਹਾਕਮ ਬਣੇ। ਇਕ ਜ਼ਬਰਦਸਤ ਫੌਜ ਸਾਹਬੋ (ਯਾ ਸਾਹਿਬਾ ਪਤੇਲ) ਮਰਹੱਟੇ ਦੇ ਤਾਬਿਆ ਕਿਲ੍ਹੇ ਅਟਕ ਤੇ ਕਬਜ਼ਾ ਕਰਨ ਲਈ ਟੋਰੀ ਗਈ, ਰਸਤੇ ਵਿਚ ਕਿਤੇ ਲੰਮਾ ਟਾਕਰ ਨਹੀਂ ਹੋਇਆ। ਅਟਕ ਤੋਂ ਸਰਹਿੰਦ ਤੱਕ ਇਕ ਹੀ ਵਰ੍ਹੇ ਵਿਚ ਦੁਰਾਨੀ ਹੁਕਮ ਉਠ ਗਿਆ ਅਰ ਮਰਹੱਟੇ ਮਾਲਕ ਬਣ ਬੈਠੇ। ਪੰਜਾਬ, ਦੁੱਖਾਂ ਦੀ ਮਾਰੀ ਪੰਜਾਬ ਦਾ ਇਹ ਹਾਲ ਸੀ। ਪਰ ਕੀਹ ਸੱਚੀ ਮੁੱਚੀਂ ਪਿਛਲੇ ਸਾਲ ਦੁਰਾਨੀ ਤੇ ਅੱਜ ਮਰਹੱਟੇ ਮਾਲਕ ਸਨ? ਨਹੀਂ, ਇਹ ਤਾਂ ਹੜ੍ਹ ਦੀ ਤਰ੍ਹਾਂ ਕਾਗਾਂ ਆਈਆਂ, ਸਾਰੇ ਦੇਸ਼ ਨੂੰ ਡੋਬਿਆ ਤੇ ਗੁੰਮ। ਅਸਲੀ ਮਾਲਕੀ ਦੀਆਂ ਜੜ੍ਹਾਂ ਤੇ ਥਾਂ-ਥਾਂ ਸਿੱਖ ਫੈਲ ਰਹੇ ਸਨ, ਜੋ ਹੜ੍ਹ ਆਏ ਤੇ ਲਾਂਭੇ ਹੋ ਜਾਂਦੇ ਤੇ ਮਗਰੋਂ ਫੇਰ ਥਾਂ-ਥਾਂ ਦੇ ਮਾਲਕ ਤੇ ਹਾਕਮ ਬਣ ਜਾਂਦੇ ਸਨ।

ਖਾਲਸੇ ਦੇ ਇਸ ਗੁਰਮਤੇ ਦਾ ਜੋ ਅੰਮ੍ਰਿਤਸਰ ਹੋਇਆ ਸੀ, ਇਹ ਫੈਸਲਾ ਹੋਇਆ ਕਿ ਮਰਹੱਟਿਆਂ ਨਾਲ ਲੜਨਾ ਨਹੀਂ ਹੈ, ਮੇਲ ਕਰਨ ਤਾਂ ਕਰ ਲੈਣਾ ਹੈ, ਪਰ ਜੇ ਸ਼ਰਨ ਮੰਗਣ ਤਾਂ ਨਹੀਂ ਲੈਣੀ। ਆਕੜਨ, ਮੁਕਾਬਲਾ ਕਰਨ ਤਾਂ ਡਟ ਕੇ ਲੜਨਾ ਹੈ, ਬਹੂ

ਬਲ ਪੈ ਜਾਏ ਤਾਂ ਬਾਰ੍ਹਾਂ ਵਿਚ ਜਾ ਵੜਨਾ ਹੈ। ਇਸ ਫੈਸਲੇ ਪਰ ਸਿੱਖਾਂ ਦੇ ਦਲ ਥਾਂ-ਥਾਂ ਫੈਲ ਗਏ। ਆਦੀਨਾ ਬੇਗ ਨੇ ਮਰਹੱਟਿਆਂ ਦੀ ਸ਼ਹਿ ਸਮਝ ਕੇ ਖਾਲਸੇ ਨੂੰ ਅੱਖ ਦਿਖਾਈ। ਸੋ ਖਾਲਸੇ ਦੀ ਪਹਿਲੀ ਚੜ੍ਹਾਈ ਉਸ ਤੇ ਹੀ ਹੋਈ, ਜਿਸ ਵਿਚ ਆਦੀਨਾ ਬੇਗ ਨੇ ਸਿੱਖਾਂ ਤੋਂ ਉਹ ਉਲਰਵਾਂ ਧੱਪਾ ਦੋ ਹੀ ਘੰਟੇ ਵਿਚ ਖਾਧਾ ਤੇ ਵੀਹ ਹਜ਼ਾਰ ਜ਼ੁਰਮਾਨਾ ਦੇ ਕੇ ਸ਼ਰਨ ਮੰਨੀ ਤਾਂ ਖਹਿੜਾ ਛੁੱਟਾ। ਬਾਰਾਂ ਤੇ ਬਨ ਖਾਲਸੇ ਛੱਡ ਦਿੱਤੇ, ਥਾਂ ਤਾਂ ਕਬਜ਼ੇ ਜਮ੍ਹਾ ਲਏ ਤੇ ਲੱਗੇ ਰਾਜ ਕਰਨ। ਮੈਨਦਾਬ ਵਿਚ ਵੀ ਭਾਰੀ ਇਕੱਠ ਹੋ ਗਿਆ ਅਰ ਫੇਰ ਸਰਹਿੰਦ ਨਾਲ ਜੰਗ ਸ਼ੁਰੂ ਹੋ ਗਿਆ। ਇਸ ਜੰਗ ਵਿਚ ਤੋਪਾਂ ਦੇ ਸਾਮ੍ਹਣੇ ਖਾਲਸੇ ਨੇ ਪਾਰ ਹੋ ਜਾਣਾ ਸੀ ਕਿ ਆਨੰਦਪੁਰ ਦੇ ਪਹਾੜਾਂ ਤੋਂ ਪਹਾੜਾਂ ਵਿਚ ਲੁਕੇ ਵੀਰਾਂ ਦੇ ਜੱਥੇ ਕਟਕ ਦੀ ਤਰ੍ਹਾਂ ਆ ਉਤਰੇ। ਸਦੀਕ ਬੇਗ ਹਾਕਮ ਸਰਹਿੰਦ ਨੂੰ ਹਾਰ ਹੋਈ, ਉਸ ਨੇ ਸਿੱਖਾਂ ਦਾ ਸਾਰਾ ਨੁਕਸਾਨ ਭਰ ਕੇ ਦੋ ਲੱਖ ਰੁਪਿਆ ਦੇ ਕੇ ਸ਼ਰਨ ਮੰਨ ਕੇ ਸੁਲਹ ਕੀਤੀ ਤੇ ਫੇਰ ਰਾਜ ਕਰਨ ਲੱਗਾ। ਇਸ ਨਿਰਭੈਤਾ ਤੇ ਸੂਰਬੀਰਤਾ ਦੇ ਵਰਤਾਉ ਅੱਗੇ ਪੰਜਾਬ ਵਿਚ ਆਏ ਮਰਹੱਟੇ ਨਾ ਤਾਂ ਮੁਕਾਬਲਾ ਕਰਦੇ ਸਨ ਤੇ ਨਾ ਟੁਰਦੇ ਸਨ, ਚੰਗੇ-ਚੰਗੇ ਥਾਈਂ ਕਬਜ਼ੇ ਜਮਾਈਂ ਕੁਛ ਸੋਚਾਂ ਵਿਚ ਬੈਠੇ ਤੱਕਦੇ ਸਨ। ਸਿੱਖਾਂ ਦੀ ਦਲੇਰੀ ਐਥੋਂ ਤੱਕ ਸੀ ਕਿ ਲਾਹੌਰ ਦੀਆਂ ਕੰਧਾਂ ਕੀ ਬਜ਼ਾਰਾਂ ਤੱਕ ਵਿਚ ਆ ਕੇ ਆਪਣੇ ਖੂਨੀਆਂ ਨੂੰ ਫੜ ਕੇ ਲੈ ਗਏ ਅਰ ਮਰਹੱਟਿਆਂ ਦੇ ਕਿਲ੍ਹੇ ਤੋਂ ਇਕ ਗੋਲੀ ਤੱਕ ਨਾ ਝੜੀ।

## ਕਾਂਡ ਸਤਾਰ੍ਹਵਾਂ

ਚੁੱਪ ਚਾਪ ਰਾਤ ਛਾ ਗਈ, ਲੋਕੀਂ ਨੀਂਦ ਦੀ ਗੋਦ ਵਿਚ ਹਨ। ਜੀ ਨਹੀਂ ਸੁਰਕਦਾ, ਪੰਛੀ ਨਹੀਂ ਡੋਲਦਾ, ਹਵਾ ਤੱਕ ਨਹੀਂ ਰੁਮਕਦੀ, ਸਨਾਟਾ ਛਾ ਰਿਹਾ ਹੈ, ਆਕਾਸ਼ ਵਿਚ ਡਲ੍ਹਕ ਡਲ੍ਹਕ ਕਰਦੇ ਤਾਰੇ ਚੁੱਪ ਚਾਪ ਟੁਰੇ ਜਾ ਰਹੇ ਹਨ। ਕਾਬਲ ਦੇ ਰੜੇ ਵਿਚ ਕਾਫਲਾ ਪਿਆ ਹੈ, ਜਿਸ ਨੇ ਪਿਸ਼ੌਰ ਤੱਕ ਵਪਾਰ ਕਰਕੇ ਮੁੜਨਾ ਸੀ, ਅੱਜ ਦੂਸਰੀ ਮੰਜ਼ਲ ਹੀ ਪਹਿਰੇਦਾਰਾਂ ਵਿਚ ਘੇਰਿਆ ਪਿਆ ਹੈ। ਜਿਸ ਹਿੱਸੇ ਦੀ ਤਲਾਸ਼ੀ ਹੋ ਚੁੱਕੀ ਹੈ ਉਹ ਹਿੱਸਾ ਤਾਂ ਬੇਫਿਕਰ ਸੌਂ ਗਿਆ ਹੈ, ਪਰ ਜਿਸ ਹਿੱਸੇ ਦੀ ਨਹੀਂ ਹੋਈ ਉਸ ਵਿਚ ਬੇਚੈਨੀ ਜਿਹੀ ਹੈ। ਜ਼ਾਲਮ ਨੀਂਦ ਨੇ ਤਦ ਬੀ ਅੱਖਾਂ ਮੇਲ ਕੇ ਸੁਆਲ ਦਿੱਤਾ ਹੈ। ਨੀਂਦ ਦੀ ਐਡੀ ਜ਼ੋਰਾਵਰੀ ਦੇ ਹੁੰਦਿਆਂ, ਜਸਵੰਤ ਸਿੰਘ ਹੁਰੀਂ ਬੇਚੈਨ ਹਨ, ਸੁੱਤੇ ਨਹੀਂ, ਬੈਠੇ ਹਨ ਅਰ ਨੈਣ ਆਕਾਸ਼ ਵਲ ਤੇ ਸੁਰਤ ਆਕਾਸ਼ਾਂ ਦੇ ਸਾਂਈਂ ਵੱਲ ਲੱਗੀ ਹੋਈ ਹੈ, ਪਰਦੇ ਖੁੱਲ੍ਹ ਜਾਣ ਦਾ ਭੈ ਹੈ। ਸਵੇਰੇ ਤਲਾਸ਼ੀ ਹੋਣੀ ਹੈ ਤੇ ਜਾਮਾ ਤਲਾਸ਼ੀ ਹੋਣੀ ਹੈ, ਉਸ ਵੇਲੇ ਪਤਾ ਲੱਗ ਜਾਣਾ ਹੈ ਕਿ ਮੈਂ ਜ਼ਨਾਨੀ ਹਾਂ ਅਰ ਮਰਦਾਵੇਂ ਭੇਸ ਵਿਚ ਹਾਂ, ਉਸ ਵੇਲੇ ਪਤਾ ਲੱਗ ਜਾਣਾ ਹੈ ਕਿ ਮੈਂ ਅਮੀਰ ਦੇ ਮਹਿਲੋਂ ਨੱਠੀਂ ਹੋਈ ਹਾਂ ਬੱਸ ਫੇਰ ਬੰਦੀ ਤੇ ਬੰਦੀ ਦੇ ਨਾਲ ਤਸੀਹੇ ਤੇ ਮੌਤ।

ਸਤਵੰਤ ਇਸ ਆਪਣੇ ਮਰਦਾਵੇਂ ਜਾਮੇ ਵਿਚ ਸਲਾਮਤੀ ਸਮਝਦੀ ਸੀ, ਪਰ ਇਸ ਵੇਲੇ ਔਕੜ ਦੇ ਮੂੰਹ ਆ ਗਈ ਹੈ। ਪਹਿਲਾਂ ਤਾਂ ਕੁਛ ਘਾਬਰ ਗਈ ਸੀ, ਪਰ ਹੁਣ ਜੀ ਸਗੋਂ ਕੁਝ ਕੱਠਾ ਹੁੰਦਾ ਜਾਂਦਾ ਹੈ ਤੇ ਸੁਰਤ ਜੁੜਦੀ ਜਾਂਦੀ ਹੈ। ਸੋਚਾਂ ਰੋੜ੍ਹਨ ਲਗਦੀਆਂ ਹਨ, ਤਦ ਮਾਨੋਂ ਆਵਾਜ਼ ਆਉਂਦੀ ਹੈ, 'ਅੰਗੀਕਾਰ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥' ਹਾਂ, 'ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥' ਇਨ੍ਹਾਂ ਸੋਚਾਂ ਦੀਆਂ ਫੋਟਾਂ ਨੇ ਸਿਦਕ ਦੇ ਹੰਭਲਿਆ ਤੇ ਸੁਰਤ ਦੇ ਲਹਾ ਚੜ੍ਹਾਵਾਂ ਵਿਚ ਅੱਧੀ ਰਾਤ ਲੰਘ ਗਈ, ਅਜੇ ਤੱਕ ਕੋਈ ਡੋਲ ਨਹੀਂ ਸੁੱਝੀ। ਸਿਦਕ ਵਾਲੀ ਭਰੋਸੇ ਵਿਚ ਜੁੜ-ਜੁੜ ਅੰਦਰੋਂ ਉਠਦੀ ਹੈ ਕਿ ਗੁਰੂ ਕੋਈ ਰਸਤਾ ਕੱਢੇਗਾ। ਹੌਸਲਿਆਂ ਵਾਲੀ ਅੰਦਰੋਂ ਹਿੰਮਤਾਂ ਦੇ ਤਾਣ ਲਾ ਲਾ ਉਠਦੀ ਹੈ, ਪਰ ਚਾਰ ਚੁਫੇਰੇ ਨਜ਼ਰ ਮਾਰ ਕੇ ਫੇਰ ਬੈਠ ਜਾਂਦੀ ਹੈ। ਅਖੀਰ ਉਠੀ ਅਰ ਇਕ ਪਾਸੇ ਵਲੋਂ ਖਿਸਕ ਜਾਣ ਦੀ ਸੋਚੀ ਪਰ ਥੋੜ੍ਹੇ ਹੀ ਕਦਮਾਂ ਤੇ ਪਹਿਰਾ ਖੜ੍ਹਾ ਸੀ, ਦਬਕ ਕੇ ਬੈਠ ਗਈ। ਮਲਕੜੇ ਜੇਹੇ ਫੇਰ ਮੁੜੀ, ਇਕ ਹੋਰ ਪਾਸੇ ਵਲੋਂ ਤਿਲਕਣ ਦੀ ਕੀਤੀ, ਪਰ ਇਕ ਅਹੁਦੇਦਾਰ ਫੇਰਾ ਲਾਉਂਦਾ ਆ ਰਿਹਾ ਸੀ। ਫੇਰ ਮਲਕੜੇ ਪੈਰੀਂ ਆਪਣੇ ਬਿਸਤਰੇ ਤੇ ਆ ਟਿਕੀ। ਇਹ ਅਹੁਦੇਦਾਰ ਜੀ ਫਿਰਦੇ ਫਿਰਦੇ ਨੇੜੇ ਕੁ ਆ ਕੇ ਖੜ੍ਹੇ ਹੋ ਗਏ। ਚਾਰ ਚੁਫੇਰੇ ਨਜ਼ਰ ਮਾਰੀ ਸਾਰੇ ਸੁੱਤੇ ਪਏ ਭਾਸੇ। ਫੇਰ ਇਸ ਨੇ ਆਪਣੇ ਆਪ ਨੂੰ ਹੌਲੇ ਜਿਹੇ ਆਖਿਆ, 'ਸਭ ਸੁਤੇ ਪਏ ਹਨ, ਸਾਰੇ ਪਠਾਣ ਤੇ ਕਾਬਲੀ ਹਨ।' ਭਲਾ ਕਿਸ ਤੋਂ ਪਤਾ ਲੱਗੇ ਕਿ 'ਬੁਤਾਲਾ' ਕੀ ਹੈ ਤੇ ਕਿੱਥੇ ਹੈ, ਪਤਾ ਨਹੀਂ ਸੱਚ ਹੈ ਕਿ ਝੂਠ? ਉਫ! ਕੀ..........? ਕੁਛ! ਪਤਾ ਨਹੀਂ ਕਰ ਕਰਾਂ? ਅੱਛਾ ਖੈਰ! ਅਜੇ ਤਕ ਕੋਈ ਡੋਲ ਨਹੀਂ..........ਕੱਲ੍ਹ ਟੁਰ ਪਏ ਅੱਗੇ ਤਾਂ ਫੇਰ ਕੀ ਬਣਨਾ ਹੈ?

ਇਸ ਪਠਾਣ ਹੁੱਦੇਦਾਰ ਨੂੰ ਮਨ ਨਾਲ ਗੱਲਾਂ ਕਰਦਿਆਂ ਕੁਛ ਬਰੀਕ ਜਿਹੀ ਆਵਾਜ਼ ਕੰਨੀਂ ਪਈ। ਖਿਆਲ ਕੀਤਾ ਤਾਂ ਇਕ ਸੂਰਤ ਅਡੋਲ ਬੈਠੀ ਸਹਿਜੇ ਕੁਛ ਪੜ੍ਹ ਰਹੀ ਹੈ, ਚੰਗੀ ਤਰ੍ਹਾਂ ਕੰਨ ਲਾਏ ਤਦ ਕੋਈ ਗੈਰ ਜ਼ੁਬਾਨ ਦੀ ਬਾਣੀ ਸੀ। ਜਦ ਬਹੁਤ ਧਿਆਨ ਕੀਤਾ ਤਾਂ ਸਮਝਿਆ ਕਿ ਕੋਈ ਸਿੱਖ ਹੈ ਅਰ ਬਾਬੇ ਨਾਨਕ ਦੀ ਬਾਣੀ ਪੜ੍ਹਦਾ ਹੈ। ਪਲ ਕੁ ਮਗਰੋਂ ਇਸ ਨੂੰ ਸਾਫ ਸਮਝ ਪੈਣ ਲਗ ਗਈ ਕਿ ਠੀਕ ਇਹ ਉਹੋ ਸ਼ੈ ਹੈ ਜਿਸ ਦਾ ਮੈਨੂੰ ਪਤਾ ਲੱਗਾ ਸੀ। ਕੁਛ ਹੈਰਾਨੀ, ਕੁਛ ਆਪਣੀ ਚਾਹ, ਕੁਛ ਥਹੁ ਕੱਢਣ ਦਾ ਸ਼ੌਕ, ਕਾਹਲਾ ਹੋ ਗਿਆ। ਵੇਲਾ ਏਕਾਂਤ ਦਾ ਸੀ, ਉਹ ਆਪ ਪਹਿਰੇਦਾਰਾਂ ਦੇ ਪਹਿਰੇ ਦੀ ਰਾਤ ਵੇਲੇ ਫਿਰਵੀਂ ਪੜਤਾਲ ਕਰ ਰਿਹਾ ਸੀ। ਅੱਗੇ ਵਧ ਕੇ ਜੁਆਨ ਨੂੰ ਆ ਹਿਲਾਇਓਸੁ ਤੇ ਕਹਿਣ ਲੱਗਾ, ਤੂੰ ਕੌਣ ਹੈਂ ਭਾਈ?

ਜਸਵੰਤ - ਮੁਸਾਫਰ ਹਾਂ।

ਹੁੱਦੇਦਾਰ - ਕਿੱਥੇ ਜਾਂਦਾ ਹੈ?

ਜਸਵੰਤ - ਹਿੰਦੁਸਤਾਨ ਵੱਲ।

ਹੁੱਦੇਦਾਰ - ਕਦੇ ਅੱਗੇ ਬੀ ਗਿਆ ਹੈਂ, ਯਾ ਪਹਿਲੀ ਵੇਰ।

ਜਸਵੰਤ - ਮੈਂ ਸਰਹਿੰਦ ਤੱਕ ਦਾ ਜਾਣੂ ਹਾਂ।

ਹੁੱਦੇਦਾਰ - ਬੁਤਾਲਾ ਬੀ ਡਿੱਠਾ ਹੈ?

ਜਸਵੰਤ - ਬੁਤਾਲਾ ਤਾਂ ਨਹੀਂ ਵਟਾਲਾ ਹੈ।

ਹੁੱਦੇਦਾਰ - ਹਾਂ ਵਤਾਲਾ, ਵਟਾਲਾ, ਉਹ ਕੀ ਥਾਂ ਹੈ?

# ਮਾਰਗ ਚੋਣ
# (Choosing A Path)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਨਿਸ਼ਕਰਸ਼

ਮਾਰਗ ਚੋਣ ਕਰਨ ਲਈ ਸਭ ਤੋਂ ਪਹਿਲਾਂ ਸਾਧਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਚੰਗੀ ਤਰ੍ਹਾਂ ਨਾਲ ਜਾਂਚ ਲਵੇ, ਨਰੀਖਣ ਕਰ ਲਵੇ, ਪਰਖ ਲਵੇ ਇਹ ਜਾਣ ਲਵੇ ਕਿ ਕੀ ਉਸ ਦੇ ਅੰਦਰ ਜੀਵਨ ਉਦੇਸ਼ ਪ੍ਰਾਪਤੀ ਦੀ ਤੀਬਰ ਇੱਛਾ ਹੈ? ਕੀ ਉਹ ਸਾਰੇ ਅਭਿਆਸ ਨਿਸ਼ਕਪਟ ਹੋ ਕੇ ਸਾਫ ਮਨ ਕਰੇਗਾ? ਪੂਰੀ ਸ਼ਰਧਾ ਨਿਸ਼ਠਾ ਨਾਲ ਕਰੇਗਾ, ਇਸ ਉਪਰਾਂਤ ਉਸ ਨੂੰ ਆਪਣੀ ਯੋਗਤਾ ਦੇਖਣੀ ਚਾਹੀਦੀ ਹੈ ਫੇਰ ਆਪਣੀ ਸ਼ਖਸ਼ੀਅਤ ਦੇ ਉੱਘੇ ਗੁਣ ਜਾਂਚਣੇ ਚਾਹੀਦੇ ਹਨ। ਮਨ ਦੇ ਤਿੰਨ ਗੁਣ ਹਨ ਸਤੋ ਗੁਣ, ਰਜੋ ਗੁਣ, ਤਮੋ ਗੁਣ; ਹਰ ਮਨੁੱਖ ਦੇ ਅੰਦਰ ਕਿਸੇ ਨਾ ਕਿਸੇ ਮਾਤਰਾ ਵਿਚ ਤਿੰਨੋ ਗੁਣ ਹੁੰਦੇ ਹਨ। ਲੋੜ ਹੈ ਆਪਣੇ ਆਪ ਨੂੰ ਚੰਗੀ ਤਰ੍ਹਾਂ ਸੱਚੇ ਸੁੱਚੇ ਹੋ ਕੇ ਜਾਂਚਣ ਦੀ, ਸਤਿਵਾਦੀ ਦੇ ਰੂਪ ਵਿਚ ਜਾਂਚਣ ਦੀ ਲੋੜ ਹੈ, ਇਹ ਜਾਨਣ ਦੀ ਲੋੜ ਹੈ ਕਿ ਤੁਹਾਡੀਆਂ ਪ੍ਰਮੁੱਖ ਪ੍ਰੇਰਣਾ ਕੀ ਹਨ, ਕਿਹੜੇ ਗੁਣ ਹਨ, ਜਿਹੜੇ ਤੁਹਾਨੂੰ ਪ੍ਰੇਰਦੇ ਹਨ ਇਸ ਦੇ ਪਿਛੋਂ ਹੀ ਮਾਰਗ ਚੋਣ ਹੋ ਸਕਦੀ ਹੈ। ਸਾਤਵਿਕ ਗੁਣ ਤੁਹਾਨੂੰ ਹੋਰ ਜਾਨਣ ਲਈ, ਵਿਸ਼ਲੇਸ਼ਨ ਲਈ ਪ੍ਰੇਰਦੇ ਹਨ, ਜੀਵਨ ਉਦੇਸ਼ ਦੀ ਪ੍ਰਾਪਤੀ ਲਈ ਪ੍ਰੇਰਦੇ ਹਨ। ਇਨ੍ਹਾਂ ਗੁਣਾਂ ਨੂੰ ਲੈ ਕੇ ਸਾਧਕ ਕੋਈ ਵੀ ਅਭਿਲਾਸ਼ੀ, ਕਿਸੇ ਵੀ ਮਾਰਗ ਤੇ ਚੱਲਣ ਦੀ ਸਮਰੱਥਾ ਰਖਦਾ ਹੈ ਅਭਿਆਸ ਕਰ ਸਕਦਾ ਹੈ, ਅੰਤ ਵਿਚ ਉਦੇਸ਼ ਪ੍ਰਾਪਤੀ ਕਰ ਸਕਦਾ ਹੈ।

ਅਭਿਲਾਸ਼ੀ ਨੂੰ ਇਹ ਵੀ ਜਾਨਣ ਦੀ ਲੋੜ ਹੈ ਕਿ ਉਹ ਕ੍ਰਿਆਸ਼ੀਲ ਹੈ, ਭਾਵੁਕ ਹੈ ਜਾਂ ਬੁੱਧੀਜੀਵੀ ਹੈ, ਬਹੁਤ ਸਾਰੇ ਅਭਿਲਾਸ਼ੀ ਉਹ ਹੁੰਦੇ ਹਨ ਜਿਹੜੇ ਆਪਣਾ ਜੀਵਨ ਕ੍ਰਿਆਸ਼ੀਲ ਹੋ ਕੇ ਜੀਉਣਾ ਚਾਹੁੰਦੇ ਹਨ ਉਨ੍ਹਾਂ ਦਾ ਵਿਅਕਤੀਤਵ ਰਜੋ ਗੁਣੀ ਹੁੰਦਾ ਹੈ। ਉਨ੍ਹਾਂ ਲਈ ਕਰਮ ਯੋਗ ਦਾ ਮਾਰਗ ਦਸਿਆ ਜਾਂਦਾ ਹੈ। ਇਸ ਮਾਰਗ ਤੇ ਚਲ ਕੇ ਤੁਸੀਂ ਕਰਮ ਕਰਕੇ ਫਲ ਦੂਸਰਿਆਂ ਨੂੰ, ਸਮਰਪਣ ਕਰ ਦਿੰਦੇ ਹੋ। ਉਸ ਦੀ ਡੀਊਟੀ ਕੇਵਲ ਭਗਤੀ ਹੈ ਆਪਣੇ ਲਈ ਭਗਤੀ, ਫਲ ਦਾ ਤਿਆਗ ਕਰਨ ਨਾਲ ਉਹ ਸ੍ਵੈ ਸੰਤਾਪ, ਕਰਮ ਬੰਧਨਾਂ ਤੋਂ ਮੁਕਤ ਰਹਿੰਦਾ ਹੈ। ਅੰਤ ਵਿਚ ਸੁਤੰਤਰ ਹੋ ਜਾਂਦਾ ਹੈ। ਭਗਤੀ ਯੋਗ ਮਾਰਗ ਉਨ੍ਹਾਂ ਲਈ ਹੈ ਜਿਹੜੇ ਭਾਵੁਕ ਹਨ ਇਸ ਮਾਰਗ ਤੇ ਉਦਮੀ ਮਨੁੱਖ ਆਪਣੀਆਂ ਭਾਵਨਾਵਾਂ ਨੂੰ ਸਕਾਰਾਤਮਕ ਪਾਸੇ ਮੋੜ ਕੇ ਪੂਰੀ ਨਿਸ਼ਠਾ ਨਾਲ ਸ਼ਰਧਾ ਨਾਲ ਆਪਣੇ ਆਪ ਨੂੰ ਪ੍ਰਭੂ ਅੱਗੇ ਸਮਰਪਣ ਕਰ ਦਿੰਦਾ ਹੈ। ਗਿਆਨ ਯੋਗ ਦਾ ਮਾਰਗ ਉਨ੍ਹਾਂ ਲਈ ਹੈ ਜਿਹੜੇ ਹਰ ਚੀਜ਼ ਨੂੰ ਬੋਧਿਕ ਸਤਰ ਤੋਂ ਬੁੱਧੀਕਰਣ ਕਰ ਲੈਂਦੇ ਹਨ। ਜੀਵਨ ਤੇ ਚਿੰਤਨ ਕਰਕੇ ਜੀਵਨ ਕੀ ਹੈ ਇਹ ਖੋਜ ਕੇ ਇਹੋ ਜਿਹੇ ਉਦਮੀ ਅੰਤ ਜੀਵਨ ਤੱਤ ਜਾਣ ਲੈਂਦੇ ਹਨ ਉਹ ਗਿਆਨ ਪ੍ਰਾਪਤ ਕਰ ਲੈਂਦੇ ਹਨ ਜਿਸ ਵਿਚ ਸਾਰੇ ਪ੍ਰਸ਼ਨਾਂ ਦੇ ਉਤਰ ਮਿਲ ਜਾਂਦੇ ਹਨ।

ਜਿਨ੍ਹਾਂ ਸਾਧਕਾਂ ਦੇ ਮਨ ਜਿਨ੍ਹਾਂ ਦਾ ਸੁਭਾਅ ਵਿਗਿਆਨਕ ਦਿਸ਼ਾ ਰਖਦਾ ਹੈ ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਨ੍ਹਾਂ ਲਈ ਰਾਜ ਯੋਗ ਦਾ ਮਾਰਗ ਅਤਿ ਢੁਕਵਾਂ ਹੋਵੇਗਾ ਕਿਉਂਕਿ ਇਹ ਮਾਰਗ ਪੂਰੀ ਤਰ੍ਹਾਂ ਨਾਲ ਵਿਵਸਥਿਤ ਹੈ। ਇਹ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਤੁਸੀਂ ਸੜਕ ਤੇ ਜਾ ਰਹੇ ਹੋਵੇ ਤੇ ਸੜਕ ਤੇ ਹਰ ਮੀਲ ਬਾਅਦ ਮੀਲ ਪੱਥਰ ਲੱਗਾ ਹੋਵੇ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਸੀਂ ਕਿੰਨਾਂ ਪੈਂਡਾ ਤੁਰ ਲਿਆ ਹੈ ਤੇ ਕਿੰਨਾਂ ਬਾਕੀ ਹੈ ਇਸੇ ਤਰ੍ਹਾਂ ਰਾਜ ਯੋਗ ਮਾਰਗ ਤੇ ਚਲਦਿਆਂ ਤੁਹਾਨੂੰ ਪਤਾ ਹੁੰਦਾ ਹੈ ਕਿ ਤੁਸੀਂ ਕਿੱਥੇ ਤਕ ਪਹੁੰਚ ਗਏ ਤੁਹਾਡੀ ਕਿੰਨੀ ਤਰੱਕੀ ਹੋਈ ਹੈ। ਲੈਹ ਯੋਗ ਦਾ ਮਾਰਗ ਕੁੰਡਲਨੀ ਯੋਗ ਦਾ ਮਾਰਗ ਜਿਸ ਤੇ ਚਲ ਕੇ ਮੂਲ ਸ਼ਕਤੀ ਜਾਗਰਣ ਹੁੰਦੀ ਹੈ ਇਹ ਮਾਰਗ ਬਹੁਤ ਟੈਕਨੀਕਲ ਹਨ ਇਨ੍ਹਾਂ ਤੇ ਚਲਣ ਲਈ ਸਾਧਕ ਨੂੰ ਆਪਣੇ ਆਪ ਨੂੰ ਤਿਆਰ ਕਰਨਾ ਪੈਂਦਾ ਹੈ। ਜਿਹੜੇ ਆਪਣੀ ਸਮਰਥਾ ਨੂੰ ਜਾਣਦੇ ਹਨ ਉਸਨੂੰ ਪੂਰੀ ਤਰ੍ਹਾਂ ਨਾਲ ਵਰਤ ਕੇ ਪੂਰੀ ਪ੍ਰਾਪਤੀ ਕਰਨਾ ਚਾਹੁੰਦੇ ਹੋਣ, ਸੁੱਤੀ ਸ਼ਕਤੀ ਨੂੰ ਜਾਗ੍ਰਤ ਕਰਨਾ ਚਾਹੁੰਦੇ ਹੋਣ, ਵਿਵਸਥਿਤ ਰੂਪ ਨਾਲ ਆਪਣੀ ਸ਼ਕਤੀ ਨੂੰ ਉਪਰ ਤਕ ਪਹੁੰਚਾਉਣਾ ਚਾਹੁੰਦੇ ਹੋਣ, ਚੇਤਨਾ ਦੇ ਸਾਰੇ ਪੱਧਰਾਂ ਦਾ ਅਨੁਭਵ ਲੈਣਾ ਚਾਹੁੰਦੇ ਹੋਣ, ਅੰਤ ਵਿਚ ਚੇਤਨ ਬਿੰਦੂ ਦੀ ਪ੍ਰਾਪਤੀ ਕਰਨਾ ਚਾਹੁੰਦੇ ਹੋਣ, ਇਹ ਮਾਰਗ ਉਨ੍ਹਾਂ ਲਈ ਹੈ। ਜਦੋਂ ਇਸ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਪਤਾ ਲਗ ਜਾਂਦਾ ਹੈ ਕਿ ਤੁਹਾਡਾ ਆਪਾ ਤੁਹਾਡੀ ਆਤਮਾ ਪ੍ਰਮਾਤਮਾ ਇੱਕੋ ਹੈ ਤੁਸੀਂ ਬ੍ਰਹਿਮੰਡ ਦਾ ਹੀ ਭਾਗ ਹੋ।

ਹੱਠ ਯੋਗ ਦੇ ਅਭਿਆਸ ਨਾਲ ਕੁੰਡਲਨੀ ਜਾਗਰਣ ਕਰਨੀ ਬਹੁਤ ਵਾਰੀ ਹਾਨੀਕਾਰਕ ਹੋ ਸਕਦੀ ਹੈ ਉਸ ਦੇ ਕਾਰਣ ਹਨ, ਸਰੀਰ ਤੇ ਪ੍ਰਾਣ ਬਿਨਾਂ ਅਨੁਸ਼ਾਸਨ ਦੇ ਟਰੇਨ ਨਹੀਂ ਸਕਦੇ, ਸਾਧੇ ਨਹੀਂ ਜਾ ਸਕਦੇ ਜਦੋਂ ਤਕ ਕੋਈ ਸਮਰੱਥ ਗੁਰੂ ਨਹੀਂ ਮਿਲਦਾ। ਬਹੁਤ ਵਾਰੀ ਜਗਿਆਸੂ ਨੂੰ ਜਦੋਂ ਮਾਰਗ ਦਰਸ਼ਨ ਚਾਹੀਦਾ ਹੁੰਦਾ ਹੈ ਉਦੋਂ ਉਸਨੂੰ ਨਹੀਂ ਮਿਲਦਾ। ਕੇਵਲ ਕਿਤਾਬਾਂ ਪੜ੍ਹ ਕੇ ਅਭਿਆਸ ਕਰਨਾ ਬਹੁਤ ਵਾਰੀ ਹਾਨੀਕਾਰਕ ਹੋ ਸਕਦਾ ਹੈ। ਸਿਹਤ ਲਈ ਖਰਾਬ ਹੋ ਸਕਦਾ ਹੈ, ਬਹੁਤ ਵਾਰੀ ਦਿਮਾਗ ਲਈ ਤੇ ਨਾੜੀ ਤੰਤੂ ਲਈ ਬਹੁਤ ਡੂੰਘੀ ਚੋਟ ਲਗ ਕੇ ਖਰਾਬੀ ਹੋ ਸਕਦੀ ਹੈ। ਹਠ ਯੋਗ ਠੀਕ ਹੈ, ਇਸ ਦਾ ਅਭਿਆਸ ਠੀਕ ਹੈ ਪਰ ਨਾਲ-ਨਾਲ ਪ੍ਰਾਣਾਯਾਮ ਦਾ ਵੀ ਅਭਿਆਸ ਕਰਨਾ ਜ਼ਰੂਰੀ ਹੈ, ਕੁਝ ਇੱਕ ਪ੍ਰਾਣਾਯਾਮ ਦੇ ਮੁਢਲੇ ਪਰਿਆਸ ਕਰ ਲੈਣੇ ਠੀਕ ਹੋਣਗੇ। ਇਸ ਨਾਲ ਸਰੀਰ ਤੇ ਮਨ ਦੋਨੋਂ ਹੀ ਸਵਸਥ ਰਹਿਣਗੇ।

ਧਿਆਨ ਦੇਣ ਦੀ ਲੋੜ ਹੈ ਕਿ ਇਸ ਵਿਚ ਵੀ ਉਨਤ ਤਰੀਕਿਆਂ ਦੀ ਵਰਤੋਂ, ਪ੍ਰਾਣਾਯਾਮ, ਮੁਦਰਾ, ਬੰਧ ਆਦਿ ਲਗਾਉਣੇ, ਜੇਕਰ ਇਹ ਕਿਸੇ ਸਮਰਥ ਗੁਰੂ ਦੀ ਦੇਖ ਰੇਖ ਹੇਠਾਂ ਨਾ ਕੀਤੇ ਜਾਣ ਤਾਂ ਬਹੁਤ ਜ਼ਿਆਦਾ ਹਾਨੀਕਾਰਕ ਹੋ ਸਕਦੇ ਹਨ। ਇਥੋਂ ਤਕ ਕਿ ਕੁਝ ਕੁ ਇਹੋ ਜਿਹੇ ਰੋਗ ਦੇ ਸਕਦੇ ਹਨ ਜਿਹੜੇ ਅਸਾਧ ਹੋਣ, ਜਿਹੜੇ ਠੀਕ ਹੀ ਨਾ ਹੋ ਸਕਣ। ਕਈ ਵਾਰੀ ਸਾਧਕ ਆਤਮ ਮਾਰਗ ਤੇ ਚੱਲ ਕੇ ਆਪਣੇ ਆਪ ਹੀ ਅਨੁਭਵ ਕਰਨ ਲੱਗ ਪੈਂਦੇ ਹਨ ਤੇ ਸ਼ਕਤੀਆਂ ਪ੍ਰਾਪਤ ਕਰਨਾ ਚਾਹੁੰਦੇ ਹਨ ਤਾਂ ਜੋ ਉਹ ਕਿਸੇ ਕਿਸਮ ਦਾ ਕੰਟਰੋਲ ਪ੍ਰਾਪਤ ਕਰ ਲੈਣ ਤੇ ਦੂਸਰਿਆਂ ਨੂੰ ਦਿਖਾ ਸਕਣ, ਇਹੋ ਜਿਹੇ ਸਾਧਕ ਕਿਸੇ ਵੀ ਮਾਰਗ ਨੂੰ ਗੰਦਾ ਹੀ ਨਹੀਂ ਕਰਦੇ ਉਹ ਭੋਲੇ ਭਾਲੇ ਲੋਕਾਂ ਦਾ ਸ਼ੋਸ਼ਣ ਵੀ ਕਰਦੇ ਹਨ।

ਤਾਂਤਰ ਦਾ ਮਾਰਗ ਬੜੇ ਵਡਭਾਗਿਆਂ ਵਾਸਤੇ ਹੈ, ਵਿਸ਼ੇਸ਼ ਕਰਕੇ ਉਨ੍ਹਾਂ ਲਈ ਜਿਨ੍ਹਾਂ ਨੂੰ ਫਿਲੋਸਫੀ ਦੇ ਵੱਖ-ਵੱਖ ਸਕੂਲਾਂ ਦਾ ਗਿਆਨ ਹੋਵੇ ਨਾਲ ਹੀ ਉਹ ਤਾਂਤਰ ਤਰੀਕੇ ਨਾਲ ਜੀਵਨ ਜੀਉਣ ਦਾ ਅਭਿਆਸ ਕਰ ਸਕਦੇ ਹੋਣ ਜਿਸ ਵਿਚ ਇਸਤ੍ਰੀ ਤੇ ਪੁਰਖ ਇਕ ਮਾਤ੍ਰ ਬ੍ਰਹਿਮੰਡ ਜਗਤ ਦੇ ਪ੍ਰਤਿਰੂਪ ਮੰਨੇ ਗਏ ਹਨ ਭਾਵ ਸ਼ਿਵ ਸ਼ਕਤੀ ਦੇ ਪ੍ਰਤਿਰੂਪ। ਕਈ ਲੋਕ ਬਾਹਰੀ ਰੂਪ ਦੀ ਪੂਜਾ ਕਰਦੇ ਹਨ, ਕਈ ਅੰਦਰੀ ਰੂਪ ਦੀ ਪੂਜਾ ਕਰਦੇ ਹਨ, ਕਈ ਦੋਨਾਂ ਦੀ ਭਾਵ ਅੰਦਰ ਦੀ ਬਾਹਰ ਦੀ। ਦੋਨਾਂ ਦੀ ਪੂਜਾ ਕਰਦੇ ਹਨ। ਸਮਾਇ ਮਾਰਗ ਤੇ ਚੱਲਣ ਵਾਲੇ ਬਹੁਤ ਹੀ ਥੋੜ੍ਹੇ ਹਨ, ਸਮਾਇ ਮਾਰਗ ਤਾਂਤਰ ਦਾ ਸਭ ਤੋਂ ਉਤਮ ਤੇ ਉਚਾ ਮਾਰਗ ਹੈ ਵਾਸਤਵ ਵਿਚ ਇਹ ਤੰਤਰ ਤੇ ਯੋਗ ਦੋਨਾਂ ਦਾ ਉਤਮ ਮਾਰਗ ਹੈ। ਇਸ ਮਾਰਗ ਤੇ ਚੱਲ ਕੇ ਅਭਿਲਾਸ਼ੀ ਕਿਸੇ ਵੀ ਚੀਜ਼ ਦੀ ਇੱਛਾ ਨਹੀਂ ਰਖਦਾ, ਕਿਸੇ ਸਿੱਧੀ ਦੀ ਇੱਛਾ ਨਹੀਂ ਰਖਦਾ। ਇਹ ਇਕ ਮੈਡੀਟੇਸ਼ਨ ਦਾ ਮਾਰਗ ਹੈ ਜਿਥੇ ਕੋਈ ਕਰਮਕਾਂਡ ਵਿਚ ਵਿਸ਼ਵਾਸ਼ ਨਹੀਂ ਕੀਤਾ ਜਾਂਦਾ। ਇੱਥੇ ਮੁੱਖ ਸ਼ਕਤੀ 'ਦੈਵੀ ਮਾਂ' ਦੀ ਪੂਜਾ ਕੀਤੀ ਜਾਂਦੀ ਹੈ। ਤਾਂਤਰ ਦੇ ਕੌਲਾ ਤੇ ਮਿਸਰਾ ਸੰਪਰਦਾਇ ਬਾਹਰ ਸੰਸਾਰ ਵਿਚ ਸਫਲਤਾ ਲਈ ਪਰਿਆਸ ਕਰਦੇ ਹਨ ਤੇ ਨਾਲ ਹੀ ਮੁਕਤੀ ਪ੍ਰਾਪਤੀ ਲਈ ਭਾਵ ਉਹ ਦੋਨੋਂ 'ਮੁਕਤੀ' ਤੇ 'ਭੁਗਤੀ' ਲਈ ਜਤਨਸ਼ੀਲ ਹਨ। ਸਮਾਇ ਸਕੂਲ ਅਨੁਸਾਰ ਭੂਤਾ ਸ਼ੁੱਧ ਭਾਵ ਅੰਦਰ ਤੇ ਬਾਹਰ ਦੀ ਸ਼ੁੱਧੀ ਹੀ ਸਭ ਤੋਂ ਵੱਧ ਲੋੜੀਂਦੀ ਹੈ ਉਸ ਤੋਂ ਬਾਅਦ ਹੀ ਕੁੰਡਲਨੀ ਜਾਗਰਣ ਕੀਤੀ ਜਾਂਦੀ ਹੈ। ਅੰਤ ਵਿਚ ਕੁੰਡਲਨੀ ਸ਼ਕਤੀ ਨੂੰ ਸਹੰਸਰਾਰ ਚੱਕਰ ਤਕ ਪਹੁੰਚਾਇਆ ਜਾਂਦਾ ਹੈ, ਇਸ ਗੱਲ ਦਾ ਵੀ ਧਿਆਨ ਰੱਖਿਆ ਜਾਂਦਾ ਹੈ ਕਿ ਕਿਤੇ ਇਹ ਸ਼ਕਤੀ ਜੇ ਨਾ ਚੰਗੀ ਤਰ੍ਹਾਂ ਨਾਲ ਸਾਂਭੀ ਗਈ, ਕਿਤੇ ਫੇਰ ਆਪਣੀ ਪੁਰਾਣੀ ਜਗ੍ਹਾ ਤੇ ਨਾ ਆ ਜਾਵੇ। ਥੱਲੇ ਦੀ ਚੇਤਨ ਅਵਸਥਾ ਵਿਚ ਪ੍ਰਵੇਸ਼ ਨਾ ਕਰ ਜਾਂਦੇ। ਸਮਾਇ ਮਾਰਗ ਸਭ ਤੋਂ ਉਤਮ ਉਚਾ ਮਾਰਗ ਹੈ ਇਸ ਦਾ ਗਿਆਨ ਸਮਰੱਥ ਗੁਰੂ ਹੀ ਸਿਰੀ ਵਿਦਿਆ ਦੇ ਗਿਆਨ ਰੂਪ ਵਿਚ ਪ੍ਰਦਾਨ ਕਰਦਾ ਹੈ। ਸਮਰੱਥ ਗੁਰੂ ਬੜੇ ਧਿਆਨ ਨਾਲ ਆਪਣੇ ਸ਼ਿਸ਼ਾਂ ਦੀ ਚੋਣ ਕਰਦਾ ਹੈ, ਸਿਰੀ ਵਿਦਿਆ ਦਾ ਅਭਿਲਾਸੀ ਅੰਤ ਤੁਰੀਆ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਇਹ ਉਹ ਅਵਸਥਾ ਹੈ ਜਿਹੜੀ ਸਭ ਕੁਝ ਤੋਂ ਉਚੀ ਹੈ, ਪਰ੍ਹਾਂ ਹੈ। ਕੋਈ ਵੀ ਹੋਰ ਯੋਗ ਪ੍ਰਣਾਲੀ, ਕੋਈ ਵੀ ਹੋਰ ਫਿਲੌਸਫੀ ਮੌਤ ਤੇ ਜਨਮ ਦੇ ਵਿਚ ਦੇ ਸਮੇਂ ਦਾ ਅਨੁਭਵ ਦਸਦਾ ਹੈ ਕੇਵਲ ਤੇ ਕੇਵਲ ਸਮਾਇ ਪ੍ਰਣਾਲੀ ਹੀ ਇਸਦਾ ਅਨੁਭਵ ਦਸਦੀ ਹੈ। ਜਦੋਂ ਸਾਧਕ ਸਹੰਸਰਾਰ ਚੱਕਰ ਤੇ ਧਿਆਨ ਲਗਾਉਂਦਾ ਹੈ ਜਿਸ ਨੂੰ ਹਜ਼ਾਰ ਪੰਖੀ ਕਮਲ ਵੀ ਕਹਿੰਦੇ ਹਨ, ਜਿਹੜਾ ਬਿਲਕੁਲ ਸਿਰ ਦੇ ਉਪਰ ਹੈ, ਜਿਸ ਨੂੰ ਦਸਮਦੁਆਰ ਵੀ ਕਹਿੰਦੇ ਹਨ, ਇਥੇ ਧਿਆਨ ਲਗਾ ਕੇ ਉਸਨੂੰ ਆਪਣੀ ਇੱਛਾ ਅਨੁਸਾਰ ਸਰੀਰ ਛੱਡਣ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਸ ਦੀ ਸਾਰੀ ਯਾਤਰਾ ਬੜੀ ਸੌਖੀ ਹੋ ਜਾਂਦੀ ਹੈ -

***ਗੁਰਮੁਖ ਆਏ ਜਾਏ ਨਿਸੰਗ।***

ਇਹ ਹੀ ਨਹੀਂ ਉਹ ਸਾਰੀ ਯਾਤਰਾ ਚੇਤਨ ਅਵਸਥਾ ਵਿਚ ਹੀ ਕਰ ਲੈਂਦਾ ਹੈ। ਉਸਨੂੰ ਸਾਰੇ ਰਹੱਸ ਦਾ ਗਿਆਨ ਹੋ ਜਾਂਦਾ ਹੈ, ਇਹੋ ਜਿਹਾ ਯੋਗੀ ਸੰਤ ਕੋਈ ਵਿਰਲਾ ਹੀ ਹੈ।

ਕਿਸੇ ਵੀ ਮਾਰਗ ਤੇ ਚੱਲਣ ਲਈ ਜਗਿਆਸੂ ਨੂੰ ਉਸ ਮਾਰਗ ਦੇ ਅਨੁਸ਼ਾਸਨ ਦਾ ਅਭਿਆਸ ਤੇ ਅਨੁਭਵ ਸੋਚਣੀ, ਕਥਨੀ ਤੇ ਕਰਨੀ ਨਾਲ ਕਰਨਾ ਚਾਹੀਦਾ ਹੈ, ਕਰਨ ਦੀ ਲੋੜ ਹੈ। ਪੂਰਨ ਮਾਰਗ ਦਰਸ਼ਕ ਦੀ, ਭਾਲ ਦੀ, ਚਿੰਤਾ ਕਰਨ ਦੀ ਲੋੜ ਨਹੀਂ ਹੈ। ਜਦੋਂ ਇੱਕ ਵਾਰੀ ਤੁਸੀਂ ਸਤਿ ਦੀ ਭਾਲ ਵਿਚ ਨਿਕਲ ਪੈਂਦੇ ਹੋ ਮਾਰਗ ਦਰਸ਼ਕ ਆਪੇ ਹੀ ਸਾਮ੍ਹਣੇ ਆ ਜਾਂਦਾ ਹੈ। ਜਦੋਂ ਸਾਧਕ ਪੂਰੀ ਤਰ੍ਹਾਂ ਤਿਆਰ ਹੋ ਜਾਂਦਾ ਹੈ ਭਾਵ ਦੀਵੇ ਅੰਦਰ ਪੂਰਾ ਤੇਲ ਤੇ ਬੱਤੀ ਤਿਆਰ ਹੋ ਜਾਂਦੇ ਹਨ। ਜੋਤ ਜਲਾਣ ਵਾਲਾ ਪ੍ਰਗਟ ਹੋ ਹੀ ਜਾਂਦਾ ਹੈ, ਚਾਹੇ ਉਹ ਜੋਤ ਕਿਸੇ ਮਹਾਂਪੁਰਖ ਦੀ ਸਿਖਿਆ ਦੇ ਰੂਪ ਵਿਚ ਆਵੇ, ਸੰਤਾਂ ਦੇ ਰੂਪ ਵਿਚ, ਭਾਵੇਂ ਉਸ ਦੀ ਆਪਣੀ ਚੇਤਨਤਾ ਤੋਂ ਹੋਵੇ, ਕਿਸੇ ਇਲਾਹੀ ਪੁਰਖ ਦੇ ਸੁਫਨੇ ਅੰਦਰ ਪ੍ਰਗਟ ਹੋ ਕੇ ਹੋਵੇ ਜਾਂ ਫੇਰ ਮੈਡੀਟੇਸ਼ਨ ਕਰਦਿਆਂ ਹੋਵੇ। ਕਿਸੇ ਵੀ ਰੂਪ ਵਿਚ ਹੋ ਸਕਦੀ ਹੈ। ਜਦੋਂ ਤੁਸੀਂ ਠੀਕ ਮਾਰਗ ਤੇ ਚਲਦੇ ਹੋ ਭਾਵ ਆਪਣੇ ਗੁਣਾਂ ਅਨੁਸਾਰ ਮਾਰਗ ਦੀ ਚੋਣ ਕਰਕੇ ਚਲਦੇ ਹੋ ਤੁਸੀਂ ਸ਼ਾਂਤ ਰਹਿੰਦੇ ਹੋ, ਅਨੰਦਿਤ ਰਹਿੰਦੇ ਹੋ। ਇਹ ਸਾਰੇ ਚਿੰਨ, ਇਹ ਸਾਰੇ ਪ੍ਰਤੀਕ ਤੁਹਾਡੇ ਢੁਕਵੇਂ ਮਾਰਗ ਚੋਣ ਦੀ ਹੀ ਨਿਸ਼ਾਨੀ ਹੈ। ਆਤਮ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲਾਂ ਲੋੜ ਹੈ ਸਤਿ ਨੂੰ ਜਾਨਣ ਦੀ ਤੀਬਰ ਇੱਛਾ, ਮਾਰਗ ਤੇ ਚੱਲਣ ਦੀ ਤੀਬਰ ਇੱਛਾ, ਪੂਰਾ ਪੱਕਾ ਨਿਸ਼ਚਾ ਹੋਣਾ ਅਵਸ਼ਕ ਹੈ, ਪੂਰੀ ਨਿਸ਼ਠਾ, ਪੂਰਾ ਸਮਰਪਣ ਹੋਣਾ ਜ਼ਰੂਰੀ ਹੈ, ਆਪਣੇ ਅਭਿਆਸ ਪੂਰੀ ਤਰ੍ਹਾਂ ਨਾਲ ਨੀਯਤ ਰੂਪ ਨਾਲ ਨਿਯਮਤਾ ਹੋਣੀ ਆਵਸ਼ਕ ਹੈ। ਜਦੋਂ ਤੁਹਾਨੂੰ ਵਾਸਤਵਿਕਤਾ ਦੀ ਪਛਾਣ ਹੋ ਜਾਂਦੀ ਹੈ, ਚੇਤਨਤਾ ਹੋ ਜਾਂਦੀ ਹੈ ਫੇਰ ਮਾਰਗ ਤੇ ਚਲਣ ਦੀ ਪਾਬੰਦੀ, ਬਚਨਬੱਧਤਾ ਆਉਂਦੀ ਹੈ। ਜਿਹੜੇ ਨਿਸ਼ਠਾਵਾਨ ਨਾਲ ਬਚਨ ਬੱਧ ਹਨ, ਉਹ ਗੋਲ ਪ੍ਰਾਪਤ ਕਰ ਹੀ ਲੈਣਗੇ ਮਾਰਗ ਵੱਖ-ਵੱਖ ਹਨ, ਉਦੇਸ਼ ਇੱਕ ਹੈ, ਗੋਲ ਇੱਕ ਹੈ।

ਓਮ ਸ਼ਾਂਤੀ, ਸ਼ਾਂਤੀ, ਸ਼ਾਂਤੀ।

*******

# ਸਿਹਤ ਵਿਗਿਆਨ

**ਮਿਰਗੀ** - ਮ੍ਰਿਗੀ ਹਰਿਣੀ। 'ਦਸ ਮਿਰਗੀ ਸਹਜੇ ਬੰਧਿ ਆਨੀ' (ਭੈਰ ਮ: ੫) ਭਾਵ – ਦਸ ਇੰਦ੍ਰੀਆਂ। 2. ਇਕ ਰੋਗ, ਅਪਸਮਾਰ, Epilepsy.

ਇਹ ਰੋਗ ਮਾਤਾ ਪਿਤਾ ਤੋਂ ਕਦੇ ਮਰੂਸੀ ਜਾਂ ਬਹੁਤ ਮੈਥੁਨ, ਹੱਥੀਂ ਵੀਰਯ ਨਸ਼ਟ ਕਰਨ, ਅਤੀ ਦਿਮਾਗੀ ਮਿਹਨਤ, ਚਿੰਤਾ, ਸ਼ੋਕ, ਪੇਟ ਵਿਚ ਕੀੜੇ ਪੈਦਾ ਹੋਣ, ਮਲ ਮੂਤ ਦੇ ਰੁਕਣ, ਜ਼ਹਿਰ ਖਾਣ, ਸ਼ਰਾਬ ਆਦਿਕ ਨਸ਼ਿਆਂ ਦੇ ਬਹੁਤ ਵਰਤਣ, ਉਚੀ ਅਥਵਾ ਨੀਵੀਂ ਥਾਂ ਚੜ੍ਹਣ ਉਤਰਨ, ਅਚਾਨਕ ਡਰਨ ਦੇ ਕਾਰਣ, ਭਰੇ ਪੇਟ ਭੋਗ ਅਥਵਾ ਮੁਸ਼ਕੱਤ ਕਰਨ ਤੋਂ ਉਤਪੰਨ ਹੁੰਦਾ ਹੈ।

ਇਸ ਰੋਗ ਵਿਚ ਚਲਦੇ ਫਿਰਦੇ ਰੋਗੀ ਨੂੰ ਅਚਨਚੇਤ ਧੂੰਏ ਦਾ ਗੁਬਾਰ ਜਿਹਾ ਹੋ ਕੇ ਅਥਵਾ ਸਰੀਰ ਵਿਚ ਝਰਨਾਟਾਂ ਪੈ ਕੇ ਦਿਮਾਗ ਨੂੰ ਚੱਕਰ ਆਉਣ ਲਗ ਪੈਂਦੇ ਹਨ ਅਤੇ ਬੇਹੋਸ਼ੀ ਹੋ ਜਾਂਦੀ ਹੈ। ਸਾਹ ਔਖਾ ਆਉਂਦਾ ਹੈ। ਮਿਰਗੀ ਵਾਲਾ ਮੂਰਛਾ ਦੀ ਦਸ਼ਾ ਵਿਚ ਹੱਥ ਪੈਰ ਮਾਰਦਾ ਅਤੇ ਦੰਦ ਕਰੀਚਦਾ ਹੈ, ਕਦੇ ਦੰਦਣ ਭੀ ਪੈ ਜਾਂਦੀ ਹੈ। ਮੂੰਹੋਂ ਝੱਗ ਆਉਂਦੀ ਹੈ, ਅੰਗ ਮੁੜ ਜਾਂਦੇ ਹਨ, ਸਰੀਰ ਦਾ ਰੰਗ ਬਦਲ ਜਾਂਦਾ ਹੈ, ਦਿਲ ਬਹੁਤ ਧੜਕਣ ਲਗਦਾ ਹੈ। ਕਈ ਵਾਰ ਮਲ ਮੂਤ੍ਰ ਭੀ ਨਿਕਲ ਜਾਂਦਾ ਹੈ।

ਜੇ ਵਾਤ (ਬਾਇ) ਦੀ ਅਧਿਕਤਾ ਹੋਵੇ ਤਾਂ ਮਿਰਗੀ ਦਾ ਦੌਰਾ 12 ਦਿਨ ਪਿਛੋਂ, ਪਿੱਤ ਵਧੇਰੇ ਹੋਵੇ ਤਦ 15 ਦਿਨ ਪਿਛੋਂ, ਕਫ ਬਹੁਤ ਹੋਣ ਤੋਂ ਮਹੀਨੇ ਪਿਛੋਂ, ਜੇ ਤਿੰਨੇ ਦੋਸ਼ ਮਿਲੇ ਹੋਣ ਤਾਂ ਨਿੱਤ ਜਾਂ ਪੰਜ ਸੱਤ ਦਿਨਾਂ ਪਿਛੋਂ ਹੁੰਦਾ ਹੈ। ਰੋਗ ਦੇ ਨਵੇਂ ਪੁਰਾਣੇ ਹੋਣ ਅਤੇ ਰੋਗੀ ਦੇ ਸਰੀਰ ਦੇ ਬਲ ਅਨੁਸਾਰ ਦੌਰੇ ਦਾ ਸਮਾਂ ਥੋੜ੍ਹਾ ਅਥਵਾ ਬਹੁਤਾ ਹੋਇਆ ਕਰਦਾ ਹੈ।

ਦੌਰੇ ਦੇ ਵੇਲੇ ਛਿਕਾਂ ਦੀ ਨਸਵਾਰ ਦੇਣੀ, ਹਿੰਗ ਸੁੰਘਾਉਣੀ, ਅੱਕ ਦੇ ਦੁੱਧ ਵਿਚ ਤਿੰਨ ਵਾਰੀ ਤਰ ਕਰਕੇ ਸੁਕਾਏ ਹੋਏ ਪੱਤਿਆਂ ਦਾ ਰਸ ਬਰੀਕ ਪੀਹ ਕੇ ਨਸਵਾਰ ਦੇਣੀ, ਤੁਲਸੀ ਦੇ ਪੱਤਿਆਂ ਦਾ ਰਸ ਨਾਸਾਂ ਵਿਚ ਟਪਕਾਉਣਾ, ਰੀਠਾ ਅਤੇ ਅਕਰਕਰਾ ਪਾਣੀ ਵਿਚ ਘਸਾ ਕੇ ਨਸਵਾਰ ਦੇਣੀ ਲਾਭਦਾਇਕ ਹੈ। ਖਟਮਲ (ਕਟੂਏ) ਦਾ ਲਹੂ ਨੱਕ ਵਿਚ ਟਪਕਾਉਣਾ ਭੀ ਗੁਣਕਾਰੀ ਹੈ। ਗਸ਼ ਦੀ ਹਾਲਤ ਵਿਚ ਰੋਗੀ ਦੇ ਮੂੰਹ ਵਿਚ ਕਾਗ (cork) ਰੱਖ ਦੇਣਾ ਚਾਹੀਏ, ਜਿਸ ਤੋਂ ਜੀਭ ਨਾ ਟੁੱਕੀ ਜਾਵੇ। ਮਿਰਗੀ ਪੱਚੀ ਵਰ੍ਹਿਆਂ ਦੀ ਉਮਰ ਤੀਕ ਦੇ ਰੋਗੀ ਦੀ ਇਲਾਜ ਕੀਤਿਆਂ ਬਹੁਤ ਛੇਤੀ ਹਟ ਜਾਂਦੀ ਹੈ, ਪਰ ਇਸ ਤੋਂ ਵੱਧ ਉਮਰ ਵਾਲੇ ਦੀ ਘੱਟ ਦੂਰ ਹੁੰਦੀ ਹੈ। ਇਸ ਰੋਗ ਲਈ ਹੇਠ ਲਿਖੇ ਉਤਮ ਇਲਾਜ ਹਨ –

1. ਵਰਚ ਪੀਹ ਕੇ ਸ਼ਹਦ ਵਿਚ ਮਿਲਾ ਕੇ ਰੋਜ਼ ਚਟਾਉਣੀ।

2. ਗੋਰੋਚਨ ਜਾਂ ਦਰਿਆਈ ਨਾਰੀਅਲ ਜਲ ਵਿਚ ਘਸਾ ਕੇ ਰੋਜ਼ ਪਿਆਉਣਾ।

3. ਮਘਪਿਪਲਾਂ ਚਾਲੀ ਦਿਨ ਹਾਥੀ ਦੇ ਮੂਤ੍ਰ ਵਿਚ ਭਿਉਂਕੇ ਰੱਖਣੀਆਂ, ਮੂਤ੍ਰ ਰੋਜ਼ ਨਵਾਂ ਬਦਲਦੇ ਰਹਿਣਾ, ਫੇਰ ਇਨ੍ਹਾਂ ਨੂੰ ਸੁਕਾ ਕੇ ਇਕ ਮਘਪਿੱਪਲ ਪੀਹ ਕੇ ਸ਼ਹਿਦ ਵਿਚ ਮਿਲਾ ਕੇ ਰੋਜ਼ ਚਟਾਉਣੀ।

4. ਬ੍ਰਹਮੀ ਬੂਟੀ ਦਾ ਰਸ ਸ਼ਹਿਦ ਵਿਚ ਮਿਲਾ ਕੇ ਚਟਾਉਣਾ।

5. ਅਕਰਕਰੇ ਵਿਚ ਚਾਰ ਗੁਣਾਂ ਸ਼ਹਿਦ ਮਿਲਾ ਕੇ ਛੀ ਮਾਸ਼ੇ ਰੋਜ਼ ਖਵਾਉਣਾ।

6. ਸੁਹਾਂਜਣੇ ਦੀਆਂ ਕੁਮਲਾਂ ਜਲ ਵਿਚ ਪੀਹ ਕੇ ਪੀਣੀਆਂ ਅਤੇ ਨਸਵਾਰ ਲੈਣੀ।

7. ਰੌਗਨ ਬਨਫਸ਼ਾ ਅਤੇ ਰੋਗਨ ਸੋਸਨ ਦੀ ਸਿਰ ਤੇ ਮਾਲਿਸ਼ ਕਰਨੀ ਅਤੇ ਪੈਰ ਦੀਆਂ ਪਾਤਲੀਆਂ ਨੂੰ ਅੱਕ ਦਾ ਦੁੱਧ ਮਲਣਾ।

8. ਪੋਟਾਸ਼ੀਅਮ ਬ੍ਰੋਮਾਈਡ (potassium bromide) 5 ਤੋਂ


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/– | 2000/– | 20/– |
| 280/- | 2080/– | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ ☐

ਨਾਮ/Name ..........................................................

ਪਤਾ/Address ..........................................................

..........................................................

..........................................................

................................Pin Code....................................

Phone........................ E-mail :..................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg1@yahoo.co.in, www.ratwarasahib.org

40 ਗ੍ਰੇਨ ਤੱਕ ਰੋਜ਼ ਖਵਾਉਣਾ।

9. ਬ੍ਰਾਹਮੀ ਘ੍ਰਿਤ ਖਵਾਉਣਾ।

ਮਿਰਗੀ ਵਾਲੇ ਨੂੰ ਹੇਠ ਲਿਖੇ ਕੁਪੱਥ ਨਹੀਂ ਕਰਨੇ ਚਾਹੀਏ -

ਮਾਸ, ਖਟਿਆਈ, ਕੱਚਾ ਮਿੱਠਾ, ਮਿਰਚਾਂ ਖਾਣੀਆਂ, ਸ਼ਰਾਬ ਪੀਣੀ, ਮੈਥੁਨ, ਕ੍ਰੋਧ, ਚਿੰਤਾ, ਸ਼ੋਕ ਕਰਨਾ, ਬਹੁਤ ਖਾਣਾ ਅਰ ਸੌਣਾ, ਭੈਦਾਇਕ ਉਚੇ ਨੀਵੇਂ ਥਾਵਾਂ ਉਤੇ ਚੜ੍ਹਨਾ ਉਤਰਨਾ, ਸੂਰਜ ਵੱਲ ਤੱਕਣਾ, ਹਨ੍ਹੇਰੀ ਥਾਂ ਅਤੇ ਵਰਖਾ ਵਿਚ ਰਹਿਣਾ, ਘੁੰਮਦੀਆਂ ਚੀਜ਼ਾਂ ਅਰ ਨਦੀ ਦੇ ਵਹਿੰਦੇ ਪਾਣੀ ਵੱਲ ਤੱਕਣਾ।

ਇਸ ਰੋਗ ਵਾਲੇ ਨੂੰ ਸਾਦੀ ਖੁਰਾਕ ਖਾਣੀ ਚਾਹੀਏ। ਸਬਜ਼ੀਆਂ ਅਤੇ ਅੰਜੀਰ ਅੰਗੂਰ ਆਦਿ ਫਲਾਂ ਦਾ ਬਹੁਤਾ ਇਸਤਾਮਾਲ ਕਰਨਾ ਲੋੜੀਏ। ਚਾਉਲ, ਦਲੀਆ, ਦੁੱਧ, ਘਿਉ, ਬਦਾਮਰੋਗਨ, ਗੁਲਕੰਦ, ਪੋਦੀਨੇ ਦੀ ਚਟਣੀ ਦਾ ਖਾਣਾ, ਸ਼ੁਧ ਪੌਣ ਵਿਚ ਫਿਰਨਾ ਅਤੇ ਪ੍ਰਸੰਨ ਰਹਿਣਾ ਗੁਣਕਾਰੀ ਹੈ। ਰੋਗੀ ਨੂੰ ਇਸ ਗੱਲ ਦਾ ਖਾਸ ਖਿਆਲ ਰੱਖਣਾ ਲੋੜੀਏ ਕਿ ਕਦੇ ਕਬਜ਼ ਨਾ ਹੋਣੀ ਪਾਵੇ। 'ਮਿਰਗੀ ਰੋਗ ਹੁਤੋ ਤਿਸ ਭਾਰੀ' (ਗੁਪ੍ਰਸੂ)

**ਮੁਲੱਠੀ** - Glyeyrrhiza glabra ਇਸ ਦੀ ਤਾਸੀਰ ਸਰਦ ਤਰ ਹੈ। ਇਹ ਖਾਂਸੀ ਨਜ਼ਲੇ ਨੂੰ ਹਟਾਉਂਦੀ ਹੈ। ਅੰਤੜੀ ਤੋਂ ਮਲ ਝਾੜਦੀ ਹੈ। ਮੇਦੇ ਦੀ ਸੋਜ ਦੂਰ ਕਰਦੀ ਅਤੇ ਪਿਆਸ ਬੁਝਾਉਂਦੀ ਹੈ। ਪੱਠਿਆਂ ਨੂੰ ਤਾਕਤ ਦਿੰਦੀ ਹੈ। ਫੇਫੜੇ ਅਤੇ ਗਲੇ ਨੂੰ ਸਾਫ ਕਰਦੀ ਹੈ। ਮੁਲੱਠੀ ਨੂੰ ਛਿੱਲੇ ਬਿਨਾਂ ਵਰਤਣਾ ਚੰਗਾ ਨਹੀਂ, ਛਿਲਕਾ ਕਈ ਵਿਕਾਰ ਕਰਦਾ ਹੈ।

*('ਮਹਾਨ ਕੋਸ਼' ਵਿਚੋਂ ਧੰਨਵਾਦ ਸਹਿਤ)*

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਮਹੀਨੇ ਦੇ ਹਰ ਐਤਵਾਰ ਨੂੰ** ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

**ਸੰਗਰਾਂਦ - 14 ਜਨਵਰੀ**, ਦਿਨ ਸ਼ੁਕਰਵਾਰ (ਸਵੇਰ ਦੇ ਸਮੇਂ **7.00** ਵਜੇ ਤੋਂ **9.00** ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ- 18 ਜਨਵਰੀ**, ਦਿਨ ਮੰਗਲਵਾਰ (ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

**ਜ਼ਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।


## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | *ਪੰਜਾਬੀ* | *ਹਿੰਦੀ* |
|---|---|---|
| 1. ਸੁਰਤਿ ਸਬਦਿ ਮਾਰਗ | 50/ | 70/- |
| 2. ਕਿਵ ਕੂੜੈ ਤੁਟੈ ਪਾਲਿ | 40/- | 35/- |
| 3. ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. ਕਿਵ ਸਚਿਆਰਾ ਹੋਈਐ -੧ | 30/- | 35/- |
| 5. ਕਿਵ ਸਚਿਆਰਾ ਹੋਈਐ -੨ | 60/- | 65/- |
| 6. ਕਿਵ ਸਚਿਆਰਾ ਹੋਈਐ - ੩ | 100/- | 100/- |
| 7. ਹੋਵੈ ਅਨੰਦੁ ਘਣਾ | 25/- | 30/- |
| 8. ਚਉਥੈ ਪਹਰਿ ਸਬਾਹ ਕੈ | 55/- | 60/- |
| 9. ਸੁਰਤਿਆਂ ਉਪਜੈ ਚਾਉ | 40/- | 40/- |
| 10. ਬਾਬਾਣੀਆਂ ਕਹਾਣੀਆਂ | 50/- | 50/- |
| 11. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. ਅੰਮ੍ਰਿਤ ਫੁਹਾਰ | 10/- | 10/- |
| 13. ਅਗੰਮ ਅਗੋਚਰ ਦਾ ਮਾਰਗ | 60/- | 70/- |
| 14. ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. ਅਮਰ ਜੋਤਾਂ | 15/- | 15/- |
| 1੬. ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. ਅਮਰ ਗਾਥਾ | 100/- | 100/- |
| 19. ਧਰਮ ਯੁਧ ਕੇ ਚਾਇ | 50/- | |
| 20. ਪਵਿਤਰ ਪੈਂਡਾ | 25/- | |
| 21. ਭਗਤ ਪ੍ਰਹਿਲਾਦ | 10/- | 10/- |
| 22. ਵੈਸਾਖੀ | 10/- | |
| 23. ਰਾਜ ਯੋਗ | 40/- | |
| 24. ਸਾਜਨ ਚਲੇ ਪਿਆਰਿਆ | 10/- | 10/- |
| 25. ਅਬਿਨਾਸੀ ਜੋਤ ਭਾਗ-1 | 90/- | 90/- |
| 26. ਅਬਿਨਾਸੀ ਜੋਤ ਭਾਗ-2 | 90/- | 90/- |
| 27. ਰੂਹਾਨੀ ਗੁਲਦਸਤਾ -1 | 60/- | 60/- |
| 28. ਰੂਹਾਨੀ ਗੁਲਦਸਤਾ - 2 | 60/- | 60/- |
| 29. ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. ਗੁਰੂ ਅਮਰਦਾਸ ਪਰਸੀਐ | 50/- | |
| 32. ਭਗਵਤ ਗੀਤਾ............। | 100/- | |
| 33. ਅਨੰਦਮਈ ਜੀਵਨ ਜਾਚ | 50/- | |
| 34. ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | **25**/- | |
| 35. ਅਨੁਭਵੀ ਪ੍ਰਵਚਨ | 50/- | |
| 36. ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. ਅੰਦਰਲੀ ਖੋਜ | 130/- | |
| 38. ਸਿਮਰਤ ਕਹਾਂ ਨਹੀਂ | 135/- | |
| 39. ਰੂਹਾਨੀ ਪ੍ਰਵਚਨ | 35/- | |
| 41. 'ਸੇਵਾ ਸਿਮਰਨ ਜੁਗਤੀਆਂ' | 150/- | |
| 42. 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. 'ਯੋਗਾ ਉਪਰ ਲੈਕਚਰ', | 30/- | |
| 44. 'ਕਰਮ ਬੰਧਨ ਤੋਂ ਮੁਕਤੀ' :- | 30/- | |
| 45. **ਜੀਵਨ ਜੁਗਤਿ** | **300/-** | |

| **English Version** | **Price** |
|---|---|
| 1. Baisakhi (ਵੈਸਾਖੀ) | Rs. 5/- |
| 2. How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. The Lights Immortal (ਅਮਰ ਜੋਤਾਂ) | Rs. 20/- |
| 10. Transcendental Bliss (ਚਉਥੈ ਪਹਿਰ ਸਬਾਹ ਕੈ) | Rs. 70/- |
| 11. How to Know Thy Real Self-(Vol-1) (ਕਿਵ ਸਚਿਆਰਾ ਹੋਈਐ) | Rs. 80/- |
| 12. How to Know Thy Real Self-(Vol-2) | Rs. 80/- |
| 13. How to Know Thy Real Self-(Vol-3) | Rs. 110/- |
| 14. The Dawn of Khalsa Ideals | Rs. 10/- |
| 15. A Glimpse of His Holiness - Baba ji | Rs. 5/- |
| 16. Divine Word Contemplation Path', (ਸੁਰਤਿ ਸਬਦਿ ਮਾਰਗ) | Rs.150/– |
| 17. The Story of Immortality (ਅਮਰ ਗਾਥਾ) | Rs 260/– |
| 18. Why Not thy Contemplate the Lord ? (ਸਿਮਰਤ ਕਹਾ ਨਹੀਂ ?) | Rs 200/– |